ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 17 | 13 May 2020 to 19 May 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਮਰੀਕਾ ਦੇ 12 ਤੋਂ ਵਧ ਰਾਜਾਂ ਨੇ ਸਟੇਅ ਐਟ ਹੋਮ ਦੇ ਹੁਕਮ ਵਾਪਿਸ ਲਏ

## ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ, ਕੁਲ ਮੌਤਾਂ 83,425

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਨਾਲ 1894 ਹੋਰ ਮੌਤਾਂ ਹੋਈਆਂ ਹਨ ਜਿਨਾਂ ਨਾਲ ਮ੍ਰਿਤਕਾਂ ਦੀ ਕੁਲ ਗਿਣਤੀ 83425 ਹੋ ਗਈ ਹੈ। ਨਵੇਂ ਮਰੀਜ਼ ਆਉਣ ਦੀ ਰਫ਼ਤਾਰ ਪਹਿਲਾਂ ਵਾਂਗ ਹੀ ਜਾਰੀ ਹੈ ਤੇ 22802 ਨਵੇਂ ਮਰੀਜ਼ ਸਾਹਮਣੇ ਆਏ ਹਨ। ਮਰੀਜ਼ਾਂ ਦੀ ਕੁਲ ਗਿਣਤੀ 14,08,636 ਹੋ ਗਈ ਹੈ। ਇਹ ਇਕ ਰਾਹਤ ਦੇਣ ਵਾਲੀ ਖਬਰ ਹੈ ਕਿ ਮੌਤ ਦਰ ਨਿਰੰਤਰ ਘਟ ਰਹੀ ਹੈ ਤੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਧ ਰਹੀ ਹੈ। ਕੁਲ 3,80,171 ਮਰੀਜ਼ਾਂ ਵਿਚੋਂ 2,96,746 ਮਰੀਜ਼ ਠੀਕ ਹੋਏ ਹਨ ਜਿਨਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸ ਤਰਾਂ ਠੀਕ ਹੋਣ ਦੀ ਦਰ 78% ਹੈ ਜਦ ਕਿ ਮੌਤ ਦਰ 22% ਹੈ। ਇਸੇ ਦੌਰਾਨ ਸਟੇਅ ਐਟ ਹੋਮ ਦੇ ਹੁਕਮਾਂ ਵਿਚ ਢਿੱਲ ਦੇਣ ਦਾ ਅਮਲ ਜਾਰੀ ਹੈ ਤੇ 12 ਤੋਂ ਵਧ ਰਾਜ ਇਹ ਹੁਕਮ ਵਾਪਿਸ ਲੈ ਚੁੱਕੇ ਹਨ।

**ਵੈਕਸੀਨ ਦੀ ਖੋਜ਼ ਸੰਭਵ**

ਚੋਟੀ ਦੇ ਸਿਹਤ ਅਧਿਕਾਰੀ ਡਾ ਐਨਥਨੀ ਫੌਕੀ ਨੇ ਕਿਹਾ ਹੈ ਕਿ ਕੋਰੋਨਾਵਾਇਰਸ ਦੀ ਰੋਕਥਾਮ ਲਈ ਵੈਕਸੀਨ ਦੀ ਖੋਜ਼ ਸੰਭਵ ਹੈ ਪਰ ਇਹ ਖੋਜ਼ ਅਗਸਤ ਵਿਚ ਸਕੂਲ ਖੁਲਣ ਤੋਂ ਪਹਿਲਾਂ ਸੰਭਵ ਨਹੀਂ ਹੈ। ਸੈਨੇਟ ਦੇ ਇਕ ਪੈਨਲ ਨੂੰ ਡਾ ਫੌਕੀ ਨੇ ਕਿਹਾ ਕਿ ਸਟੇਅ ਐਟ ਹੋਮ ਪਾਬੰਦੀਆਂ ਵਿਚ ਢਿੱਲ ਬਹੁਤ ਹੀ ਸੋਚ ਸਮਝਕੇ ਦੇਣੀ ਪਵੇਗੀ ਐਲਰਜੀ ਤੇ ਲਾਗ ਦੀਆਂ ਬਿਮਾਰੀਆਂ ਬਾਰੇ ਕੇਂਦਰ ਦੇ ਮੁੱਖੀ ਡਾ ਫੌਕੀ ਚੋਟੀ ਦੇ ਉਨਾਂ 4 ਸਿਹਤ ਅਧਿਕਾਰੀਆਂ ਵਿਚ ਸ਼ਾਮਿਲ ਹਨ ਜਿਨਾਂ ਨੇ ਸਿਹਤ, ਸਿੱਖਿਆ ਤੇ ਲੇਬਰ ਲਈ ਅਰਥਵਿਵਸਥਾ ਖੋਲਣ ਬਾਰੇ ਦਿਸ਼ਾ-ਨਿਰਦੇਸ਼ ਤੈਅ ਕੀਤੇ ਸਨ। ਉਨਾਂ ਕਿਹਾ ਕਿ ਸੰਘੀ ਦਿਸ਼ਾ ਨਿਰਦੇਸ਼ਾਂ ਤੇ ਚਲਦਿਆਂ ਲੋਕਾਂ ਦੇ ਟੈਸਟ ਕਰਨ, ਮਰੀਜ਼ ਦੇ ਸੰਪਰਕ ਵਿਚ ਆਏ ਲੋਕਾਂ ਦਾ ਪਤਾ ਲਾਉਣ ਤੇ ਉਨਾਂਨੂੰ ਇਕਾਂਤਵਾਸ ਵਿਚ ਰਖਣ ਨਾਲ ਕੁਝ ਦੁੱਖ ਝਲਣਾ ਪੈ ਸਕਦਾ ਹੈ ਪਰ ਇਸ ਨਾਲ ਮੌਤਾਂ ਰੋਕੀਆਂ ਜਾ ਸਕਦੀਆਂ ਹਨ।



**ਦਰਜ਼ਨ ਤੋਂ ਵਧ ਰਾਜਾਂ ਨੇ ਪਾਬੰਦੀਆਂ ਹਟਾਈਆਂ:**

ਦਰਜ਼ਨ ਤੋਂ ਵਧ ਰਾਜਾਂ ਦੇ ਗਵਰਨਰਾਂ ਨੇ ਅਰਥਵਿਵਸਥਾ ਉਪਰ ਲੱਗੀਆਂ ਪਾਬੰਦੀਆਂ ਹਟਾ ਲਈਆਂ ਹਨ ਤੇ ਕਾਰੋਬਾਰਾਂ ਨੂੰ ਆਮ ਵਾਂਗ ਕਰਨ ਦੇ ਯਤਨ ਹੋ ਰਹੇ ਹਨ। ਇਨਾਂ ਰਾਜਾਂ ਵਿਚ ਸਟੇਅ ਐਟ ਹੋਮ ਦੇ ਹੁਕਮ ਵਾਪਿਸ ਲੈ ਲਏ ਗਏ ਹਨ। ਹਾਲਾਂ ਕਿ ਨਿਊਯਾਰਕ ਵਰਗੇ ਰਾਜ ਜਿਥੇ ਸਭ ਤੋਂ ਵਧ ਮੌਤਾਂ ਹੋਈਆਂ ਹਨ, ਵਿਚ ਪਾਬੰਦੀਆਂ ਹਟਾਉਣ ਨੂੰ ਲੈ ਕੇ ਚੋਟੀ ਦੇ ਸਿਹਤ ਅਧਿਕਾਰੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਪਰ ਉਥੇ ਵੀ ਪਾਬੰਦੀਆਂ ਵਿਚ ਢਿੱਲ ਦੇਣ ਦੀ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ। ਅਰਕਾਨਸਸ,ਲੋਵਾ, ਨੈਬਰਸਕਾ, ਉਤਰੀ ਡਕੋਤਾ ਤੇ ਦੱਖਣੀ ਡਕੋਤਾ ਅਜਿਹੇ 5 ਰਾਜ ਹਨ ਜਿਥੇ ਨਾ ਰਾਜ ਪੱਧਰ ਤੇ ਨਾ ਸਥਾਨਕ ਪੱਧਰ ਉਪਰ ਪਾਬੰਦੀਆਂ ਲਾਈਆਂ ਗਈਆਂ ਸਨ। ਇਨਾਂ ਰਾਜਾਂ ਵਿਚ ਕਾਰੋਬਾਰੀ ਗਤੀਵਿਧੀਆਂ ਤੇ ਲੋਕਾਂ ਦੀ ਆਵਾਜਾਈ ਆਮ ਵਾਂਗ ਜਾਰੀ ਰਹੀ ਹੈ। ਜਿਨਾਂ ਰਾਜਾਂ ਵਿਚ ਪਾਬੰਦੀਆਂ ਵਾਪਿਸ ਲਈਆਂ ਗਈਆਂ ਹਨ ਉਨਾਂ ਵਿਚ ਅਲਾਬਾਮਾ,ਅਲਾਸਕਾ, ਫਲੋਰੀਡਾ, ਜਾਰਜੀਆ, ਇੰਡਿਆਨਾ, ਕਨਸਾਸਾ, ਮਿਸੀਸਿਪੀ, ਮਿਸੋਰੀ, ਮੋਨਟਾਨਾ, ਸਾਊਥ ਕੈਰੋਲੀਨਾ, ਟੈਨੇਸੀ, ਟੈਕਸਾਸ, ਤੇ ਉਟਾਹ ਸ਼ਾਮਿਲ ਹਨ।

# ਮੁੱਖ ਸਕੱਤਰ ਕਰਨ ਅਵਤਾਰ ਸਿੰਘ ਤੋਂ ਆਬਕਾਰੀ ਵਿਭਾਗ ਦਾ ਚਾਰਜ ਵਾਪਸ ਲਿਆ



**ਚੰਡੀਗੜ੍ਹ/ਏ.ਟੀ.ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਜ਼ੀਰਾਂ ਦੇ ਰੋਹ ਨੂੰ ਮੱਠਾ ਕਰਨ ਲਈ ਅੱਜ ਸੂਬੇ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਤੋਂ ਆਬਕਾਰੀ ਤੇ ਕਰ ਵਿਭਾਗ ਦਾ ਚਾਰਜ ਵਾਪਸ ਲੈ ਲਿਆ ਹੈ। ਜਾਰੀ ਹੁਕਮਾਂ ਅਨੁਸਾਰ ਵਿਭਾਗ ਦਾ ਚਾਰਜ ਹੁਣ ਪ੍ਰਮੁੱਖ ਸਕੱਤਰ ਏ.ਵੇਨੂੰ ਪ੍ਰਸਾਦ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਕੋਲ ਪਹਿਲਾਂ ਜਲ ਸਰੋਤ ਵਿਭਾਗ ਹੈ।

ਸ੍ਰੀ ਵੇਨੂੰ ਪ੍ਰਸਾਦ 20 ਮਈ ਤੱਕ ਛੁੱਟੀ ’ਤੇ ਹਨ ਜਿਸ ਕਰਕੇ ਵਿੱਤ ਵਿਭਾਗ ਦੇ ਪ੍ਰਮੁੱਖ ਸਕੱਤਰ ਅਨਿਰੁੱਧ ਤਿਵਾੜੀ ਨੂੰ ਕਰ ਅਤੇ ਆਬਕਾਰੀ ਮਹਿਕਮੇ ਦਾ ਚਾਰਜ ਦਿੱਤਾ ਗਿਆ ਹੈ। ਮੁੱਖ ਮੰਤਰੀ ਵੱਲੋਂ ਮੁੱਖ ਸਕੱਤਰ ਨੂੰ ਅੱਜ ਦੂਜਾ ਝਟਕਾ ਦਿੱਤਾ ਗਿਆ ਹੈ ਜਦੋਂ ਕਿ ਪਹਿਲਾਂ ਉਨ੍ਹਾਂ ਦੇ ਕੈਬਨਿਟ ਮੀਟਿੰਗ ਵਿੱਚ ਆਉਣ ਦਾ ਰਾਹ ਰੋਕ ਡੱਕ ਦਿੱਤਾ ਗਿਆ ਸੀ। ਹਾਲਾਂਕਿ ਇਹ ਵੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਮੁੱਖ ਸਕੱਤਰ ਤੋਂ ਚਾਰਜ ਵਾਪਸ ਲੈਣ ਦੇ ਫੈਸਲੇ ਨਾਲ ਵਜ਼ੀਰਾਂ ਦੀ ਤਸੱਲੀ ਹੋਵੇਗੀ ਜਾਂ ਨਹੀਂ।

ਦੱਸਣਯੋਗ ਹੈ ਕਿ ਵਜ਼ੀਰਾਂ ਦੀ ਤਿੱਕੜੀ ਅਤੇ ਮੁੱਖ ਸਕੱਤਰ ਦਰਮਿਆਨ ਲੰਘੇ ਦਿਨੀਂ ਹੋਈ ਤਲਖ਼ੀ ਮਗਰੋਂ ਵਜ਼ੀਰਾਂ ਨੇ ਮੁੱਖ ਸਕੱਤਰ ਖ਼ਿਲਾਫ਼ ਮਤਾ ਪਾਸ ਕਰਕੇ ਆਖਰੀ ਫੈਸਲਾ ਲੈਣ ਦੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ ਸਨ

# ਮੋਦੀ ਦੇ ਭਾਸ਼ਣ ਨੇ ਭਾਰਤ ਦੀ ਅਮਰੀਕਾ-ਚੀਨ ਟਕਰਾਅ ਚ ਸ਼ਮੂਲੀਅਤ ਦਾ ਐਲਾਨ ਕੀਤਾ

**ਸੁਖਵਿੰਦਰ ਸਿੰਘ/ ਏ.ਟੀ.ਨਿਊਜ਼:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੀ ਰਾਤ ਕੀਤੇ ਗਏ ਸੰਬੋਧਨ ਵਿਚ ਆਤਮ-ਨਿਰਭਰ ਸ਼ਬਦ ਦਾ ਵਾਰ-ਵਾਰ ਜ਼ਿਕਰ ਕੀਤਾ ਗਿਆ। ਆਪਣੇ ਭਾਸ਼ਣ ਵਿਚ ਹੀ ਮੋਦੀ ਨੇ ਸਪਸ਼ਟ ਕੀਤਾ ਕਿ ਇਸ ਆਤਮ ਨਿਰਭਰਤਾ ਦਾ ਮੰਤਰ ਭਾਰਤ ਦੀ ਨਿਰਮਾਣ ਤਾਕਤ ਨੂੰ ਵਧਾਉਣਾ ਹੈ। ਮੋਦੀ ਨੇ ਕੱਲ੍ਹ ਦੇ ਭਾਸ਼ਣ ਵਿਚ ਕੋਰੋਨਾਵਾਇਰਸ ਨੂੰ ਇਕ ਮਹਾਂਮਾਰੀ ਵਾਂਗ ਨਹੀਂ, ਬਲਕਿ ਭਾਰਤ ਲਈ ਇਕ ਤਰੱਕੀ ਦੇ ਮੌਕੇ ਵਾਂਗ ਪੇਸ਼ ਕੀਤਾ। ਮੋਦੀ ਨੇ ਕਿਹਾ ਕਿ ਇਸ ਕੋਰੋਨਾਵਾਇਰਸ ਨੇ 21ਵੀਂ ਸਦੀ ਵਿਚ ਭਾਰਤ ਦੇ ਵਿਕਾਸ ਦੀ ਬੁਨਿਆਦ ਰੱਖ ਦਿੱਤੀ ਹੈ। ਇਸ ਭਾਸ਼ਣ ਦੇ ਅਰਥ ਘਰੇਲੂ ਤੋਂ ਵੱਧ ਭਾਰਤ ਦੀ ਵਿਦੇਸ਼ ਨੀਤੀ ਨਾਲ ਸਬੰਧਿਤ ਹਨ।

ਨਰਿੰਦਰ ਮੋਦੀ ਦੇ ਭਾਸ਼ਣ ਨਾਲ ਭਾਰਤ ਨੇ ਐਲਾਨੀਆ ਤੌਰ ਤੇ ਚੀਨ-ਅਮਰੀਕਾ ਵਪਾਰ ਯੁੱਧ ਵਿਚ ਅਮਰੀਕਾ ਵਾਲੇ ਪਾਸੇ ਖੜ੍ਹਨ ਦਾ ਫੈਂਸਲਾ ਕਰ ਲਿਆ ਹੈ। ਕੋਰੋਨਾਵਾਇਰਸ ਨਾਲ ਬਣੀਆਂ ਅਣਚਿਤਵੀਆਂ ਕੌਮਾਂਤਰੀ ਸਥਿਤੀਆਂ ਅੰਦਰ ਅਮਰੀਕਾ ਚੀਨ ਦੀ ਆਰਥਿਕ ਤਾਕਤ ਦਾ ਲੱਕ ਤੋੜਨ ਲਈ ਕੌਮਾਂਤਰੀ ਸਪਲਾਈ ਚੇਨ ਤੇ ਚੀਨ ਦੇ ਕਬਜ਼ੇ ਨੂੰ ਤੋੜਨਾ ਚਾਹੁੰਦਾ ਹੈ। ਇਸ ਲਈ ਅਮਰੀਕਾ ਅਤੇ ਜਪਾਨ ਵੱਲੋਂ ਆਪਣੀਆਂ ਕੰਪਨੀਆਂ ਨੂੰ ਚੀਨੀ ਧਰਤੀ ਤੋਂ ਹੋਰ ਖਿੱਤਿਆਂ ਵਿਚ ਤਬਦੀਲ ਕਰਨ ਦੀ ਕਵਾਇਦ ਸ਼ੁਰੂ ਵੀ ਕਰ ਦਿੱਤੀ ਗਈ ਹੈ। ਇਸ ਕਵਾਇਦ ਵਿਚ ਪੱਛਮੀ ਸੱਭਿਅਤਾ ਨਾਲ ਸਬੰਧਿਤ ਯੂਰਪੀ ਮੁਲਕਾਂ ਅਤੇ ਅਸਟ੍ਰੇਲੀਆ ਦੇ ਜਲਦ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਇਹਨਾਂ ਤਬਦੀਲ ਹੋ ਰਹੀਆਂ ਉਦਯੋਗਕ ਇਕਾਈਆਂ ਦਾ ਯੂਰਪ ਜਾਂ ਅਮਰੀਕਾ ਵਿਚ ਵਾਪਸ ਜਾਣਾ ਮੁਮਕਿਨ ਨਹੀਂ। ਇਸ ਲਈ ਪੱਛਮੀ ਸੱਭਿਅਤਾ ਏਸ਼ੀਆ ਵਿਚ ਹੀ ਕਿਸੇ ਨਵੀਂ ਥਾਂ ਦੀ ਚੋਣ ਕਰੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਤੋਂ ਇਹ ਸਪਸ਼ਟ ਹੋ ਰਿਹਾ ਹੈ ਕਿ ਪੱਛਮੀ ਅਤੇ ਚੀਨੀ ਸੱਭਿਅਤਾ ਦੇ ਇਸ ਭੇੜ ਵਿਚ ਭਾਰਤ ਦੀ ਹਿੰਦੂ ਸੱਭਿਅਤਾ ਨੇ ਪੱਛਮੀ ਰਾਹ ਫੜਿਆ ਹੈ। ਅਮਰੀਕਾ ਵੱਲੋਂ ਭਾਰਤ ਨੂੰ ਚੀਨ ਦੀ ਥਾਂ ਗਲੋਬਲ ਸਪਲਾਈ ਚੇਨ ਦਾ ਕੇਂਦਰ ਬਣਾਉਣ ਦਾ ਵਾਅਦਾ ਕੀਤਾ ਗਿਆ ਹੈ, ਜਿਸ ਲਈ ਭਾਰਤ ਕੋਲ ਕਾਫੀ ਹੱਦ ਤਕ ਯੋਗ ਹਾਲਾਤ ਵੀ ਹਨ।

ਵਪਾਰਕ ਯੁੱਧ ਕਿਸੇ ਵੱਡੇ ਫੌਜੀ ਯੁੱਧ ਦਾ ਅਹਿਮ ਕਾਰਕ ਹੁੰਦਾ ਹੈ। ਚੀਨ ਕਈ ਸਾਲਾਂ ਦੇ ਜ਼ੋਰ ਮਗਰੋਂ 21ਵੀਂ ਸਦੀ ਵਿਚ ਵਿਸ਼ਵ ਤਾਕਤ ਬਣਨ ਦੇ ਆਪਣੇ ਚਿਤਵੇ ਸੁਪਨੇ ਨੇੜੇ ਅੱਪੜ ਰਿਹਾ ਸੀ। ਪਰ ਸਦੀ ਦੇ ਦੂਜੇ ਦਹਾਕੇ ਦੇ ਅੰਤਲੇ ਦਿਨਾਂ ਵਿਚ ਇਕ ਵਾਇਰਸ ਨੇ ਹਾਲਾਤਾਂ ਨੂੰ ਜੋ ਚੀਨ ਵਿਰੋਧੀ ਮੋੜ ਦਿੱਤਾ ਤਾਂ ਚੀਨ ਆਪਣੇ ਆਰਥਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਸੀਮਤ ਫੌਜੀ ਤਾਕਤ ਵਰਤਣ ਤੋਂ ਗੁਰੇਜ਼ ਨਹੀਂ ਕਰੇਗਾ। ਇਸ ਦਾ ਇਸ਼ਾਰਾ ਚੀਨ ਆਪਣੇ ਬਿਆਨਾਂ ਵਿਚ ਦੇ ਵੀ ਰਿਹਾ ਹੈ।

ਬੀਤੇ ਕੁੱਝ ਦਿਨਾਂ ਤੋਂ ਭਾਰਤ ਅਤੇ ਚੀਨ ਦਰਮਿਆਨ ਸਿੱਕਮ ਅਤੇ ਲੱਦਾਖ ਵਿਚਲੀ ਵਿਵਾਦਤ ਸਰਹੱਦ ਤੇ ਟਕਰਾਅ ਦੀਆਂ ਵੀ ਖਬਰਾਂ ਆ ਰਹੀਆਂ ਹਨ। ਬੀਤੇ ਕੱਲ੍ਹ ਦੀਆਂ ਰਿਪੋਰਟਾਂ ਮੁਤਾਬਕ ਜ਼ਮੀਨੀ ਟਕਰਾਅ ਦਰਮਿਆਨ ਦੋਵਾਂ ਮੁਲਕਾਂ ਨੇ ਆਪਣੇ ਹਵਾਈ ਜ਼ੋਰ ਵੀ ਅਜ਼ਮਾਏ ਤੇ ਚੀਨ ਵੱਲੋਂ ਹੈਲੀਕਾਪਟਰ ਅਤੇ ਭਾਰਤ ਵੱਲੋਂ ਸੁਖੋਈ ਜੰਗੀ ਜਹਾਜ਼ਾਂ ਨੂੰ ਇਸ ਵਿਵਾਦਤ ਸਰਹੱਦ ਨੇੜੇ ਉਡਾਇਆ ਗਿਆ। ਮੋਦੀ ਵੱਲੋਂ ਭਾਸ਼ਣ ਦੇ ਨੇੜਲੇ ਸਮੇਂ ਹੀ ਅਮਰੀਕਾ ਦੇ ਸਟੇਟ ਸਕੱਤਰ ਮਾਈਕ ਪੌਂਪੀਓ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਗੱਲਬਾਤ ਕੀਤੀ। ਇਸ ਗੱਲਬਾਤ ਵਿਚ ਇਹਨਾਂ ਦੋਵਾਂ ਮੁਲਕਾਂ ਤੋਂ ਇਲਾਵਾ ਅਸਟ੍ਰੇਲੀਆ, ਬਰਾਜ਼ੀਲ, ਇਸਰਾਈਲ, ਜਪਾਨ ਅਤੇ ਦੱਖਣੀ ਕੋਰੀਆ ਸ਼ਾਮਲ ਸਨ। ਇਹਨਾਂ ਦਰਮਿਆਨ ਗੱਲਬਾਤ ਦਾ ਮੁੱਦਾ ਕੋਰੋਨਾਵਾਇਰਸ ਮਹਾਂਮਾਰੀ ਨਾਲ ਬਣੇ ਕੌਮਾਂਤਰੀ ਹਾਲਾਤਾਂ ਵਿਚ ਚੀਨ ਨੂੰ ਸਾਂਝੀ ਟੱਕਰ ਦੇਣਾ ਸੀ।

ਅਮਰੀਕਾ-ਚੀਨ ਦਰਮਿਆਨ ਲੱਗ ਚੁੱਕੀ ਇਹ ਵਪਾਰਕ ਜੰਗ ਜੇ ਫੌਜੀ ਜੰਗ ਦਾ ਰੂਪ ਲੈਂਦੀ ਹੈ ਤਾਂ ਉਸਦੇ ਦੋ ਸੰਭਾਵਤ ਕੇਂਦਰ ਮੰਨੇ ਜਾ ਰਹੇ ਹਨ: ਇਕ ਦੱਖਣ-ਪੂਰਬੀ ਏਸ਼ੀਆਂ ਅਤੇ ਦੂਜਾ ਦੱਖਣੀ ਏਸ਼ੀਆ। ਦੱਖਣ ਪੂਰਬ ਵਿਚ ਤਾਈਵਾਨ ਅਮਰੀਕਾ ਦਾ ਭਾਈਵਾਲ ਅਤੇ ਚੀਨ ਦਾ ਸ਼ਰੀਕ ਹੈ ਜਦਕਿ ਦੱਖਣ ਵਿਚ ਭਾਰਤ ਅਮਰੀਕਾ ਦਾ ਭਾਈਵਾਲ ਹੈ। ਇਹਨਾਂ ਦੋਵਾਂ ਕੇਂਦਰਾਂ ਵਿਚੋਂ ਕਿਸੇ ਵੀ ਥਾਂ ਕਿਸੇ ਵੀ ਸਮੇਂ ਕਿਸੇ ਵੀ ਧਿਰ ਵੱਲੋਂ ਕੀਤੀ ਪਹਿਲ ਨਾਲ 21ਵੀਂ ਸਦੀ ਦੀ ਵਪਾਰਕ ਜੰਗ ਫੌਜੀ ਜੰਗ ਵਿਚ ਤਬਦੀਲ ਹੋ ਸਕਦੀ ਹੈ। ਇਸ ਦੇ ਨਾਲ ਸੰਭਾਵਨਾ ਇਹ ਵੀ ਹੈ ਕਿ ਸਿੱਧੀ ਜੰਗ ਦੀ ਬਜਾਏ, ਇਕ ਦੂਜੇ ਨੂੰ ਕਮਜ਼ੋਰ ਕਰਨ ਲਈ ਇਹ ਤਾਕਤਾਂ ਇਹਨਾਂ ਖਿੱਤਿਆਂ ਵਿਚਲੇ ਰਾਜਸੀ ਵਿਰੋਧਾਂ ਨੂੰ ਹਵਾ ਦੇਣ। ਇਸ ਨਾਲ ਕੌਮੀ ਅਜ਼ਾਦੀਆਂ ਲਈ ਚੱਲ ਰਹੀਆਂ ਲਹਿਰਾਂ ਨੂੰ ਮਜ਼ਬੂਤੀ ਮਿਲ ਸਕਦੀ ਹੈ।

ਹੁਣ ਇਹ ਸਪਸ਼ਟ ਹੈ ਕਿ ਅਮਰੀਕਾ-ਰੂਸ ਦੀ ਠੰਡੀ ਜੰਗ ਤੋਂ ਬਾਅਦ ਇਕ ਵਾਰ ਫੇਰ ਵਿਸ਼ਵ ਦੇ ਰਾਜਨੀਤਕ ਪ੍ਰਬੰਧ ਦੀ ਤਾਕਤ ਵੰਡ ਵਿਚ ਤਬਦੀਲੀਆਂ ਹੋਣ ਲਈ ਰਾਹ ਖੁੱਲ੍ਹ ਗਿਆ ਹੈ। ਇਸ ਖੁੱਲ੍ਹੇ ਪਟਾਰੇ ਵਿਚੋਂ ਕਿਸ ਲਈ ਕੀ ਨਿਕਲਦਾ ਹੈ, ਇਹ ਹਰ ਸੱਭਿਅਤਾ ਦੇ ਆਗੂਆਂ ਦੀ ਸਮਝ, ਸਿਆਣਪ ਤੇ ਨਿਰਭਰ ਕਰੇਗਾ। ਇਹ ਰਾਜਨੀਤਕ ਹਾਲਾਤ ਕਈ ਦਹਾਕਿਆਂ ਤੋਂ ਦੱਬੀਆਂ ਰਾਜਨੀਤਕ ਪਛਾਣਾਂ ਨੂੰ ਵੀ ਤਾਕਤ ਹਾਸਲ ਕਰਨ ਦਾ ਮੌਕਾ ਦੇਣਗੇ।
















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੭ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਵਾਸ਼ਿੰਗਟਨ ਡੀ. ਸੀ. ਵਿੱਚ 4 ਜੁਲਾਈ ਨੂੰ ਹੋਣ ਵਾਲੀ ਅਜ਼ਾਦੀ ਦਿਵਸ ਪਰੇਡ ਰੱਦ

## ਸਿੱਖਸ ਆਫ ਅਮਰੀਕਾ ਟੈਲੀ-ਕਾਨਫਰੰਸ ਰਾਹੀ ਅਗਲੇ ਪ੍ਰੋਗਰਾਮ ਦੀ ਰਣਨੀਤੀ ਬਣਾਵੇਗਾ : ਜੱਸੀ

**ਵਾਸ਼ਿੰਗਟਨ ਡੀ. ਸੀ./ਰਾਜ ਗੋਗਨਾ:** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਵਿਖੇਂ ਹਰ ਸਾਲ ਅਜ਼ਾਦੀ ਦਿਵਸ ਪਰੇਡ ਜੋ 4 ਜੁਲਾਈ ਨੂੰ ਕੱਢੀ ਜਾਂਦੀ ਸੀ। ਜਿਸ ਨੂੰ ਵੇਖਣ ਲਈ ਪੂਰੇ ਅਮਰੀਕਾ ਤੋਂ ਤਕਰੀਬਨ ਦੋ ਮਿਲੀਅਨ ਦੇ ਕਰੀਬ ਲੋਕ ਇਸ ਦਾ ਨਜ਼ਾਰਾ ਲੈਂਦੇ ਸਨ,ਜਿਸ ਨੂੰ ਸਿੱਖਸ ਆਫ ਅਮਰੀਕਾ ਸੰਸਥਾ ਵੀ ਦਸਤਾਰਧਾਰੀ ਸਿੱਖਾਂ ਦੀ ਸ਼ਮੂਲੀਅਤ ਕਰਵਾਉਂਦੀ ਆ ਰਹੀ ਸੀ। ਜਿਸ ਵਿੱਚ ਇੱਕ ਫਲੋਟ ਵੀ ਸਿੱਖਾਂ ਦੀ ਪਹਿਚਾਣ ਲਈ ਸ਼ਾਮਲ ਕੀਤਾ ਜਾਂਦਾ ਸੀ ਜੋ ਸਿੱਖੀ ਪਹਿਚਾਣ ਅਤੇ ਸਿੱਖਾਂ ਦੀਆਂ ਕਾਰਗੁਜ਼ਾਰੀਆਂ ਤੋਂ ਇਲਾਵਾ ਇਹਨਾਂ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦਾ ਫਲੋਟ ਵੱਖਰੀ ਛਾਪ ਛੱਡਦਾ ਸੀ। ਜਿਸ ਨੂੰ ਗੋਰੇ-ਗੋਰੀਆਂ ਵੇਖ ਸਿੱਖਾਂ ਪ੍ਰਤੀ ਜਾਗਰੂਕ ਹੁੰਦੇ ਸਨ, ਪਰ ਅਫਸੋਸ ਹੈ ਕਿ ਕੋਰੋਨਾ ਵਾਇਰਸ ਦੇ ਪ੍ਰਕੋਪ ਨੇ ਅਮਰੀਕਾ ਦੇ ਅਜ਼ਾਦੀ ਦਿਵਸ 4 ਜੁਲਾਈ ਦੀ ਪਰੇਡ ਨੂੰ ਮਨਸੂਖ ਕਰ ਗਿਆ।

ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਦੱਸਿਆ ਕਿ 2020 ਦੀ ਅਜ਼ਾਦੀ ਦਿਵਸ ਪਰੇਡ ਜੋ 4 ਜੁਲਾਈ ਨੂੰ ਕੱਢੀ ਜਾਂਦੀ ਸੀ, ਉਸ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਨੂੰ ਰੱਦ ਕਰਨ ਦਾ ਮੁੱਖ ਕਾਰਨ ਕੋਰੋਨਾ ਵਾਇਰਸ ਹੈ। ਉਹਨਾਂ ਕਿਹਾ ਕਿ ਇਸ ਸਬੰਧੀ ਇੱਕ ਟੈਲੀ ਕਾਨਫਰੰਸ ਕੀਤੀ ਜਾਵੇਗੀ, ਜਿਸ ਵਿੱਚ ਸਾਰੇ ਡਾਇਰੈਕਟਰਾਂ ਨੂੰ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਅਗਲੇ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੱਤੀ ਜਾ ਸਕੇ।ਸ: ਕੰਵਲਜੀਤ ਸਿੰਘ ਸੋਨੀ ਪ੍ਰਧਾਨ ਸਿੱਖਸ ਆਫ ਅਮਰੀਕਾ ਨੇ ਦੱਸਿਆ ਕਿ ਸਿੱਖ ਕਮਿਊਨਿਟੀ ਸਿੱਖਸ




ਆਫ ਅਮਰੀਕਾ ਸੰਸਥਾ ਦੇ ਬੈਨਰ ਹੇਠ ਕੋਰੋਨਾਵਾਇਰਸ ਬਿਮਾਰੀ ਦੀ ਰੋਕਥਾਮ ਲਈ ਕਈ ਕਾਰਜ ਕਰ ਰਹੀ ਹੈ, ਤਾਂ ਜੋ ਇਸ ਤੋਂ ਮੁਕਤੀ ਪਾਈ ਜਾ ਸਕੇ। ਉਹਨਾਂ ਕਿਹਾ ਕਿ ਸਾਡੇ ਜੁਝਾਰੂ ਵਰਕਰ ਮਾਸਕ, ਬਿਮਾਰੀ ਦੀ ਜਾਗਰੂਕਤਾ ਲਈ ਲਿਟਰੇਚਰ ਅਤੇ ਜਾਗਰੂਕ ਪ੍ਰੋਗਰਾਮ ਜ਼ਮੀਨੀ ਪੱਧਰ ਤੇ ਬਹੁਤ ਹੀ ਸੁਲਝੇ ਢੰਗ ਨਾਲ ਕਰ ਰਹੇ ਹਨ ਜਿਸ ਦਾ ਕਮਿਊਨਿਟੀ ਖ਼ੂਬ ਲਾਹਾ ਲੈ ਰਹੀ ਹੈ। ਉਹਨਾਂ ਕਿਹਾ ਕਿ ਪ੍ਰਬੰਧਕਾਂ ਵਲੋਂ ਪਰੇਡ ਨੂੰ ਰੱਦ ਕਰਨ ਦਾ ਫੈਸਲਾ ਦਰੁਸਤ ਹੈ।ਅਤੇ ਸਿੱਖਸ ਆਫ ਅਮਰੀਕਾ ਪਰੇਡ ਤੇ ਹੋਣ ਵਾਲੇ ਖਰਚੇ ਨੂੰ ਹੁਣ ਸਮਾਜਿਕ ਕੰਮਾਂ ਤੇ ਲਗਾਵੇਗੀ ਤਾਂ ਜੋ ਕਮਿਊਨਿਟੀ ਨੂੰ ਜਾਗਰੂਕ ਕੀਤਾ ਜਾ ਸਕੇ।

ਇਸ ਮੌਕੇ ਬਲਜਿੰਦਰ ਸਿੰਘ ਸ਼ੰਮੀ, ਸਰਬਜੀਤ ਸਿੰਘ ਬਖਸ਼ੀ, ਸਾਜਿਦ ਤਰਾਰ, ਸੁਰਿੰਦਰ ਸਿੰਘ ਰਹੇਜਾ, ਮਨਿੰਦਰ ਸਿੰਘ ਸੇਠੀ, ਚੱਤਰ ਸਿੰਘ ਸੈਣੀ, ਗੁਰਚਰਨ ਸਿੰਘ, ਗੁਰਿੰਦਰ ਸਿੰਘ ਸੇਠੀ ਅਤੇ ਡਾ. ਸੁਰਿੰਦਰ ਸਿੰਘ ਗਿੱਲ ਸਮੂੰਹ ਡਾਇਰੈਕਟਰਾਂ ਵਲੋਂ ਪਰੇਡ ਦੇ ਪ੍ਰਬੰਧਕਾਂ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਚੇਅਰਮੈਨ ਜਸਦੀਪ ਸਿੰਘ ਜੱਸੀ ਵਲੋਂ ਟੈਲੀਕਾਨਫਰੰਸ ਦੀ ਅਗਲੀ ਰਣਨੀਤੀ ਬਣਾਉਣ ਦੇ ਲਏ ਫੈਸਲੇ ਦੀ ਸ਼ਲਾਘਾ ਕੀਤੀ।ਸ: ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ ਅਮਰੀਕਾ ਕੋਰੋਨਾਵਾਇਰਸ ਦੀ ਭੇਂਟ ਚੜਨ ਵਾਲਿਆਂ ਤੇ ਡੂੰਘਾ ਅਫਸੋਸ ਪ੍ਰਗਟ ਕਰਦਾ ਹੈ। ਅਤੇ ਇਸ ਦੇ ਨਾਲ-ਨਾਲ ਵੱਖ-ਵੱਖ ਕਮਿਊਨਿਟੀਆਂ ਨੂੰ ਅਪੀਲ ਕਰਦਾ ਹੈ ਕਿ ਸਰਕਾਰ ਵਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਕੇ ਆਪਣੇ ਆਪ ਨੂੰ ਬਚਾਇਆ ਜਾਵੇ। ਕਿਉਂਕਿ ਜੇ ਜਾਨ ਹੈ ਤਾਂ ਜਹਾਨ ਹੈਂ। ਸੋ ਅਸੀਂ ਸਮੂੰਹ ਸਿੱਖਸ ਆਫ ਅਮਰੀਕਾ ਦੇ ਅਹੁਦੇਦਾਰ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਇਸ ਮਹਾਂਮਾਰੀ ਤੋਂ ਮੁਕਤ ਕਰੇ ਤੇ ਆਮ ਜਨ -ਜੀਵਨ ਉਸੇ ਤਰਾਂ ਬਸਰ ਕਰਨ ਦੀ ਬਖਸ਼ਿਸ਼ ਕਰੇ।

# ਕਬੱਡੀ ਖਿਡਾਰੀ ਦਾ ਕਾਤਲ ਥਾਣੇਦਾਰ ਸਖਤ ਸਜਾ ਦਾ ਹੱਕਦਾਰ : ਯੂਨਾਈਟਿਡ ਖਾਲਸਾ ਦਲ

**ਲੰਡਨ/ਏ.ਟੀ.ਨਿਊਜ਼:** ਪੰਜਾਬ ਦੇ ਪਿੰਡ ਲੱਖਣ ਕੇ ਪੱਡਾ ਵਿਖੇ ਠੀਕਰੀ ਪਹਿਰਾ ਦੇ ਰਹੇ ਕਬੱਡੀ ਖਿਡਾਰੀ ਅਰਵਿੰਦਰਜੀਤ ਸਿੰਘ ਦੇ ਕਤਲ ਦੀ ਯੂਨਾਈਟਿਡ ਖਾਲਸਾ ਦਲ ਯੂ.ਕੇ, ਵਲੋਂ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਨੌਜਵਾਨ ਅਰਵਿੰਦਰ ਸਿੰਘ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅਰਦਾਸ ਕੀਤੀ ਗਈ ਕਿ ਕਬੱਡੀ ਦੇ ਕੌਮਾਂਤਰੀ ਖਿਡਾਰੀ ਅਰਵਿੰਦਰਜੀਤ ਸਿੰਘ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਨੌਜਵਾਨ ਅਰਵਿੰਦਰਜੀਤ ਸਿੰਘ ਨੂੰ ਕਤਲ ਕਰਨ ਅਤੇ ਉਸਦੇ ਸਾਥੀ ਨੂੰ ਜਖਮੀਂ ਕਰਨ ਵਾਲੇ ਬੁੱਚੜ ਸਹਾਇਕ ਸਬ ਇੰਸਪੈਕਟਰ ਪਰਮਜੀਤ ਸਿੰਘ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਗੱਲ ਕੀਤੀ ਹੈ । ਜਿਹੜੇ ਲੋਕਾਂ ਨੇ ਪਟਿਆਲਾ ਵਿਖੇ ਵਾਪਰੀ ਘਟਨਾ ਨੂੰ ਅਧਾਰ ਬਣਾ ਕੇ ਪੁਲਿਸ ਦਟ ਹੱਕ ਅਤੇ ਨਿਹੰਗ ਸਿੰਘਾਂ ਖਿਲਾਫ ਬੜਾ ਕੁੱਝ ਬੋਲਿਆ ਸੀ ਅੱਜ ਉਹਨਾਂ ਦੀ ਬੰਦ ਜੁਬਾਨ ਵੀ ਕਈ ਤਰਾਂ ਦੇ ਦਵਾਲੀਆ ਚਿੰਨ ਲਗਾ ਰਹੀ ਹੈ । ਨਿਹੰਗ ਸਿੰਘਾਂ ਨਾਲ ਹੋਈ ਲੜਾਈ ਵਿੱਚ ਹੱਥ ਵਢਾਉਣ ਵਾਲੇ ਥਾਣੇਦਾਰ ਦੇ ਹੱਕ ਵਿੱਚ ਖੜਦਿਆਂ ਜਿਹਨਾਂ ਫਿਲਮੀ ਐਕਟਰਾਂ,ਗਾਇਕਾਂ, ਨਾਚਾਰਾਂ, ਸਿਆਸੀ ਬਟੇਰਿਆਂ ਨੇ ਖੁਦ ਨੂੰ ਹਰਜੀਤ ਸਿੰਘ ਆਖਿਆ



ਸੀ ,ਅੱਜ ਉਹ ਕਿਸੇ ਨਿਰਦੋਸ਼ ਨੌਜਵਾਨ ਦੇ ਕਤਲ ਨੂੰ ਵੇਖ ਕੇ ਮੋਨ ਵਰਤ ਧਾਰਨ ਕਰ ਗਏ ਹਨ ਜੋ ਕਿ ਇਹਨਾਂ ਲੋਕਾਂ ਦੀ ਦੋਗਲੀ ਨੀਤੀ ਅਤੇ ਫਿਰਕੂ ਰਵੱਈਏ ਦੀ ਮਿਸਾਲ ਹੈ । ਮਿਸਟਰ ਫੂਲਕਾ ਵਰਗੇ ਜਿਹੜੇ ਇੱਕ ਪੁਲਸੀਏ ਦਾ ਕੇਵਲ ਹੱਥ ਵੱਢੇ ਜਾਣ ਤੇ ਨਿਹੰਗ ਸਿੰਘਾਂ ਵਾਸਤੇ ਫਾਸਟ ਟਰੈਕ ਅਦਾਲਤ ਰਾਹੀਂ ਉਮਰ ਕੈਦ ਦੀ ਮੰਗ ਕਰਦੇ ਸੀ ਕੀ ਉਹ ਦੱਸਣਗੇ ਕਿ ਇਸ ਸਹਾਇਕ ਸਬ ਇੰਸਪੈਕਟਰ ਕਾਤਲ ਪਰਮਜੀਤ ਸਿੰਘ ਨੂੰ ਕਿਹੜੀ ਅਦਾਲਤ ਰਾਹੀਂ ਕੀ ਸਜਾ ਮਿਲਣੀ ਚਾਹੀਦੀ ਹੈ । ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਆਖਿਆ ਗਿਆ ਕਿ ਇਹੋ ਜਿਹੇ ਬੁੱਚੜਾਂ ਨੂੰ ਕੇਵਲ ਫਾਂਸੀ ਦੀ ਸਜਾ ਹੋਣੀ ਚਾਹੀਦੀ ਹੈ । ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਇਸ ਵਕਤ ਭਾਰਤ ਦੇ ਹਿੰਦੂਤਵੀ ਅਤੇ ਫਿਰਕਾਪ੍ਰਸਤ ਮੀਡੀਏ ਦੀ ਸਖਤ ਅਲੋਚਨਾ ਕੀਤੀ ਗਈ ਹੈ । ਇੱਕ ਵਿਆਕਤੀ ਦਾ ਹੱਥ ਵੱਢੇ ਜਾਣ ਤੇ ਸਾਰਾ ਦਿਨ ਬਰੇਕਿੰਗ ਨਿਊਜ਼ ਅਤੇ ਕਈ ਦਿਨ ਉਸ ਤੇ ਚਰਚਾਵਾਂ ਕਰਨ ਵਾਲਾ ਮੀਡੀਆ ਹੁਣ ਇੱਕ ਨਿਰਦੋਸ਼ ਨੌਜਵਾਨ ਦੇ ਕਤਲ ਤੇ ਬਿਲਕੁਲ ਚੱਪ ਹੈ ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਫਿਲ ਮਰਫੀ ਨੇ ਕੋਰੋਨਾ ਦੀ ਲਪੇਟ 'ਚ ਆਏ ਭਾਰਤੀ ਅਮਰੀਕੀ ਡਾਕਟਰ ਪਿਉ-ਧੀ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ




**ਨਿਊਜਰਸੀ/ਰਾਜ ਗੋਗਨਾ:** ਬੀਤੇਂ ਦਿਨ ਨਿਊਜਰਸੀ ਰਾਜ ਦੇ ਰਾਜਪਾਲ ਫਿਲ ਮਰਫੀ ਨੇ ਦੋ ਹੋਰ ਅਮਰੀਕੀ ਡਾਕਟਰਾਂ ਦੀ ਸ਼ਲਾਘਾ ਕੀਤੀ ਜਿੰਨਾਂ ਦੀ ਮੌਤ ਦੂਸਰਿਆਂ ਦੀ ਦੇਖਭਾਲ ਕਰਨ ਦੇ ਨਿਰਸੁਆਰਥ ਸਮਰਪਣ ਕਾਰਨ ਹੋਈ ਸੀ।ਜੋ ਕੋਰੋਨਾ ਦੇ ਮਰੀਜ਼ਾਂ ਨੂੰ ਬਚਾਉਦੇ ਹੋਏ ਖ਼ੁਦ ਕੋਰੋਨਾ ਦੀ ਭੇਟ ਚੜ ਗਏ ਅਤੇ ਮੌਤ ਦੇ ਗਲੇ ਜਾ ਲੱਗੇ । ਸੰਕਰਮਿਤ ਮਰੀਜ਼ਾਂ ਦਾ ਇਲਾਜ ਕਰਦੇ ਸਮੇਂ ਇਸ ਮਾਰੂ ਬਿਮਾਰੀ ਦੇ ਲੱਗਣ ਤੋਂ ਬਾਅਦ ਪਿਤਾ ਅਤੇ ਧੀ ਦੀ ਮੌਤ ਹੋ ਗਈ ਸੀ ਮਰਫੀ ਨੇ ਲੰਘੀ 7 ਮਈ ਨੂੰ ਕਿਹਾ ਕਿ ਸਤੇਂਦਰ ਦੇਵ ਖੰਨਾ ਅਤੇ ਉਨਾਂ ਦੀ ਧੀ ਪ੍ਰਿਆ ਖੰਨਾ ਨੇ "ਆਪਣੀ ਜ਼ਿੰਦਗੀ ਦੂਜਿਆਂ ਦੀ ਸਹਾਇਤਾ ਲਈ ਸਮਰਪਿਤ ਕੀਤੀ ਹੈ ਅਤੇ ਅਸੀਂ ਦੋਵਾਂ ਨੂੰ ਕੋਵੀਡ -19 ਵਿੱਚ ਗੁਆ ਦਿੱਤਾ।ਉਹ ਪੰਜ ਡਾਕਟਰਾਂ ਦੇ ਇੱਕ ਪਰਿਵਾਰ ਦਾ ਹਿੱਸਾ ਸਨ। "ਮੈਨੂੰ ਉਮੀਦ ਹੈ ਕਿ ਇਹ ਤੱਥ ਕਿ ਸਾਡਾ ਪੂਰਾ ਰਾਜ ਉਨਾਂ ਲਈ ਸੋਗ ਕਰਦਾ ਹੈ ਇਸ ਔਖੀ ਘੜੀ ਵਿੱਚ ਅਸੀਂ ਪਰਿਵਾਰ ਨੂੰ ਦਿਲਾਸਾ ਦਿੰਦਾ ਹਾਂ।ਰਾਜਪਾਲ ਨੇ ਅੱਗੇ ਦੱਸਿਆ ਕਿ ਸਤਿੰਦਰ ਖੰਨਾ ਇਕ ਪਾਇਨੀਅਰ ਡਾਕਟਰ ਸੀ ਅਤੇ ਨਿਊਜਰਸੀ ਵਿੱਚ ਲੈਪਰੋਸਕੋਪਿਕ ਸਰਜਰੀ ਕਰਨ ਵਾਲੇ ਪਹਿਲੇ ਸਰਜਨਾਂ ਵਿਚੋਂ ਉਸ ਦਾ ਇਕ ਨਾਮ ਸੀ।ਮਰਫੀ ਨੇ ਕਿਹਾ ਕਿ ਉਸਨੇ ਕਈ ਹਸਪਤਾਲਾਂ ਵਿੱਚ ਦਹਾਕਿਆਂ ਤੋਂ ਸਰਜੀਕਲ ਵਿਭਾਗਾਂ ਦੇ ਮੁੱਖੀ ਵਜੋਂ ਕੰਮ ਕੀਤਾ ਅਤੇ ਕਲੇਰਾ ਮਾਸ ਮੈਡੀਕਲ ਸੈਂਟਰ ਵਿੱਚ ਉਸਦੀ ਮੌਤ ਹੋ ਗਈ, ਜਿੱਥੇ ਉਸ ਨੇ ਆਪਣੀ ਜ਼ਿੰਦਗੀ ਦੇ 35 ਸਾਲਾਂ ਤੋਂ ਕੰਮ ਕੀਤਾ ਸੀ। 78 ਸਾਲਾ ਸਤਿੰਦਰ ਖੰਨਾ 1964 ਵਿਚ ਨਵੀਂ ਦਿੱਲੀ ਦੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਤੋਂ ਗ੍ਰੈਜੂਏਟ ਹੋਏ ਸਨ।ਮਰਫੀ ਨੇ ਕਿਹਾ ਕਿ ਉਸ ਦੇ ਸਹਿਯੋਗੀ ਉਸਨੂੰ "ਇੱਕ ਕੋਮਲ ਅਤੇ ਦੇਖਭਾਲ ਕਰਨ ਵਾਲੇ ਮਾਹਿਰ ਡਾਕਟਰ" ਵਜੋਂ ਯਾਦ ਕਰਦੇ ਹਨ।ਕੈਂਸਰ ਹੈਲਥ ਨਿਊਜ ਦੇ ਅਨੁਸਾਰ, ਪ੍ਰਿਆ ਖੰਨਾ ਦੀ ਭੈਣ ਨੇ ਵੀ ਟਵਿੱਟਰ 'ਤੇ ਅਪੀਲ ਕੀਤੀ ਸੀ ਕਿ ਪਲਾਜ਼ਮਾ ਦਾਨੀਆਂ ਨੂੰ ਮੇਰੀ ਸੁੰਦਰ ਨੌਜਵਾਨ ਭੈਣ ਲਈ ਫੌਰੀ ਜ਼ਰੂਰਤ ਸੀ । ਜਿਸ ਨੇ ਆਪਣਾ ਜੀਵਨ ਦੂਜਿਆਂ ਦੀ ਸਹਾਇਤਾ ਲਈ ਸਮਰਪਿਤ ਕੀਤਾ,ਅਤੇ ਇੱਕ ਦਿਨ ਦੇ ਅੰਦਰ ਇੱਕ ਦਾਨੀ ਲੱਭ ਲਿਆ ਗਿਆ। ਪਰ ਉਸ ਦੀ ਲੰਘੀ 13 ਅਪ੍ਰੈਲ ਨੂੰ ਕਲੇਰਾ ਮਾਸ ਮੈਡੀਕਲ ਸੈਂਟਰ ਵਿਖੇ ਹੀ ਮੌਤ ਹੋ ਗਈ ਅਤੇ ਉਸ ਦੇ ਪਿਤਾ ਲੰਘਦੀ 21 ਅਪ੍ਰੈਲ ਨੂੰ ਸਦਾ ਲਈ ਅਲਵਿਦਾ ਕਹਿ ਗਏ।ਪ੍ਰਿਆ ਖੰਨਾ, 43, ਨੈਫਰੋਲੋਜਿਸਟ ਸੀ, ਜਿਸ ਨੇ ਸੰਨ 2003 ਵਿੱਚ ਕੰਸਾਸ ਸਿਟੀ ਸਕੂਲ ਆਫ਼ ਮੈਡੀਸਨ ਤੋਂ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ ਸੀ।ਮਰਫੀ ਨੇ ਕਿਹਾ ਕਿ ਉਹ ਦੋ ਡਾਇਲਸਿਸ ਕੇਂਦਰਾਂ ਵਿੱਚ ਮੈਡੀਕਲ ਡਾਇਰੈਕਟਰ ਸੀ ਅਤੇ ਸਿੱਖਿਅਤ ਡਾਕਟਰ ਵੀ ਸੀ।ਉਹਨਾਂ ਕਿਹਾ ਕਿ ਉਹ "ਅਗਲੀਆਂ ਪੀੜੀਆ ਦੇ ਡਾਕਟਰਾਂ ਨੂੰ ਪੜਾਉਣ ਵਿੱਚ ਮਾਣ ਮਹਿਸੂਸ ਕਰ ਰਹੀ ਸੀ ਅਤੇ ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਆਈ.ਸੀ.ਯੂ. (ਇੰਟੈਂਸਿਵ ਕੇਅਰ ਯੂਨਿਟ) ਦਾ ਡਾਕਟਰ ਜਿਸ ਨੇ ਉਸ ਦੀ ਦੇਖਭਾਲ ਕੀਤੀ ਸੀ, ਉਸਨੂੰ ਸਿਖਲਾਈ ਦਿੱਤੀ ਗਈ ਸੀ ਅਤੇ ਸਿਖਾਇਆਤ ਵੀ ਕੀਤਾ ਗਿਆ ਸੀ।ਪ੍ਰਿਆ ਨੂੰ ਇੱਕ ਸੰਭਾਲ ਕਰਨਹਾਰ ਅਤੇ ਨਿਰਸਵਾਰਥ ਵਿਅਕਤੀ ਵਜੋਂ ਹਮੇਸ਼ਾ ਯਾਦ ਕੀਤਾ ਜਾਵੇਗਾ ਜਿਸ ਨੇ ਦੂਜਿਆਂ ਨੂੰ ਪਹਿਲ ਦਿੱਤੀ।ਮਰਫੀ ਨੇ ਕਿਹਾ ਕਿ ਉਸ ਨੇ 7 ਮਈ ਨੂੰ ਸਤਿੰਦਰ ਖੰਨਾ ਦੀ ਪਤਨੀ ਕਮਲੇਸ਼ ਖੰਨਾ ਨਾਲ ਵੀ ਸੋਗ ਪ੍ਰਗਟ ਕਰਨ ਲਈ ਗੱਲਬਾਤ ਕੀਤੀ ਸੀ।ਉਨਾਂ ਕਿਹਾ ਕਿ ਕਮਲੇਸ਼ ਅਤੇ ਸਤਿੰਦਰ ਖੰਨਾ ਦੀਆਂ ਦੋ ਹੋਰ ਬੇਟੀਆਂ ਵੀ ਡਾਕਟਰ ਹਨ।ਜਿੰਨਾਂ ਦੇ ਨਾਂਅ ਸੁਗੰਧਾ ਖੰਨਾ ਇਕ ਐਮਰਜੈਂਸੀ ਡਾਕਟਰ ਹੈ, ਅਤੇ ਅਨੀਸ਼ਾ ਖੰਨਾ ਇਕ ਬਾਲ ਰੋਗ ਦੀ ਵਿਗਿਆਨੀ ਹੈ।

# ਕੋਰੋਨਾਵਾਇਰਸ ਵਾਈਟ ਹਾਊਸ ਦੇ ਅੰਦਰੂਨੀ ਘੇਰੇ ਵਿਚ ਪੁੱਜਾ

## ਉਪ ਰਾਸ਼ਟਰਪਤੀ ਦੀ ਬੁਲਾਰਨ ਵੀ ਕੋਰੋਨਾ ਪੀੜਤ ਨਿਕਲੀ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਕੋਰੋਨਾਵਾਇਰਸ ਵਾਈਟ ਹਾਊਸ ਦੇ ਅੰਦਰੂਨੀ ਘੇਰੇ ਵਿਚ ਵੀ ਪੁੱਜ ਗਿਆ ਹੈ। ਬੀਤੇ ਦਿਨ ਰਾਸ਼ਟਰਪਤੀ ਦੇ ਇਕ ਨਿੱਜੀ ਮੁਲਾਜ਼ਮ ਦੇ ਕੋਰੋਨਾ ਪੀੜਤ ਹੋਣ ਉਪਰੰਤ ਉਪ ਰਾਸ਼ਟਰਪਤੀ ਦੀ ਸਪੋਕਸਵੋਮੈਨ ਕੋਰੋਨਾ ਪੀੜਤ ਨਿਕਲੀ ਹੈ। ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਸਮੇਤ ਅਹਿਮ ਵਿਅਕਤੀਆਂ ਨੂੰ ਸੁਰੱਖਿਆ ਘੇਰਾ ਦੇਣ ਵਾਲੀ ਅਮਰੀਕਾ ਦੀ ਖੁਫ਼ੀਆ ਸੇਵਾ ਦੇ 11 ਮੁਲਾਜ਼ਮ ਵੀ ਕੋਰੋਨਾ ਤੋਂ ਪੀੜਤ ਨਿਕਲੇ ਹਨ। ਇਸ ਨਾਲ ਵਾਈਟ ਹਾਊਸ ਵਿਚ ਸਹਿਮ ਦਾ ਮਾਹੌਲ ਬਣ ਗਿਆ ਹੈ ਤੇ ਕੋਈ ਵੀ ਇਕ ਦੂਸਰੇ ਨਾਲ ਗੱਲ ਕਰਨ ਤੋਂ ਟਾਲਾ ਵਟ ਰਿਹਾ ਹੈ।

**ਖੁਫ਼ੀਆ ਸੇਵਾ ਦੇ 11 ਮੁਲਾਜ਼ਮ ਕੋਰੋਨਾ ਤੋਂ ਪੀੜਤ-** ਅਮਰੀਕਾ ਦੀ ਖੁਫ਼ੀਆ ਸੇਵਾ ਦੇ ਘਟੋ ਘੱਟ 11 ਮੁਲਾਜ਼ਮ ਕੋਰੋਨਾ ਨਾਲ ਪੀੜਤ ਨਿਕਲੇ ਹਨ ਜਦ ਕਿ 60 ਹੋਰਨਾਂ ਨੂੰ ਏਕਾਂਤਵਾਸ ਵਿਚ ਭੇਜ ਦਿੱਤਾ ਗਿਆ ਹੈ। ਇਹ ਪ੍ਰਗਟਾਵਾ ਇਸ ਮਸਲੇ ਨਾਲ ਜੁੜੇ ਇਕ ਵਿਅਕਤੀ ਨੇ ਕੀਤਾ ਹੈ। ਇਹ ਵਿਅਕਤੀ ਜੋ ਜਨਤਿਕ ਤੌਰ 'ਤੇ ਬਿਆਨਜਾਰੀ ਕਰਨ ਲਈ ਅਧਿਕਾਰਤ ਨਹੀਂ ਹੈ, ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਕਿ ਖੁਫ਼ੀਆ ਸੇਵਾ ਦੇ ਪੀੜਤ ਏਜੰਟ ਕਿੰਨੇ ਹੋਰ ਆਮ ਨਾਗਰਿਕਾਂ ਦੇ ਸੰਪਰਕ ਵਿਚ ਸਨ। ਬਿਮਾਰ ਮੁਲਾਜ਼ਮਾਂ ਨੂੰ ਕਿਥੇ ਰੱਖਿਆ ਗਿਆ ਹੈ ਇਸ ਬਾਰੇ ਵੀ ਪਤਾ ਨਹੀਂ ਲੱਗ ਸਕਿਆ। ਇਹ ਖੁਫ਼ੀਆ ਸੇਵਾ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਉਨਾਂ ਦੇ ਪਰਿਵਾਰਾਂ ਤੇ ਬਾਹਰਲੇ ਦੇਸ਼ਾਂ ਦੇ ਮੁੱਖੀਆਂ ਨੂੰ ਅਮਰੀਕਾ ਆਉਣ 'ਤੇ ਰਖਿਆ ਪ੍ਰਦਾਨ ਕਰਦੀ ਹਨ। ਇਸ ਸੇਵਾ ਦੇ 3000 ਏਜੰਟਾਂ ਸਮੇਤ 7600 ਮੁਲਾਜ਼ਮ ਹਨ। ਸਭ ਤੋਂ ਪਹਿਲਾਂ ਯਾਹੂ ਨਿਊਜ਼ ਨੇ ਖੁਲਾਸਾ ਕੀਤਾ ਸੀ ਕਿ ਕੋਰੋਨਾਵਾਇਰਸ ਮਹਾਮਾਰੀ ਵਾਇਟ ਹਾਊਸ ਦੇ ਅੰਦਰੂਨੀ ਦਾਇਰੇ ਵਿਚ ਪੁੱਜ ਗਈ ਹੈ। ਬੀਤੇ ਦਿਨ ਵਾਈਟ ਹਾਊਸ ਨੇ ਦੱਸਿਆ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਕ ਨਿੱਜੀ ਸੇਵਾਦਾਰ ਦਾ ਟੈਸਟ ਪੌਜ਼ਟਿਵ ਆਇਆ ਹੈ। ਰਾਸ਼ਟਰਪਤੀ ਟਰੰਪ ਦੇ ਹਾਲ ਹੀ ਵਿਚ ਦੋ ਟੈਸਟ ਕੀਤੇ ਗਏ ਹਨ ਜੋ ਨੈਗੇਟਿਵ ਆਏ ਹਨ।

**ਉਪ ਰਾਸ਼ਟਰਪਤੀ ਦੀ ਬੁਲਾਰਨ ਵੀ ਪੀੜਤ-** ਉਪ ਰਾਸ਼ਟਰਪਤੀ ਮਾਈਕ ਪੈਂਸ ਦੀ ਸੋਪਕਸਵੋਮੈਨ ਕੇਟੀ ਮਿਲਰ ਵੀ ਕੋਰੋਨਾ ਪੀੜਤ ਪਾਈ ਗਈ ਹੈ। ਸ਼ੁਰੂ ਵਿਚ ਕੇਵਲ ਏਨਾ ਹੀ ਦੱਸਿਆ ਗਿਆ ਸੀ ਕਿ ਉਪ ਰਾਸ਼ਟਰਪਤੀ ਦੇ ਇਕ ਸਟਾਫ਼ ਮੈਂਬਰ ਦਾ ਟੈਸਟ ਪੌਜ਼ੇਟਿਵ ਆਇਆ ਹੈ ਪਰ ਦੇਰ ਸ਼ਾਮ ਪਤਾ ਲੱਗਾ ਕਿ ਇਹ ਕੇਟੀ ਮਿਲਰ ਹੈ। ਕੇਟੀ ਮਿਲਰ ਰਾਸ਼ਟਰਪਤੀ ਟਰੰਪ ਦੇ ਚੋਟੀ ਦੇ ਅਧਿਕਾਰੀ ਸਟੀਫਨ ਮਿਲਰ ਦੀ ਪਤਨੀ ਹੈ। ਇਸ ਨਾਲ ਵਾਈਟ ਹਾਊਸ ਦੀ ਚਿੰਤਾ ਵਿਚ ਹੋਰ ਵਾਧਾ ਹੋ ਗਿਆ ਹੈ। ਕੇਟੀ ਮਿਲਰ ਨੇ ਹਾਲ ਵਿਚ ਟਰੰਪ ਵੱਲੋਂ ਆਯੋਜਿਤ ਪ੍ਰਾਰਥਨਾ ਸਭਾ ਵਿਚ ਹਿੱਸਾ ਲਿਆ ਸੀ ਜਿਸ ਵਿਚ ਰਾਸ਼ਟਰਪਤੀ ਤੋਂ ਇਲਾਵਾ ਉਨਾਂ ਦੀਆਂ ਪਤਨੀਆਂ, ਉਪ ਰਾਸ਼ਟਰਪਤੀ ਤੇ ਹੋਰ ਸਟਾਫ਼ ਮੈਂਬਰਾਂ ਸਮੇਤ ਅਨੇਕਾਂ ਵਿਅਕਤੀਆਂ ਨੇ ਹਿੱਸਾ ਲਿਆ ਸੀ। ਕੇਟੀ ਮਿਲਰ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਉਪਰੰਤ ਉਪ ਰਾਸ਼ਟਰਪਤੀ ਦਾ ਡੇਸ ਮੋਇਨਸ ਲੋਵਾ ਦਾ ਦੌਰਾ ਰੱਦ ਕਰਨਾ ਪਿਆ ਹੈ। 6 ਅਧਿਕਾਰੀ ਜਿਨਾਂ ਨੇ ਉਪ ਰਾਸ਼ਟਰਪਤੀ ਨਾਲ ਜਾਣਾ ਸੀ, ਕੇਟੀ ਮਿਲਰ ਦੇ ਸੰਪਰਕ ਵਿਚ ਰਹੇ ਹਨ।

# 1793 ਭਾਰਤੀ ਅਮਰੀਕਾ ਦੀਆਂ 95 ਜੇਲਾਂ ਵਿੱਚ ਅਜੇ ਵੀ ਨਜਰਬੰਦ : ਸਤਨਾਮ ਸਿੰਘ ਚਾਹਲ




**ਨਿਓਯਾਰਕ/ਰਾਜ ਗੋਗਨਾ:** ਤਾਜ਼ਾ ਅੰਕੜਿਆਂ ਦੇ ਅਨੁਸਾਰ ਲਗਭਗ 1793 ਭਾਰਤੀ ਅਜੇ ਵੀ ਅਮਰੀਕਾ ਦੀਆਂ 95 ਜੇਲਾਂ ਵਿੱਚ ਗ਼ੈਰਕਾਨੂੰਨੀ ਤੌਰ ਤੇ ਅਮਰੀਕੀ ਸਰਹੱਦ ਪਾਰ ਕਰਨ ਦੇ ਦੋਸ਼ ਵਿੱਚ ਨਜਰਬੰਦ ਹਨ। ਇਹ ਪ੍ਰਗਟਾਵਾ ਨੌਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ। ਸ:ਚਾਹਲ ਜਿਨਾਂ ਨੂੰ ਇਹ ਜਾਣਕਾਰੀ ਯੂ.ਐਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਂਡ ਇਨਫੋਰਸਮੈਂਟ ਵਿਭਾਗ ਵਲੋਂ ਫਰੀਡਮ ਆਫ਼ ਇਨਫਾਰਮੇਸ਼ਨ ਐਕਟ (ਐਫ.ਓ.ਆਈ.ਏ.) ਦੇ ਤਹਿਤ ਮਿਲੀ ਹੈ, ਨੇ ਕਿਹਾ ਕਿ ਅਮਰੀਕੀ ਜੇਲਾਂ ਵਿੱਚ ਨਜਰਬੰਦ ਭਾਰਤੀਆਂ ਦੀ ਇਹ ਗਿਣਤੀ ਭਾਰਤ ਦੇ ਵਿਦੇਸ਼ ਮੰਤਰਾਲੇ ਦੁਆਰਾ ਰਾਜ ਸਭਾ ਵਿਚ ਮੁਹੱਈਆ ਕਰਵਾਏ ਗਏ ਨੰਬਰਾਂ ਦੀ ਜਾਣਕਾਰੀ ਤੋਂ ਵੀ ਤਿੰਨ ਗੁਣਾ ਜ਼ਿਆਦਾ ਹੈ। ਸ: ਚਾਹਲ ਨੇ ਦੱਸਿਆ ਕਿ ਭਾਰਤ ਦੇ ਵਿਦੇਸ਼ ਵਿਭਾਗ ਵੱਲੋ ਇਹ ਜਾਣਕਾਰੀ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਰਾਜ ਸਭਾ ਅੰਦਰ 18 ਜੁਲਾਈ, 2019 ਨੂੰ ਪੁੱਛੇ ਗਏ ਇੱਕ ਪ੍ਰਸ਼ਨ ਨੰਬਰ 2897 ਦੇ ਜਵਾਬ ਵਿੱਚ ਦਿਤੀ ਗਈ ਸੀ।ਸ: ਚਾਹਲ ਨੇ ਦੱਸਿਆ ਕਿ ਇਸ ਵੇਲੇ ਵੱਡੀ ਗਿਣਤੀ ਵਿੱਚ ਭਾਰਤੀ ਮੂਲ ਦੇ ਲੋਕ ਅਮਰੀਕਾ ਦੀਆਂ 6 ਜੇਲਾਂ ਵਿੱਚ ਬੰਦ ਹਨ, ਜਿੰਨਾਂ ਵਿੱਚ ਲਾਸਲ ਕੁਰੈਕਸ਼ਨ ਸੀ.ਟੀ.ਆਰ ਸੈਂਟਰ ਵਿੱਚ 171, ਐਡਮਜ਼ ਕਾਉਂਟੀ ਹਿਰਾਸਤ ਕੇਂਦਰ ਵਿੱਚ 164, ਇੰਪੀਰੀਅਲ ਰੀਜਨਲ ਬਾਲਗ ਨਜ਼ਰਬੰਦੀ ਸੈਂਟਰ ਵਿੱਚ 140 , ਜੈਕਸਨ ਪੈਰੀਸ਼ ਸੁਧਾਰ ਕੇਂਦਰ ਵਿੱਚ 96 ਅਤੇ ਰਿਚਮੰਡ ਸੁਧਾਰ ਕੇਂਦਰ ਵਿੱਚ 86 ਭਾਰਤੀ ਮੂਲ ਦੇ ਲੋਕ ਨਜਰਬੰਦ ਹਨ, ਸ: ਚਾਹਲ ਨੇ ਦੱਸਿਆ ਕਿ ਹਾਲਾਂ ਕਿ ਇਸ ਗੱਲ ਦਾ ਕੋਈ ਅੰਕੜਾ ਨਹੀਂ ਹੈ ਕਿ

ਇਹ ਭਾਰਤੀ ਕੈਦੀ ਭਾਰਤ ਦੇ ਕਿਸ ਰਾਜ ਨਾਲ ਸਬੰਧਤ ਹਨ ਪਰ ਇਹ ਕਿਹਾ ਜਾਂਦਾ ਹੈ ਕਿ ਇਨਾਂ ਵਿਚੋਂ ਬਹੁਤੇ ਉੱਤਰੀ ਭਾਰਤ ਦੇ ਲੋਕ ਹਨ ਜਿਨਾਂ ਨੇ ਅਮਰੀਕਾ ਵਿਚ ਪਨਾਹ ਲੈਣ ਲਈ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹਨਾਂ ਭਾਰਤੀ ਮੂਲ ਦੇ ਕੈਦੀਆਂ ਵਿਚੋਂ ਬਹੁਤ ਸਾਰੇ ਕੈਦੀ ਦੇਸ਼ ਅੰਦਰ ਫੈਡਰਲ ਸਹੂਲਤਾਂ ਤੇ ਸਿਆਸੀ ਸ਼ਰਨ ਮੰਗ ਰਹੇ ਹਨ । ਬਹੁਤ ਸਾਰੇ ਨਜ਼ਰਬੰਦ ਜ਼ਿਆਦਾਤਰ ਇਹ ਦਾਅਵਾ ਕਰਦੇ ਹੋਏ ਸਿਆਸੀ ਪਨਾਹ ਮੰਗ ਰਹੇ ਹਨ ਕਿ ਉਨਾਂ ਨੂੰ ਆਪਣੇ ਦੇਸ਼ ਵਿਚ ਹਿੰਸਾ ਜਾਂ ਅਤਿਆਚਾਰ ਸਹਿਣੇ ਪਏ ਹਨ। ਸ: ਚਾਹਲ ਨੇ ਕਿਹਾ ਕਿ ਇਹ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਹਜ਼ਾਰਾਂ ਭਾਰਤੀਆਂ ਜਿਨਾਂ ਵਿਚੋਂ ਬਹੁਤ ਸਾਰੇ ਉੱਤਰੀ ਭਾਰਤ ਦੇ ਹਨ ਸੰਯੁਕਤ ਰਾਜ ਦੀਆਂ ਜੇਲਾਂ ਵਿਚ ਬੰਦ ਹਨ। ਸ: ਚਾਹਲ ਜਿਹੜੇ ਪਿਛਲੇ ਕਈ ਸਾਲਾਂ ਤੋਂ ਇਸ ਖੇਤਰ ਵਿਚ ਕੰਮ ਕਰ ਰਹੇ ਹਨ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਮਨੁੱਖੀ ਤਸਕਰਾਂ,ਸਿਆਸੀ ਲੀਡਰਾਂ ਅਤੇ ਅਧਿਕਾਰੀਆਂ ਦਾ ਆਪਸੀ ਗਠਜੋੜ ਹੈ, ਜੋ ਨੌਜਵਾਨ ਪੰਜਾਬੀਆਂ ਨੂੰ ਆਪਣੇ ਘਰ ਛੱਡਣ ਲਈ ਗੈਰ ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਵਿਚ ਦਾਖਲ ਹੋਣ ਲਈ ਉਤਸ਼ਾਹਤ ਕਰਦੇ ਹਨ ਅਤੇ ਉਨਾਂ ਤੋਂ ਪ੍ਰਤੀ ਵਿਅਕਤੀ 35 ਤੋਂ 50 ਲੱਖ ਰੁਪਏ ਲੈਂਦੇ ਹਨ। .ਉਨਾਂ ਅੱਗੇ ਕਿਹਾ ਕਿ ਪੰਜਾਬ ਅਸੈਂਬਲੀ ਨੇ ਪੰਜਾਬ ਵਿਚੋਂ ਗੈਰ ਕਾਨੂੰਨੀ ਮਨੁੱਖੀ ਤਸਕਰੀ ਨੂੰ ਰੋਕਣ ਲਈ ਸਾਲ 2010 ਅਤੇ 2012 ਵਿਚ ਇਕ ਕਾਨੂੰਨ ਪਾਸ ਕੀਤਾ ਸੀ ਪਰ ਇਸ ਦੇ ਬਾਵਜੂਦ ਪੰਜਾਬ ਵਿਚੋਂ ਗੈਰ ਕਾਨੂੰਨੀ ਮਨੁੱਖੀ ਤਸਕਰੀ ਦਾ ਕਾਰੋਬਾਰ ਦਿਨੋ-ਦਿਨ ਵੱਧ ਰਿਹਾ ਹੈ। ਉਨਾਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਗੈਰ ਕਾਨੂੰਨੀ ਮਨੁਖੀ ਤਸਕਰੀ ਦਾ ਧੰਦਾ ਰੋਕਣ ਲਈ ਇਸ ਧੰਦੇ ਵਿਚ ਲੱਗੇ ਏਜੰਟਾਂ ਦੀ ਨਕੇਲ ਕੱਸਣ ਤਾਂ ਜੋ ਪੰਜਾਬ ਅਤੇ ਪੂਰੇ ਦੇਸ਼ ਵਿਚੋਂ ਹੋ ਰਹੇ ਮਨੁੱਖੀ ਤਸਕਰੀ ਦੇ ਗੈਰਕਨੂੰਨੀ ਕਾਰੋਬਾਰ ਨੂੰ ਰੋਕਿਆ ਜਾ ਸਕੇ।

# ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਸੁਮੇਧ ਸੈਣੀ ਨੂੰ ਮਿਲੀ ਜਮਾਨਤ ਅਤੇ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਦੇ ਕਤਲ ਦੀ ਨਿਖੇਧੀ

**ਸ਼ਿਕਾਗੋ/ਏ.ਟੀ.ਨਿਊਜ਼ :** ਪਿਛਲੇ ਦਿਨੀਂ ਇਕ 29 ਸਾਲ ਪੁਰਾਣੇ ਮੁਲਤਾਨੀ ਕਤਲ ਕੇਸ ਵਿੱਚ ਸੁਮੇਧ ਸੈਣੀ ਦਾ ਨਾਂ ਸਾਹਮਣੇ ਆਉਣ ਤੇ ਉਸ ਦੀ ਗ੍ਰਿਫਤਾਰੀ ਦੀ ਮੰਗ ਸਿੱਖ ਜਥੇਬੰਦੀਆਂ ਵਲੋਂ ਉੱਠਣ ਲੱਗੀ। ਪਰ ਇਸਦੇ ਉਲਟ ਸੁਮੇਧ ਸੈਣੀ ਦੇ ਵਕੀਲਾਂ ਵਲੋਂ ਜਮਾਨਤ ਲਈ ਪਾਈ ਅਰਜੀ ਤੇ ਕੋਰਟ ਵਲੋਂ ਸੁਣਵਾਈ ਕਰਦਿਆਂ ਉਸ ਨੂੰ ਅਗਾਊਂ ਜਮਾਨਤ ਦੇ ਦਿੱਤੀ ਗਈ। ਜਿਸਦੀ ਸਮੁੱਚੀਆਂ ਪੰਥਕ ਜਥੇਬੰਦੀਆਂ ਵਲੋਂ ਵਿਰੋਧਤਾ ਤੇ ਨਿਖੇਧੀ ਕੀਤੀ ਗਈ। ਸੈਣੀ ਨੂੰ ਜਮਾਨਤ ਦੇਕੇ ਕੋਰਟ ਵਲੋਂ ਮੁਲਤਾਨੀ ਪਰਿਵਾਰ ਨਾਲ ਕੋਝਾ ਮਜਾਕ ਕਰਨ ਦੇ ਤੁੱਲ ਕਿਹਾ ਜਾ ਸਕਦਾ ਹੈ।ਇਸ ਤੋਂ ਇਲਾਵਾ ਪਿੱਛਲੇ ਦਿਨੀਂ ਇਕ ਡਰੱਗ ਦੇ ਵਪਾਰੀ ਪੁਲਿਸ ਅਫਸਰ ਵਲੋਂ ਉਸ ਦੇ ਚਲਾਏ ਜਾ ਰਹੇ ਨਸ਼ਿਆਂ ਦੇ ਧੰਦੇ ਨੂੰ ਬੇਨਕਾਬ ਕਰਨ ਵਾਲੇ ਕਬੱਡੀ ਦੇ ਪ੍ਰਸਿੱਧ ਖਿਡਾਰੀ ਅਰਵਿੰਦਰ ਸਿੰਘ ਪੱਡਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜੋ ਕਿ ਪਰਿਵਾਰ ਦਾ ਇਕਲੋਤਾ ਪੁੱਤਰ ਸੀ। ਇਹ ਸਭ ਕੁਝ ਪੰਜਾਬ ਵਿੱਚ ਗਿਣੀ ਮਿਥੀ ਸ਼ਾਜਿਸ਼ ਅਧੀਨ ਹੀ ਹੋ ਰਿਹਾ ਹੈ। ਪੰਜਾਬ ਵਿੱਚ ਨਸ਼ੇ ਦਾ ਧੰਦਾ ਸਰਕਾਰਾਂ ਆਪ ਕਰਵਾਉਂਦੀਆਂ ਹਨ।ਕੁਝ ਸਮਾਂ ਪਹਿਲਾਂ ਇਕ ਨਿਹੰਗ ਸਿੰਘ ਵਲੋਂ ਪੁਲਿਸ ਵਾਲੇ ਦਾ ਹੱਥ ਵੱਡੇ ਜਾਣ ਤੇ ਪੂਰੇ ਭਾਰਤ ਦਾ ਮੀਡੀਆ ਤੇ ਸਰਕਾਰੀ ਤੰਤਰ ਸਜਾ ਦਿਵਾਉਣ ਵਾਸਤੇ ਪੱਬਾਂ ਭਾਰ ਹੋਇਆ ਫਿਰਦਾ ਸੀ। ਪਰ ਜਦ ਸਿੱਖਾਂ ਕਤਲਾਂ ਵਿੱਚ ਸਜਾਵਾਂ ਦੀ ਗਲ ਆਉਂਦੀ ਹੈ ਤਾਂ ਕਾਨੂੰਨ ਵੀ ਕਬੂਤਰ ਵਾਂਗ ਅੱਖਾਂ ਮੀਟ ਜਾਂਦਾ ਹੈ।ਪਿਛਲੇ ਦਿਨੀਂ ਇਕ ਹੋਰ ਖਬਰ ਵੀ ਸਿੱਖਾਂ ਨਾਲ ਸਬੰਧਤ ਹੀ ਸ਼ੋਸ਼ਲ ਮੀਡੀਏ ਰਾਹੀਂ ਸਾਹਮਣੇ ਆਈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਸਜਾਵਾਂ ਭੁਗਤ ਰਹੇ ਕੁਝ ਪੁਲਿਸ ਵਾਲਿਆਂ ਨੂੰ ਜੇਲ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ। ਪਰ ਦੂਜੇ ਪਾਸੇ ਸਿੱਖ ਨੌਜਵਾਨ ਲੰਬੇ ਸਮਿਆਂ ਤੋਂ ਜੇਲਾਂ ਵਿੱਚ ਸੜ ਰਹੇ ਹਨ। ਉਨਾਂ ਦੀਆਂ ਰਿਹਾਈਆਂ ਵਾਸਤੇ ਸ਼ੰਘਰਸ਼ ਵੀ ਕਰਨੇ ਪਏ ਤਾਂ ਵੀ ਕੋਈ ਸੁਣਵਾਈ ਨਹੀਂ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਹ ਮਹਿਸੂਸ ਕਰਦਾ ਹੈ ਕਿ ਸਿੱਖ ਕੌਮ ਦੀ ਕਿਤੇ ਵੀ ਸੁਣਵਾਈ ਨਹੀਂ ਹੈ। ਇਸ ਦਾ ਇਕੋ ਇਕ ਹਲ ਕੌਮੀ ਘਰ ਖਾਲਿਸਤਾਨ ਹੈ।

# ਗੁਰਮੀਤ ਸਿੰਘ ਗਿੱਲ ਨੂੰ ਅਮਰੀਕਾ ਦਾ ਕੋਆਰਡੀਨੇਟਰ ਨਿਯੁਕਤ ਕੀਤਾ

**ਨਿਊਯਾਰਕ/ਰਾਜ ਗੋਗਨਾ:** ਬੀਤੇ ਦਿਨ ਇੰਡੀਅਨ ਨੈਸ਼ਨਲ ਓਵਰਸੀਜ ਕਾਂਗਰਸ ਦੇ ਅਮਰੀਕਾ ਵਿੰਗ ਦੇ ਮੌਜੂਦਾ ਪ੍ਰਧਾਨ ਗੁਰਮੀਤ ਸਿੰਘ ਗਿੱਲ ( ਮੁੱਲਾਂਪੁਰ ) ਨੂੰ ਪੰਜਾਬ ਸਰਕਾਰ ਨੇ ਇੱਕ ਹੋਰ ਜ਼ਿੰਮੇਵਾਰੀ ਸੌਂਪਦੇ ਹੋਏ ਉਨਾਂ ਨੂੰ ਸਮੁੱਚੇ ਅਮਰੀਕਾ ਦਾ ਕੋਆਰਡੀਨੇਟਰ ਨਿਯੁਕਤ ਕੀਤਾ। ਗਿੱਲ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਅਨੁਸਾਰ ਐਨ.ਆਰ.ਆਈਜ਼ ਦੇ ਮਾਮਲੇ ਦੇਖਣ ਵਾਲੇ ਮੰਤਰੀ ਗੁਰਮੀਤ ਸਿੰਘ ਸੋਢੀ ਵੱਲੋਂ ਇਹ ਨਿਯੁਕਤੀ ਕੀਤੀ ਗਈ ਹੈ। ਉਨਾਂ ਕਿਹਾ ਕਿ ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਮੈਨੂੰ ਦਿੱਤੀ ਗਈ ਇਹ ਜ਼ੁੰਮੇਵਾਰੀ ਅਤੇ ਇਸ ਕਾਰਜ ਨੂੰ ਮੈਂ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਵਾਂਗਾ ।



# 26 ਕਾਂਗਰਸ ਮੈਂਬਰਾਂ ਨੇ ਵਿਦੇਸ਼ ਮੰਤਰੀ ਨੂੰ ਅਫਗਾਨੀ ਸਿੱਖਾਂ ਤੇ ਹਿੰਦੂਆਂ ਦੇ ਸੁਰਖਿਅਤ ਵਸੇਬੇ ਵਾਸਤੇ ਆਖਿਆ

**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਾ ਦੇ 26 ਕਾਂਗਰਸਮੈਨਾਂ ਨੇ ਅਫਗਾਨੀ ਸਿੱਖਾਂ ਦੇ ਕੁਝ ਮਹੀਨੇ ਪਹਿਲਾਂ ਕਾਬਲ ਵਿਚ ਹੋਏ ਵਡੇ ਕਤਲੇਆਮ ਦੀ ਰੌਸ਼ਨੀ ਵਿਚ ਫਿਕਰ ਜਾਹਰ ਕਰਦਿਆਂ ਆਪਣਾ ਫਿਕਰ ਪ੍ਰਗਟ ਕਰਦਿਆ ਸਾਂਝੇ ਤੌਰ ਤੇ ਇਹ ਫੈਸਲਾ ਕੀਤਾ ਹੈ ਕਿ ਸਿੱਖਾਂ ਸਮੇਤ ਹਿੰਦੂਆਂ ਨੂੰ ਅਫਗਾਨਿਸਤਾਨ ਵਿਚੋਂ ਕੱਢ ਕੇ ਕਿਸੇ ਦੂਜੇ ਦੇਸ਼ ਵਿਚ ਮੁੜ ਤੋਂ ਸੁਰਖਿਅਤ ਸਥਾਪਤ ਕੀਤਾ ਜਾਵੇ, ਕਿਉਂਕਿ ਅਫਗਾਨਿਸਤਾਨ ਵਿਚ ਘੱਟ ਗਿਣਤੀਆਂ ਕਿਸੇ ਵੀ ਰੂਪ ਵਿਚ ਸੁਰਖਿਅਤ ਨਹੀਂ ਹਨ।

ਸਿੱਖ ਕਾਕਸ ਕਮੇਟੀ ਦੇ ਕੋ ਚੇਅਰ, ਕਾਂਗਰਸਮੈਨ ਜਾਹਨ ਗੈਰਾਮੰਡੀ ਸਣੇ 25 ਹੋਰ ਕਾਂਗਰਸਮੈਨਾਂ ਨੇ ਸਾਂਝੇ ਤੌਰ ਉਤੇ ਅਮਰੀਕੀ ਵਿਦੇਸ਼ ਮੰਤਰੀ ਨੂੰ ਜੋਰ ਦੇ ਕੇ ਕਿਹਾ ਹੈ ਕਿ ਸਿੱਖ ਤੇ ਹਿੰਦੂ ਇਸ ਦੇਸ਼ ਵਿਚ ਕਿਸੇ ਵੀ ਰੂਪ ਵਿਚ ਸੁਰਖਿਅਤ ਨਹੀਂ ਹਨ ਤੇ ਜੇ ਇਨਾਂ ਨੂੰ ਇਸੇ ਹਾਲਤ ਵਿਚ ਛੱਡ ਦਿੱਤਾ ਗਿਆ ਤਾਂ ਕਿਸੇ ਵੀ ਵੇਲੇ ਇਸਲਾਮਿਕ ਸਟੇਟ ਦੇ ਦਹਿਸ਼ਗਰਦਾਂ ਵੱਲੋਂ ਦੋਬਾਰਾ ਹਮਲਾ ਹੋ ਸਕਦਾ ਹੈ। ਇਸ ਕਰਕੇ ਦੂਸਰੇ ਕਿਸੇ ਵੀ ਦੇਸ਼ ਜਾ ਅਮਰੀਕਾ ਵਿਚ ਹੀ ਸ਼ਰਨਾਰਥੀ ਰੂਪ ਵਿਚ ਟਿਕਾਣਾ ਬਣਾਇਆ ਜਾਵੇ। ਅਮਰੀਕੀ ਸੈਕਟਰੀ ਆਫ ਸਟੇਟ ਮਾਇਕ ਪੰਪੇਉ ਨੂੰ ਸਾਂਝੇ ਤੌਰ ਤੇ 4 ਮਈ ਨੂੰ ਲਿਖੀ ਡਿਪਲੋਮੈਟਿਕ ਚਿੱਠੀ ਵਿਚ ਇਸ ਗੱਲ ਉਤੇ ਜੋਰ ਦਿੱਤ ਹੈ ਕਿ ਜੋ ਵੀ ਕਰਨਾ ਹੈ ਛੇਤੀ ਕੀਤਾ ਜਾਵੇ। ਕਿਉਂਕਿ ਅਫਗਾਨਿਸਤਾਨ ਵਿਚ ਸਿੱਖ ਤੇ ਹਿੰਦੂ ਲਗਾਤਾਰ ਡਰ ਤੇ ਸਹਿਮ ਵਿਚ ਰਹਿ ਰਹੇ ਹਨ।



ਅਫਗਾਨਿਸਤਾਨ ਵਿਚ ਕਦੇ ਲਗਪਗ ਪੌਣੇ ਤਿੰਨ ਲੱਖ ਦੀ ਆਬਾਦੀ ਨਾਲ ਰਹਿਣ ਵਾਲੇ ਸਿੱਖ ਤੇ ਹਿੰਦੂ ਡਰ ਤੇ ਸਹਿਮ ਦੇ ਕਾਰਨ, ਹੁਣ ਸਿਰਫ ਇਕ ਸੌ ਦੇ ਲਗਪਗ ਪਰਵਾਰ ਰਹਿ ਗਏ ਹਨ ਤੇ ਉਹ ਵੀ ਮੌਤ ਦੇ ਸਹਿਮ ਵਿਚ ਹਨ ਤੇ ਨਹੀਂ ਜਾਣਦੇ ਕਿ ਕਿਹੜਾ ਦਿਨ ਉਨਾਂ ਵਾਸਤੇ ਆਖਰੀ ਦਿਨ ਹੋਵੇਗਾ। ਅਮਰੀਕੀ ਕਾਂਗਰਸਮੈਨਾਂ ਨੇ ਵਿਦੇਸ਼ ਮੰਤਰੀ ਨੂੰ ਸੁਝਾਅ ਦਿੱਤਾ ਕਿ ਇਨਾਂ ਸਿੱਖਾਂ ਤੇ ਹਿੰਦੂਆਂ ਨੂੰ , ਯੂ ਐਸ ਰਫਿਊਜੀ ਐਡਮੀਸ਼ਨਜ ਪਰੋਗਰਾਮ U.S. Refugee Admissions Program (USRAP) ਅਧੀਨ ਅਮਰੀਕੀ ਅੰਬੈਸੀ ਕਾਬਲ ਵੱਲੋਂ ਪਹਿਲ ਦੇ ਅਧਾਰ ਉਤੇ ਅਮਰੀਕਾ ਭੇਜਣ ਦਾ ਪ੍ਰਬੰਧ ਕੀਤਾ ਜਾਵੇ। ਕਾਂਗਰਸਮੈਨਾਂ ਨੇ ਕਿਹਾ ਕਿ International Religious Freedom Alliance ਵਿਚਲੇ ਦੇਸ਼ਾਂ ਨੂੰ ਵੀ ਘੱਟ ਗਿਣਤੀਆ ਦੀ ਸੁਰਖਿਅਤਾ ਦੇ ਗੰਭਿਰ ਮਾਮਲੇ ਵਿਚ ਸ਼ਾਮਲ ਕੀਤਾ ਜਾਵੇ ਤੇ ਉਨਾਂ ਦੀ ਸੁਰਖਿਅਤ ਸਥਾਪਨਾ ਦਾ ਫੌਰੀ ਪ੍ਰਬੰਧ ਕੀਤਾ ਜਾਵੇ।

ਕਾਗਰਸਮੈਨਾਂ ਨੇ ਅੱਗੇ ਚੱਲ ਕੇ ਬਿਆਨ ਵਿਚ ਕਿਹਾ ਕਿ ਸਾਨੂੰ ਕਰੋਨਾ ਮਹਾਂਮਾਰੀ ਕਰਕੇ ਸ਼ਰਨਾਰਥੀਆਂ ਦੇ ਅਮਰੀਕੀ ਦਾਖਲੇ ਉਤੇ ਲੱਗੀ ਪਾਬੰਦੀ ਦਾ ਵੀ ਅਹਿਸਾਸ ਹੈ ਪਰ ਅਸੀਂ ਸੈਕਟਰੀ ਆਫ ਸਟੇਟ ਨੂੰ ਹਾਲਾਤ ਦੀ ਗੰਭੀਰਤਾ ਦਾ ਅਹਿਸਾਸ ਕਰਵਾਂਦੇ ਰਹਾਂਗੇ ਤਾਂ ਕਿ ਅਮਰੀਕੀ ਵਿਦੇਸ਼ ਮੰਤਰੀ ਮੌਕਾ ਮਿਲਦਿਆਂ ਹੀ ਅਫਗਾਨੀ ਸਿੱਖਾਂ ਦੇ ਹਿੰਦੂਆਂ ਦੀ ਸੁਰਖਿਅਤਾ ਵਾਸਤੇ ਕਾਹਲੀ ਨਾਲ ਕਾਰਜ ਕਰ ਸਕਣ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ-ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ, ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪਰੀਤ ਸਿੰਘ ਸੰਧੂ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਇਸਟ ਕੋਸਟ ਦੇ ਹਿੰਮਤ ਸਿੰਘ ਨੇ ਆਪਣੇ ਇਕ ਸਾਂਝੇ ਬਿਆਨ ਵਿਚ ਕਾਂਗਰਸਮੈਨਾਂ ਵੱਲੋਂ ਅਫਗਾਨੀ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਦੀ ਸੁਰਖਿਅਤ ਨਿਕਾਸੀ ਤੇ ਦੋਬਾਰਾ ਸਥਾਪਨਾ ਵਾਸਤੇ ਚੁੱਕੇ ਕਦਮਾਂ ਦੀ ਪ੍ਰਸ਼ੰਸਾ ਕਰਦਿਆ ਕਾਂਗਰਸਮੈਨਾਂ ਦਾ ਧੰਨਵਾਦ ਕੀਤਾ ਹੈ।

# ਸਿੱਖ ਜਥੇਬੰਦੀਆਂ ਸ੍ਰੀ ਦਰਬਾਰ ਸਾਹਿਬ ਪ੍ਰਤੀ ਟਿੱਪਣੀਆਂ ਕਰਨ ਵਾਲੇ ਲੱਖੇ ਸਿਧਾਣੇ ਤੋਂ ਦੂਰ ਰਹਿਣ



**ਲੰਡਨ/ਏ.ਟੀ.ਨਿਊਜ਼:** ਇੱਕ ਸਾਬਕਾ ਗੈਂਗਸਟਰ ਲੱਖੇ ਸਿਧਾਣੇ ਵਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮਰਿਆਦਾ,ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਪਹਿਨਾਏ ਜਾਣ ਵਾਲੇ ਪੁਸ਼ਾਕਿਆਂ ਅਤੇ ਸਿੱਖ ਬੀਬੀਆਂ ਦੇ ਕੀਰਤਨ ਨੂੰ ਲੈ ਕੇ ਕੀਤੀਆਂ ਗਈਆਂ ਭੱਦੀਆਂ ਅਤੇ ਬੇਤੁਕੀਆਂ ਟਿੱਪਣੀਆਂ ਕਾਰਨ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਅਤੇ ਸਿੱਖ ਜਥੇਬੰਦੀਆਂ ਵਲੋਂ ਸੋਸ਼ਲ ਮੀਡੀਏ ਤੇ ਉਸ ਨੂੰ ਭਾਰੀ ਲਾਹਣਤਾਂ ਪੈ ਰਹੀਆਂ ਹਨ । ਇਸ ਸਬੰਧੀ ਵੱਖ ਵੱਖ ਟੀ.ਵੀ ਚੈਨਲਾਂ ਤੇ ਚਰਚਾਵਾਂ ਵੀ ਹੋ ਰਹੀਆਂ ਹਨ ਜਿਹਨਾਂ ਵਿੱਚ ਇਸ ਲੱਖੇ ਸਿਧਾਣੇ ਦੇ ਸਮਾਜਿਕ ਬਾਈਕਾਟ ਦੀ ਗੱਲ ਨੂੰ ਉਭਾਰਿਆ ਜਾ ਰਿਹਾ ਹੈ । ਅਜਿਹਾ ਹੀ ਇੱਕ ਪ੍ਰੋਗਰਾਮ ਆਵਾਜੇ ਕੌਮ ਟੀ ਵੀ ਤੇ ਹੋਇਆ ਜਿਸ ਵਿੱਚ ਬਾਬਾ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ,ਭਾਈ ਗੁਰਮੀਤ ਸਿੰਘ ਖਨਿਆਣ ਪ੍ਰਧਾਨ ਸਿੱਖ ਫੈਡਰੇਸ਼ਨ ਜਰਮਨੀ ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜਨਰਲ ਸਕੱਤਰ ਯੂਨਾਈਟਿਡ ਖਾਲਸਾ ਦਲ ਯੂ,ਕੇ ਅਤੇ ਭਾਈ ਸਤਨਾਮ ਸਿੰਘ ਖੰਡੇਵਾਲਾ ਸਿੱਖ ਪ੍ਰਚਾਰਕ ਇਟਲੀ ਨੇ ਭਾਈ ਰਘਵੀਰ ਸਿੰਘ ਵਾਲਸਾਲ ਨਾਲ ਕੀਤਾ । ਜਿਸ ਵਿੱਚ ਆਖਿਆ ਗਿਆ ਕਿ ਇਸ ਬੰਦੇ ਦਾ ਨਾਮ ਵੀ ਸਿੱਖਾਂ ਵਾਲਾ ਨਹੀਂ,ਇਸ ਦੀ ਰਹਿਣੀ,ਬਹਿਣੀ,ਸਹਿਣੀ ਵੀ ਸਿੱਖਾਂ ਵਾਲੀ ਨਹੀਂ ਹੈ। ਇਸ ਵਿਆਕਤੀ ਨੂੰ (ਲੱਖੇ ਸਿਧਾਣੇ) ਕੀ ਹੱਕ ਹੈ ਕਿ ਉਹ ਸਿੱਖਾਂ ਦੇ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪਵੱਿਤਰ ਮਰਿਆਦਾ ਅਤੇ ਸਿੱਖ ਮਰਿਆਦਾ ਪ੍ਰਤੀ ਨੁਕਤਾਚੀਨੀ ਕਰੇ । ਪ੍ਰੋਗਰਾਮ ਵਿੱਚ ਬਾਬਾ ਬਲਜੀਤ ਸਿੰਘ ਦਾਦੂਵਾਲ ਵਲੋਂ ਇਸਦੇ ਕੱਚੇ ਚਿੱਠੇ ਫਰੋਲ ਕੇ ਅਸਲੀਅਤ ਜੱਗ ਜਾਹਰ ਕੀਤੀ ਗਈ । ਉੱਥੇ ਸਾਂਝੇ ਤੌਰ ਤੇ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਨਾਸਤਿਕ ਬਿਰਤੀ ਵਾਲੇ ਇਸ ਬੰਦੇ ਤੋਂ ਪੂਰਨ ਤੌਰ ਤੇ ਦੂਰੀ ਬਣਾ ਕੇ ਰੱਖੀ ਜਾਵੇ ।ਇਸ ਨੂੰ ਕਿਸੇ ਵੀ ਧਾਰਮਿਕ ਸਟੇਜ ਤੋਂ ਬੋਲਣ ਵਾਸਤੇ ਸਮਾਂ ਨਾ ਦਿੱਤਾ ਜਾਵੇ । ਇਸ ਨੂੰ ਮੁਕੰਮਲ ਤੌਰ ਤੇ ਦਰ ਕਿਨਾਰ ਕੀਤਾ ਜਾਵੇ । ਅੱਜ ਸੋਚਣ ਦੀ ਗੱਲ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਅਤੇ ਗੁਰ ਮਰਿਆਦਾ ਨੂੰ ਲੱਖੇ ਸਿਧਾਣੇ ਵਰਗੇ ਪਤਿਤ ਵਿਆਕਤੀ ਦਿਸ਼ਾ ਨਿਰਦੇਸ਼ ਕਰਨਗੇ । ਇਹ ਬਹੁਤ ਹੀ ਜਿਆਦੂ ਖਤਰਨਾਕ ਰੁਝਾਨ ਹੈ ਅਤੇ ਇਸ ਨੂੰ ਕਦੇ ਹਲਕੇ ਰੂਪ ਵਿੱਚ ਨਹੀਂ ਲਿਆ ਜਾ ਸਕਦਾ । ਜਿਕਰਯੋਗ ਹੈ ਕਿ ਲੱਖੇ ਸਿਧਾਣੇ ਨੇ ਇੱਕ ਇੰਟਰਵਿਊ ਵਿੱਚ ਆਖਿਆ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਾਸਤੇ ਸਾਰਾ ਸਾਲ ਇੱਕ ਰੁਮਾਲਾ ਹੀ ਬਹੁਤ ਹੈ । ਉਸ ਨੂੰ ਪੁੱਛਿਆ ਗਿਆ ਕਿ ਕੀ ਉਹ ਖੁਦ ਜਾਂ ਉਸਦਾ ਪਰਿਵਾਰ ਸਾਰਾ ਸਾਲ ਇੱਕ ਹੀ ਸੂਟ ਪਾਉਂਦੇ ਹਨ ? ਦੁੱਧ ਨਾਲ ਫਰਸ਼ ਨੂੰ ਧੋਣ ਦੀ ਇਸ ਨੂੰ ਕਾਹਦੀ ਤੰਗੀ ਹੈ । ਸਿੱਖ ਤਾਂ ਗੁਰੂ ਸਾਹਿਬ ਦੇ ਸਤਿਕਾਰ ਵਾਸਤੇ ਜਾਨਾਂ ਨਿਛਾਵਰ ਕਰਦੇ ਆਏ ਹਨ ਅਤੇ ਪ੍ਰਕਰਮਾ ਵਿੱਚ ਹਰ ਸੰਗਮਰਮਰ ਦੀ ਸਲੈਬ ਹੇਠਾਂ ਕਈ ਕਈ ਸਿੰਘਾਂ ਦੇ ਸਿਰ ਲੱਗੇ ਹੋਏ ਹਨ। ਖੁਦ ਇਸ ਨੇ ਸ਼ਾਇਦ ਕਦੇ ਗੁਟਕਾ ਸਾਹਿਬ ਫੜਕੇ ਨਹੀਂ ਦੇਖਿਆ ਹੋਣਾ ਅਤੇ ਗੱਲਾਂ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਵਿੱਚ ਬੀਬੀਆਂ (ਆਪਣੀ ਭਾਸ਼ਾ ਵਿੱਚ ਬੁੜੀਆਂ) ਨੂੰ ਕੀਰਤਨ ਕਰਨ ਦੀਆਂ ਕਰਦਾ ਹੈ ।




# ਕੈਪਟਨ ਸਰਕਾਰ ਮਨੁੱਖੀ ਅਧਿਕਾਰਾਂ ਲਈ ਅਪਨਾ ਰਹੀ ਏ ਢਿੱਲਮੱਠ

## ਗੁਰੂ ਨਾਨਕ ਸਾਹਿਬ ਦੇ 550 ਸਾਲਾ ਦੌਰਾਨ ਕੈਪਟਨ ਸਰਕਾਰ ਨੇ ਕਈ ਬੁੱਚੜ ਪੁਲੀਸ ਅ.ਫਸਰਾਂ ਦੀਆਂ ਸਜ਼ਾਵਾਂ ਮਾਫ ਕੀਤੀਆਂ

**ਮੋਗਾ/ਜੱਸਾ ਸਿੰਘ ਮਾਣਕੀ:** ਸਾਬਕਾ ਡੀਜੀਪੀ ਸੁਮੇਧ ਸੈਣੀ ਦੀ ਜ਼ਮਾਨਤ ਹੋਣ ਤੋਂ ਬਾਅਦ ਸਿੱਖ ਜਗਤ ਮਹਿਸੂਸ ਕਰ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਢਿੱਲਮੱਠ ਦੀ ਨੀਤੀ ਕਾਰਨ ਜ਼ਮਾਨਤ ਨਹੀਂ ਹੋਈ, ਜਦ ਕਿ ਸੈਣੀ ਦੀ ਗ੍ਰਿਫ਼ਤਾਰੀ ਜ਼ਰੂਰੀ ਸੀ। ਦੱਸਿਆ ਇਹ ਵੀ ਜਾਂਦਾ ਹੈ ਕਿ ਉਹ ਕੇਂਦਰ 'ਤੇ ਪ੍ਰਭਾਵ ਪਾ ਕੇ ਆਪਣੀ ਜ਼ਮਾਨਤ ਕਰਾਉਣ ਵਿਚ ਕਾਮਯਾਬ ਹੋ ਗਿਆ। ਇਹੋ ਜਿਹੀ ਢਿੱਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀ ਸਾਬਕਾ ਡੀਜੀਪੀ ਸੈਣੀ ਦੀ ਗ੍ਰਿਫ਼ਤਾਰੀ ਬਾਰੇ ਢਿੱਲਮੱਠ ਦੀ ਨੀਤੀ ਵਰਤੀ ਜਾ ਚੁੱਕੀ ਹੈ। ਇਹੀ ਕਾਰਨ ਹੈ ਕਿ ਇਹ ਉੱਚ ਪੁਲਿਸ ਅਧਿਕਾਰੀ ਅਜੇ ਵੀ ਕਾਨੂੰਨ ਦੀਆਂ ਚੋਰ ਮੋਰੀਆਂ ਦਾ ਲਾਭ ਉਠਾ ਰਹੇ ਹਨ। ਲੇਕਿਨ ਅਕਤੂਬਰ 2015 ਵਿੱਚ ਮਾਰੇ ਗਏ ਸਿੱਖਾਂ ਦੇ ਵਾਰਿਸ ਇਨਸਾਫ ਦੀ ਉਡੀਕ ਕਰ ਰਹੇ ਹਨ। ਕੈਪਟਨ ਇਹ ਕਿਵੇਂ ਭੁੱਲ ਰਹੇ ਹਨ ਕਿ ਇਹ ਸੁਮੇਧ ਸੈਣੀ ਹੀ ਸਨ ਜਿਨਾਂ ਦੇ ਸੂਬਾ ਪੁਲਿਸ ਮੁਖੀ ਰਹਿੰਦਿਆਂ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਹੋਏ। ਗੋਲੀ ਕਾਂਡ ਨੂੰ ਲੈਕੇ ਵੀ ਸੈਣੀ ਦੇ ਸਿਆਸੀ ਆਕਾ ਬਾਦਲ ਸਰਕਾਰ ਪੰਜਾਬ ਪੁਲਿਸ ਨੂੰ ਅਣਪਛਾਤੀ ਦੱਸਦੇ ਰਹੇ। ਲੇਕਿਨ ਇਹ ਵੀ ਸੰਯੋਗ ਹੀ ਮੰਨਿਆ ਜਾਵੇਗਾ ਕਿ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਮੰਨੇ ਜਾਂਦੇ ਇੱਕ ਐਸਐਸਪੀ ਚਰਨਜੀਤ ਸ਼ਰਮਾ ਨੂੰ ਐਸ.ਆਈ.ਟੀ.ਨੇ ਤੜਕ ਸਵੇਰ ਹੀ ਘੇਰਿਆ ਸੀ। ਉਸ ਵੇਲੇ ਦੱਸਿਆ ਗਿਆ ਸੀ ਕਿ ਸ਼ਰਮਾ ਕੋਠੀ ਦੀ ਕੰਧ ਟੱਪ ਭੱਜਣ ਦੀ ਕੋਸ਼ਿਸ਼ ਕਰਦੇ ਫੜੇ ਗਏ। ਤੇ ਇਸ ਵਾਰ ਸੁਮੇਧ ਸੈਣੀ ਉਸੇ ਤਰਾਂ ਦੀ ਇੱਕ ਤੜਕ ਸਵੇਰ ਭੱਜਣ ਵਿੱਚ ਸਫਲ ਹੋਏ। ਇਸ ਵਾਰ ਚੰਡੀਗੜ ਪੁਲਿਸ ਦੇ ਨਾਲ ਨਾਲ ਪੰਜਾਬ, ਹਰਿਆਣਾ ਤੇ ਦਿੱਲੀ ਦੀ ਪੁਲਿਸ ਵੀ ਸੈਣੀ ਤੇ ਮਿਹਰਬਾਨ ਰਹੀ।

ਇਸਦੇ ਉਲਟ ਪੰਜਾਬ ਵਿੱਚ ਹੀ ਅਣਗਿਣਤ ਅਜਿਹੇ ਮਾਮਲੇ ਹਨ ਜਿਥੇ ਪੁਲਿਸ ਨੇ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਨੂੰ ਥਾਣਿਆਂ ਤੇ ਆਰਜੀ ਜੇਲਾਂ ਵਿੱਚ ਬੰਦ ਕੀਤਾ ਔਰ ਸੰਗੀਨ ਧਾਰਾਵਾਂ ਲਗਾਈਆਂ। ਸ਼ਾਇਦ ਸੱਤਾ ਤੇ ਕਾਬਜ ਲੋਕਾਂ ਦੀ ਮਿਲੀ ਭੁਗਤ ਨਾਲ,ਕਾਨੂੰਨ ਦੇ ਸ਼ਿਕੰਜੇ ਤੋਂ ਬਚਣ ਲਈ ਚੂਹੇ ਬਿੱਲੀ ਦੀ ਇਹੀ ਖੇਡ ਦਿੱਲੀ ਕਤਲੇਆਮ ਤੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਵਾਲੇ ਕਾਤਲ ਖੇਡ ਰਹੇ ਹਨ ਜੋ ਇਸ ਵਾਰ ਸੁਮੇਧ ਸੈਣੀ ਖੇਡਣ ਵਿੱਚ ਸਫਲ ਹੋਇਆ ਹੈ। ਜੇਕਰ ਇੱਕ ਐਫ.ਆਈ.ਆਰ ਦਰਜ ਹੋਣ ਵਿੱਚ ਹੀ 29 ਸਾਲ ਲੱਗ ਗਏ ਹਨ ਤਾਂ ਇਨਸਾਫ ਲਈ ਹੋਰ ਕਿਤਨੇ ਦਹਾਕੇ ਚਾਹੀਦੇ ਹਨ, ਇਸਦਾ ਜਵਾਬ ਸ਼ਾਇਦ ਉਹ ਬਾਦਲ ਦਲ ਵੀ ਨਾ ਦੇ ਸਕੇ ਜੋ ਦਿੱਲੀ ਕਤਲੇਆਮ ਤੇ ਅਜੇ ਵੀ ਸਿਆਸੀ ਰੋਟੀਆਂ ਸੇਕ ਰਿਹਾ ਹੈ ਲੇਕਿਨ ਇਹੀ ਬਾਦਲ ਦਲ ਦੇ ਚਹੇਤੇ ਵਕੀਲ ਹੁਣ ਸੁਮੇਧ ਸੈਣੀ ਦੀ ਜਮਾਨਤ ਦੀ ਪੈਰਵਾਈ ਲਈ ਅਦਾਲਤ ਵਿੱਚ ਪੇਸ਼ ਹੋਏ। ਉਧਰ ਥਾਣਾ ਮਟੌਰ ਦੀ ਪੁਲਿਸ ਨੇ ਅਜੇ ਤੀਕ ਉਸ ਤਰਾਂ ਸੈਣੀ ਦੀ ਰਿਹਾਇਸ਼ ਤੇ ਪੁਲਸੀਆ ਧਾਵਾ ਨਹੀ ਮਾਰਿਆ ਜਿਸ ਤਰਾਂ ਇੱਕ ਮਾਮੂਲੀ ਚੋਰ ਨੂੰ ਫੜਨ ਲਈ ਉਹ ਅਕਸਰ ਮਾਰਦੀ ਹੈ। ਚੋਰ ਨਾ ਮਿਲੇ ਤਾਂ ਘਰ ਦੇ ਜੀਅ ਹੀ ਧਰ ਲੈਂਦੀ ਹੈ।

ਸਿੱਖਾਂ ਦੇ ਕਾਤਲ ਨੂੰ ਮੁਆਫੀ, ਹੱਕ ਮੰਗਦੇ ਜੇਲੀ

ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਦੇ ਸਾਬਕਾ ਐਸ ਐਸ ਪੀ ਪ੍ਰੀਤਪਾਲ ਵਿਰਕ, ਅਤੇ ਸਾਬਕਾ ਡੀ ਐਸ ਪੀ ਸਮਸੇਰ ਸਿੰਘ ਸਮੇਤ ਛੇ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫ ਕਰਵਾ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ। ਇਹ ਸਬਦ ਜਗਰੂਪ ਸਿੰਘ ਸੁਨਾਮ ਨੇ ਮੀਡੀਆ ਰਾਹੀਂ ਸਾਂਝੇ ਕੀਤੇ ਹਨ ਉਹਨਾਂ ਦੱਸਿਆ ਕਿ ਇਹ ਵਾਰਤਾ 11-12 ਮਈ 1993 ਦੀ ਹੈ ਜਦੋਂ ਮੈ ਆਪਣੇ ਪਰਿਵਾਰਕ ਮੈਬਰਾਂ ਸਮੇਤ ਘਰ ਵਿੱਚ ਸੀ ਅਤੇ ਮੇਰਾ ਵੱਡਾ ਭਰਾ ਬਿੱਲੂ ਕਲਕੱਤਾ ਤੋਂ ਵਾਪਸੀ ਕਰਕੇ ਸੁਨਾਮ ਘਰ ਆਇਆ ਹੋਇਆ ਸੀ ਤਾਂ ਏਨੇ ਨੂੰ ਸੰਗਰੂਰ ਦੇ ਐਸਐਸਪੀ ਪ੍ਰੀਤਪਾਲ ਸਿੰਘ ਵਿਰਕ ਨੇ ਸਾਡੇ ਘਰ ਰੇਡ ਕਰ ਦਿੱਤੀ ਅਤੇ ਉਸਨੇ ਸਾਡੇ ਪਰਿਵਾਰ ਦੇ ਮੈਂਬਰਾਂ ਮੇਰਾ ਭਰਾ ਬਿੱਲੂ, ਮੇਰੇ ਪਿਤਾ ਜੀ, ਤੇ ਸਾਡਾ ਸੀਰੀ ਤਿੰਨਾ ਨੂੰ ਚੁੱਕ ਕੇ ਸੀ ਆਈ ਏ ਸੰਗਰੂਰ ਲੈ ਗਿਆ, ਫਿਰ ਅੰਨਾ ਤਸ਼ੱਦਦ ਕੀਤਾ ਤਾਂ ਪਰਿਵਾਰ ਨੇ ਕਿਸੇ ਕੋਲੋਂ ਕਹਿ ਕੁਹਾ ਕੇ ਬਾਅਦ ਵਿੱਚ ਛੁਡਵਾ ਲਿਆ, ਤਾਂ ਬਿੱਲੂ ਵਾਪਿਸ ਕਲਕੱਤੇ ਚਲਾ ਗਿਆ ਅਸੀਂ ਘਰ ਸੀ,ਫਿਰ ਕੀ ਹੋਇਆ ਕਿ ਥੋੜੇ ਸਮੇਂ ਬਾਅਦ ਵਿਰਕ ਨੇ ਕਲਕੱਤੇ ਤੋ ਮੇਰੇ ਭਰਾ ਬਿੱਲੂ ਨੂੰ ਅਗਵਾ ਕਰਕੇ ਚੁੱਕ ਲਿਆਦਾ ਜਿਸ ਦੇ ਛੱਡਣ ਬਦਲੇ ਸਾਡੇ ਪਾਸੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ ਗਈ, ਅਸੀ ਬਥੇਰੀਆ ਮਿੰਨਤਾਂ ਤਰਲੇ ਕੀਤੇ, ਅਸੀਂ ਨੱਬੇ ਹਜਾਰ ਦੇਣ ਲਈ ਤਿਆਰ ਹੋ ਗਏ ਕਿਉਂਕਿ ਸਾਡੇ ਕੋਲ ਨੱਬੇ ਹਜ਼ਾਰ ਹੀ ਸੀ ਪਰ ਉਹ ਨਹੀ ਮੰਨਿਆ ਆਖਿਰ ਕਾਰ ਉਹੀ ਹੋਇਆ ਜਿਸ ਦਾ ਸਾਨੂੰ ਡਰ ਸੀ ਬਿੱਲੂ ਮੇਰਾ ਪੁਲਿਸ ਨੇ ਮਾਰ ਦਿੱਤਾ। ਫਿਰ ਅਸੀਂ ਬਹੁਤ ਔਖਾ ਕੇਸ ਦਰਜ਼ ਕਰਵਾਇਆ ਕੋਰਟਾ ਦੇ ਧੱਕੇ ਖਾਦਿਆਂ ਕਾਨੂੰਨੀ ਲੜਾਈ ਲੜੀ ਜਿਸ ਦਾ ਫੈਸਲਾ 2013 ਵਿੱਚ ਹੋਇਆ ਬਹੁਤ ਖੁਸੀ ਹੋਈ ਕਿ ਬੇਸ਼ੱਕ ਦੇਰ ਹੀ ਸਹੀ ਪਰ ਮੁਲਜ਼ਮਾਂ ਨੂੰ

ਬਾਕੀ ਸ.ਫ਼ਾ 29 'ਤੇ

# ਪੰਜਾਬ ਦੇ ਸਿਆਸਤਦਾਨੋ ਹੋਛੀ ਰਾਜਨੀਤੀ ਛੱਡ ਕੇ ਪੰਜਾਬ ਬਾਰੇ ਸੋਚੋ

**ਜਲੰਧਰ/ਏ.ਟੀ.ਨਿਊਜ਼ :** ਕੋਰੋਨਾ ਵਾਇਰਸ ਦੀ ਜੰਗ ਵਿਚ ਜੂਝ ਰਹੇ ਪੰਜਾਬ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਹਰ ਰੋਜ਼ ਦਰਜਨਾਂ ਨਵੇਂ ਕੇਸ ਸਾਹਮਣੇ ਆਉਣ ਲੱਗ ਪਏ ਹਨ। ਪਹਿਲਾਂ ਨਿਜ਼ਾਮੁਦੀਨ ਮਰਕਜ਼ ਦਿੱਲੀ ਤੋਂ ਆਉਣ ਵਾਲੇ ਤਬਲੀਗੀਆਂ ਅਤੇ ਹੁਣ ਹਜ਼ੂਰ ਸਾਹਿਬ ਤੋਂ ਆਉਣ ਵਾਲੇ ਸ਼ਰਧਾਲੂਆਂ ਕਾਰਨ ਮਾਮਲੇ ਤੇਜ਼ੀ ਨਾਲ ਵਧੇ ਹਨ। ਇਸ ਸਬੰਧੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਸਿਹਤ ਅਮਲੇ ਵਲੋਂ ਵੱਡੀ ਕੁਤਾਹੀ ਕੀਤੀ ਗਈ ਹੈ। ਕਾਂਗਰਸ ਤੇ ਅਕਾਲੀ ਦਲ ਵਿਚਕਾਰ ਚੱਲ ਰਹੀ ਹੋਛੀ ਰਾਜਨੀਤੀ ਨੇ ਵੀ ਤਾਣੀ ਹੋਰ ਉਲਝਾ ਦਿੱਤੀ ਹੈ। ਹਜ਼ੂਰ ਸਾਹਿਬ ਵਿਚ ਫਸੇ ਸ਼ਰਧਾਲੂਆਂ ਨੂੰ ਅਣਗਹਿਲੀ ਭਰੇ ਢੰਗ ਨਾਲ ਵਾਪਸ ਲਿਆਂਦਾ ਗਿਆ। ਪਹਿਲੇ ਜਥਿਆਂ ਨੂੰ ਘਰੋ-ਘਰੀ ਭੇਜ ਦਿੱਤਾ ਗਿਆ ਤੇ ਬਾਅਦ ਵਿਚ ਜਦੋਂ ਯਾਤਰੀਆਂ ਨਾਲ ਸਬੰਧਿਤ ਕੇਸ ਪਾਜ਼ੀਟਿਵ ਆਉਣ ਲੱਗੇ ਤਾਂ ਮੁੜ ਕੇ ਉਨਾਂ ਨੂੰ ਘਰਾਂ ਤੋਂ ਲਿਆ ਕੇ ਇਕਾਂਤਵਾਸ ਕੀਤਾ ਗਿਆ। ਇਸ ਤੋਂ ਬਾਅਦ ਹਜ਼ੂਰ ਸਾਹਿਬ ਤੋਂ ਹੋਰ ਤੇ ਹੋਰ ਯਾਤਰੀ ਆਉਂਦੇ ਗਏ ਅਤੇ ਉਨਾਂ ਦੇ ਨਾਲ ਹੀ ਪਾਜ਼ੀਟਿਵ ਆਉਣ ਵਾਲੇ ਕੇਸਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ। ਇਸ ਸਮੇਂ ਦੀ ਸਥਿਤੀ ਇਹ ਹੈ ਕਿ ਰਾਜ ਵਿਚ ਕੁੱਲ ਕੋਰੋਨਾ ਵਾਇਰਸ ਦੇ 1450 ਤੋਂ ਉੱਪਰ ਕੇਸ ਸਾਹਮਣੇ ਆ ਚੁੱਕੇ ਹਨ ਤੇ 24 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਹੁਣ ਰੋਜ਼ਾਨਾ ਆਉਣ ਵਾਲੇ ਕੇਸਾਂ ਵਿਚ ਵੱਡੀ ਪੱਧਰ 'ਤੇ ਵਾਧਾ ਹੋ ਰਿਹਾ ਹੈ। ਇਸ ਸਾਰੇ ਘਟਨਾਕ੍ਰਮ ਕਾਰਨ ਇਹ ਸਵਾਲ ਉੱਠਣ ਲੱਗਾ ਹੈ ਕਿ, ਕੀ ਪੰਜਾਬ ਕੋਰੋਨਾ ਵਾਇਰਸ ਦੇ ਖਿਲਾਫ਼ ਸੁਚੱਜੇ ਢੰਗ ਨਾਲ ਲੜਾਈ ਲੜ ਰਿਹਾ ਹੈ ?

ਇਸ ਸੰਦਰਭ ਵਿਚ ਜੇਕਰ ਅਸੀਂ ਰਾਜ ਦੇ ਸਾਰੇ ਘਟਨਾਕ੍ਰਮ ਦਾ ਚਿੰਤਨ-ਮੰਥਨ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਿੱਥੇ ਸਰਕਾਰੀ ਹਸਪਤਾਲ, ਜਿਨਾਂ ਵਿਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦਾ ਇਲਾਜ ਹੋ ਰਿਹਾ ਸੀ, ਉਨਾਂ ਵਿਚ ਲੋੜੀਂਦੀਆਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਸੀ, ਖ਼ਾਸ ਕਰਕੇ ਪੀ.ਪੀ.ਈਜ਼., 95-ਮਾਸਕ ਅਤੇ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੇ ਟੈਸਟਾਂ ਲਈ ਨਿਰਧਾਰਤ ਟੈਸਟਿੰਗ ਕਿੱਟਾਂ ਦੀ ਵੀ ਹਸਪਤਾਲਾਂ ਵਿਚ ਬੇਹੱਦ ਕਮੀ ਸੀ। ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਜਿਹੜੇ ਵੀ ਮਰੀਜ਼ ਕੋਰੋਨਾ ਵਾਇਰਸ ਤੋਂ ਪੀੜਤ ਹੋ ਕੇ ਦਾਖ਼ਲ ਹੋਏ, ਉਨਾਂ ਵਲੋਂ ਇਸ ਤਰਾਂ ਦੀਆਂ ਅਨੇਕਾਂ ਸ਼ਿਕਾਇਤਾਂ ਵੀ ਕੀਤੀਆਂ ਗਈਆਂ। ਭਾਈ ਨਿਰਮਲ ਸਿੰਘ ਖ਼ਾਲਸਾ ਅਤੇ ਉਨਾਂ ਦੇ ਪਰਿਵਾਰ ਵਲੋਂ ਤਾਂ ਸ਼ਰੇਆਮ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਸਰਕਾਰੀ ਹਸਪਤਾਲ ਵਿਚ ਇਲਾਜ ਦੀਆਂ ਸਹੂਲਤਾਂ ਦੀ ਘਾਟ ਬਾਰੇ ਸ਼ਿਕਾਇਤਾਂ ਕੀਤੀਆਂ ਗਈਆਂ ਅਤੇ ਇਸ ਕਰਕੇ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਇਲਾਜ ਲਈ ਮੁਹਾਲੀ ਦੇ ਇਕ ਹਸਪਤਾਲ ਵੀ ਭੇਜਣਾ ਪਿਆ ਸੀ। ਲੁਧਿਆਣਾ ਦੇ ਸਰਕਾਰੀ ਹਸਪਤਾਲ ਤੋਂ ਵੀ ਇਸੇ ਤਰਾਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਫਿਰ ਹੌਲੀ-ਹੌਲੀ ਮੁਹਾਲੀ, ਲੁਧਿਆਣਾ, ਜਲੰਧਰ, ਪਟਿਆਲਾ ਤੇ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਦੀਆਂ ਸਹੂਲਤਾਂ ਵਿਚ ਕੁਝ ਹੱਦ ਤੱਕ ਸੁਧਾਰ ਕੀਤਾ ਗਿਆ।

ਬਾਕੀ ਸ.ਫ਼ਾ 29 'ਤੇ



# ਕੋਰੋਨਾ ਮਹਾਂਮਾਰੀ ਦੀ ਆੜ ਵਿਚ ਕੇਂਦਰ ਸਰਬ ਸ਼ਕਤੀਮਾਨ ਤੇ ਸੂਬੇ ਭਿਖਾਰੀ ਬਣੇ

**-ਜਸਪਾਲ ਸਿੰਘ ਸਿੱਧੂ/ਖ਼ੁਸ਼ਹਾਲ ਸਿੰਘ**

ਦਿੱਲੀ ਦਰਬਾਰ ਨੇ ਆਫਤ ਪ੍ਰਬੰਧਕ ਐਕਟ (ਡੀ.ਐੱਮ.ਏ.) ਅਤੇ ਬ੍ਰਿਟਿਸ਼ ਸਮੇਂ ਦਾ ਮਹਾਂਮਾਰੀ ਰੋਗ ਐਕਟ (1897) ਲਾਗੂ ਕਰਕੇ ਅਸੀਮਤ ਸ਼ਕਤੀਆਂ ਪ੍ਰਾਪਤ ਕਰ ਲਈਆਂ ਹਨ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਰਾਸ਼ਟਰੀ ਆਫ਼ਤ ਅਥਾਰਟੀ ਸਾਰੇ ਦੇਸ਼ ਦੀ ਅੰਤਮ ਅਥਾਰਟੀ ਬਣ ਗਈ ਹੈ। ਤਾਲਾਬੰਦੀ ਤੋਂ ਬਾਅਦ, ਕੋਰੋਨਾ ਤੋਂ ਭੈਅਭੀਤ ਮੱਧ-ਵਰਗ ਦੇ ਲੋਕਾ ਆਸਾਨੀ ਨਾਲ ਘਰਾਂ ਅੰਦਰ ਕੈਦ ਹੋ ਗਏ। ਵੱਡੇ ਪੱਧਰ ਮਧ ਵਰਗੀ ਲੋਕ ਜੋ ਭਾਜਪਾ ਦੇ ਸਮਰਥਕ ਹਨ ਉਹ ਦੇਸ਼ ਦੇ ਕਾਰਜਕਾਰੀ ਮੁਖੀ ਦੇ ਪਿੱਛੇ ਖੜੇ ਹੋ ਗਏ। ਦਿੱਲੀ ਦਰਬਾਰ ਸਾਰੀਆਂ ਸ਼ਕਤੀਆਂ ਦਾ ਸਿਰਮੌਰ ਕੇਂਦਰ ਬਣ ਗਿਆ। ਥਾਲੀਆਂ ਖੜਕਾਉਂਣ ਤੇ ਤਾੜੀਆਂ ਮਾਰ ਕੇ ਇਸਦਾ ਜਸ਼ਨ ਮਨਾਇਆ ਗਿਆ। ਆਮ ਤੌਰ ਤੇ ਮੱਧ-ਵਰਗ ਦੇ ਫਿਤਰਤ ਅਨੁਸਾਰ ਲੋਕਾਂ ਨੇ ਸੜਕਾਂ 'ਤੇ ਭੁੱਖੇ ਗਰੀਬ ,ਪ੍ਰਵਾਸੀ ਮਜ਼ਦੂਰਾਂ ਪ੍ਰਤੀ ਥੋੜੀ ਹਮਦਰਦੀ ਨਹੀਂ ਦਿਖਾਈ। ਗਰੀਬ ਮਜਦੂਰਾਂ ਕੋਲ ਕੋਈ ਬਦਲ ਨਹੀਂ ਬਚਿਆ ਉਹ ਸੈਂਕੜੇ ਮੀਲ ਤੁਰ ਕੇ ਆਪਣੇ ਜੱਦੀ ਸਥਾਨਾਂ ਵਲ ਆਪਣਿਆਂ ਕੋਲ ਮਰਨ ਲਈ ਚਲ ਪਏ।

ਦਿੱਲੀ ਦਰਬਾਰ ਛੇਤੀ ਨਾਲ ਇਕ ਸ਼ਕਤੀ ਦਾ ਸ਼੍ਰੋਮਣੀ ਕੇਂਦਰ ਬਣ ਗਿਆ, ਜਿਸ ਵਿਚ ਰਾਜਾਂ ਦੀ ਖੁਦ ਮੁਖਤਿਆਰੀ ਲਈ ਕੋਈ ਜਗਾ ਨਹੀਂ ਬਚਦੀ। ਰਾਜਾਂ ਦੀ ਬੇਵਸੀ ਦੇ ਨਮੂਨੇ ਇਹ ਹਨ (1) ਮਹਾਂਰਾਸ਼ਟਰ, ਝਾਰਖੰਡ, ਉੜੀਸਾ ਦੀਆਂ ਬੱਸਾ, ਰੇਲ ਗੱਡੀਆਂ ਲਈ ਪ੍ਰਵਾਸੀਆਂ ਨੂੰ ਘਰਾਂ ਤੱਕ ਪਹੁੰਚਣ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ ਗਿਆ (2) ਕੈਪਟਨ ਅਮਰਿੰਦਰ ਸਿੰਘ ਦੀਆਂ ਕਈ ਬੇਂਨਤੀਆਂ ਦੇ ਬਾਅਦ ਸਿੱਖ ਸ਼ਰਧਾਲੂਆਂ ਨੂੰ ਵਾਪਸ ਪੰਜਾਬ ਲਿਆਉਣ ਦੀ ਆਗਿਆ ਮਿਲੀ। (3) ਸੂਬਿਆਂ ਨੂੰ ਵਿਸ਼ੇਸ਼ ਪੈਕੇਜ ਤੋਂ ਇਨਕਾਰ ਕਰਨ ਦੇ ਬਾਅਦ ਵੀ, ਕੇਂਦਰ ਨੇ ਕੇਰਲ ਨੂੰ ਕੋਰੋਨਾ ਨਾਲ ਲੜਨ ਲਈ ਕਰਜੇ ਲੈਣ ਦੀ ਆਗਿਆ ਨਹੀਂ ਦਿੱਤੀ (4) ਸੂਬਿਆਂ ਨੂੰ ਤਨਖਾਹ, ਪੈਨਸ਼ਨਾਂ ਬਿੱਲ ਦਾ ਭੁਗਤਾਨ ਕਰਨਾ ਮੁਸ਼ਕਲ ਹੋ ਗਿਆ ਹੈ ਕਿਉਂਕਿ ਕੇਂਦਰ ਨੇ ਉਨਾਂ ਦੇ ਬਣਦੇ ਜੀ.ਐਸ.ਟੀ ਦੇ ਹਿੱਸੇ ਨੂੰ ਰੋਕ ਲਿਆ ਹੈ। (5) ਸੂਬਿਆਂ ਨੂੰ ਹੁਕਮ ਦਿਤੇ ਗਏ ਕਿ ਉਨਾਂ ਨੇ ਲੇਬਰ ਨੂੰ ਘਰਾਂ ਨੂੰ ਭੇਜਣ ਦਾ ਖਰਚਾ ਚੁੱਕਣਾ ਹੈ। ਪੰਜਾਬ ਸਰਕਾਰ 13 ਲੱਖ ਮਜ਼ਦੂਰਾਂ ਦਾ ਕਿਰਾਇਆ ਅਦਾ ਕਰੇਗੀ। (6) ਕੇਂਦਰ ਨੇ ਵੱਡੇ ਖਾਦ ਭੰਡਾਰ ਦੇ ਬਾਵਜੂਦ ਵੀ ਗਰੀਬਾਂ ਨੂੰ ਅਨਾਜ ਅਤੇ ਨਕਦ ਸਹਾਇਤਾ ਨਾਲ ਵਿਆਪਕ ਪੀ.ਡੀ.ਐਸ ਵਿਚ ਵਾਧੇ ਤੋਂ ਇਨਕਾਰ ਕਰ ਦਿੱਤਾ। (7) ਪ੍ਰਭਾਵਿਤ ਇਲਾਕਿਆਂ ਨੂੰ ਕੇਂਦਰ ਸਰਕਾਰ ਨੇ ਲਾਲ, ਸੰਤਰੀ ਅਤੇ ਹਰਾ ਘੋਸ਼ਿਤ ਕਰਨ ਵੇਲੇ ਸੂਬਿਆਂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ, ਉਦਾਹਰਣ ਵਜੋਂ ਜਿਲਾ ਪਟਿਆਲਾ ਨੂੰ ਲਾਲ ਘੋਸ਼ਿਤ ਕਰ ਦਿੱਤਾ ਗਿਆ ਜਿਥੇ ਨਾਭਾ ਦਾ ਦੁਧ ਕੇਂਦਰ ਬੂਰੀਤਰਾਂ ਪ੍ਰਭਤਵਿਤ ਹੈ ਜਿਥੇ ਕੋਈ ਕੋਰੋਨਾ ਕੇਸ ਦਰਜ ਨਹੀਂ ਹੋਇਆ (8) ਫੰਡਾਂ ਦੀ ਘਾਟ ਕਰਕੇ ਸੂਬਿਆਂ ਨੇ ਸ਼ਰਾਬ ਦੇ ਠੇਕੇ ਖੋਲਣ ਦੀ ਇਜਾਜ਼ਤ ਵਾਸਤੇ ਕੇਂਦਰ ਕੋਲ ਕਈ ਵਾਰ ਨੱਕ ਰਗੜੇ।

ਦੇਸ਼ ਦੇ ਸਾਰੇ ਸੂਬਿਆਂ ਦੇ ਮਾਲੀਏ ਵਿੱਚ 80-90 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇਹਨਾਂ ਚਾਲੀ ਦਿਨਾਂ ਦੀ ਤਾਲਾਬੰਦੀ ਦੌਰਾਨ ਗ੍ਰਹਿ ਮੰਤਰਾਲੇ ਨੇ 80 ਵੱਖ-ਵੱਖ ਆਦੇਸ਼ ਜਾਰੀ ਕੀਤੇ ਅਤੇ ਸੂਬਿਆਂ ਨੂੰ ਇਸ ਦੀ ਪਾਲਣਾ ਕਰਨ ਲਈ ਕਿਹਾ, ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀਆਂ ਦੀ ਗਲੇ ਵਿਚ ਅੰਗੂਠਾ ਵਾਲਾ ਹੁਕਮ ਦੱਸਿਆ ਹੈ। ਉਹਨਾਂ ਕਿਹਾ ਕਿ ਸਾਨੂੰ ਕੇਂਦਰ ਤੋਂ ਕੁਝ ਨਹੀਂ ਮਿਲ ਰਿਹਾ ਅਤੇ ਰੇਲ ਕਿਰਾਏ ਦਾ ਭੁਗਤਾਨ ਵੀ ਨਹੀਂ ਹੋ ਰਿਹਾ। ਪਿਛਲੇ ਮਹੀਨੇ ਪੰਜਾਬ ਸਰਕਾਰ ਨੂੰ 3000 ਕਰੋੜ ਰੁਪਏ ਦੇ ਮਾਲੀਏ ਦੀ ਉਮੀਦ ਸੀ ਪਰ ਸਿਰਫ 400 ਕਰੋੜ ਪ੍ਰਾਪਤ ਹੋਏ। ਝਾਰਖੰਡ ਦੇ ਮੁੱਖ ਮੰਤਰੀ ਹਿਮੰਤ ਸੋਰੀਨ ਨੇ ਲੇਬਰ ਨਾਲ ਕੇਂਦਰ ਸਰਕਾਰ ਵਲੋਂ ਕੀਤੇ ਵਿਹਾਰ ਨੂੰ ਬੇਰਹਿਮ ਅਤੇ ਅਣਮਨੁੱਖੀ ਦੱਸਿਆ ਹੈ। ਜਿਹੜੇ ਰਾਸ਼ਟਰਵਾਦੀ ਚਿੰਤਕ ਹਮੇਸ਼ਾਂ ਇੱਕ 'ਮਜ਼ਬੂਤ ਦੇਸ਼' ਬਣਾਉਣ ਲਈ ਇੱਕ 'ਮਜ਼ਬੂਤ ਰਾਸ਼ਟਰ' ਦੀ ਵਕਾਲਤ ਕਰਦੇ ਰਹੇ ਹਨ, ਹੁਣ ਉਨਾਂ ਦੀ ਇੱਛਾ ਪੂਰੀ ਹੋ ਰਹੀ ਲਗਦੀ ਹੈ। ਰਾਜਨੀਤਿਕ ਪੰਡਤਾਂ ਇਹ ਸੋਚਣ ਕਿ ਕੋਰੋਨਾ ਤੋਂ ਬਾਅਦ ਭਾਰਤ ਇਕ-ਕੇਂਦਰੀ ਤਾਨਾਸ਼ਾਹੀ ਰਾਸ਼ਟਰ ਹੋਵੇਗਾ ਜਾਂ ਸੰਘੀ ਲੋਕਤੰਤਰ?

## ਜ਼ਫਰਨਾਮੇ ਦੇ ਵਿਵਾਦ ਨੂੰ ਖ਼ਤਮ ਕਰਕੇ ਅਕਾਲ ਤਖ਼ਤ ਸਾਹਿਬ ਨੇ ਸਤਿੰਦਰ ਸਰਤਾਜ ਨੂੰ ਦਿੱਤੀ ਕਲੀਨ ਚਿੱਟ




**ਅੰਮ੍ਰਿਤਸਰ/ਏ.ਟੀ.ਨਿਊਜ਼ :** ਫਾਰਸੀ ਵਿਚ ਗਾਏ ਗਏ ਜ਼ਫਰਨਾਮੇ ਦੇ ਵਿਵਾਦ ਨੂੰ ਖ਼ਤਮ ਕਰਕੇ ਅਕਾਲ ਤਖ਼ਤ ਸਾਹਿਬ ਨੇ ਸੂਫੀ ਗਾਇਕ ਸਤਿੰਦਰ ਸਰਤਾਜ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਗਾਣੇ ਵਿਚ ਜ਼ਫਰਨਾਮੇ ਦੇ ਅਸ਼ੁੱਧ ਉਚਾਰਨ ਨੂੰ ਲੈ ਕੇ ਦਮਦਮੀ ਟਕਸਾਲ ਦੇ ਇਕ ਧੜੇ ਵੱਲੋਂ ਵਿਵਾਦ ਪੈਦਾ ਕੀਤਾ ਗਿਆ ਸੀ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫੈਸਲਾ ਦਿੰਦਿਆਂ ਕਿਹਾ ਕਿ ਜ਼ਫਰਨਾਮੇ ਵਿਚ ਕੁੱਝ ਵੀ ਵਿਵਾਦ ਵਾਲਾ ਨਹੀਂ ਹੈ ਪਰ ਫਿਰ ਵੀ ਜੇ ਕਿਸੇ ਨੂੰ ਸ਼ਿਕਾਇਤ ਹੈ ਤਾਂ ਉਹ ਅਕਾਲ ਤਖ਼ਤ ਪਹੁੰਚ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਰਾਜਾ ਔਰੰਗਜੇਬ ਨੂੰ ਚਿੱਠੀ ਲਿਖੀ ਸੀ। ਜ਼ਫਰਨਾਮਾ ਫਾਰਸੀ ਭਾਸ਼ਾ ਵਿਚ ਲਿਖਿਆ ਗਿਆ ਸੀ। ਸਾਹਿਬਜਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਲਿਖਿਆ ਸੀ। ਜ਼ਫਰਨਾਮੇ ਵਿਚ ਸਿੱਖ ਪੰਥ ਦੀ ਸਥਾਪਨਾ ਤੇ ਸਿੱਖਾਂ ਦੇ ਸੰਘਰਸ਼ ਦਾ ਜ਼ਿਕਰ ਕੀਤਾ ਗਿਆ ਸੀ।ਇਸ ਸਮੇਂ ਤੱਕ ਗੁਰੂ ਜੀ ਆਨੰਦਪੁਰ ਸਾਹਿਬ ਵੀ ਛੱਡ ਚੁੱਕੇ ਸਨ। ਜ਼ਫਰਨਾਮਾ 1705 ਈਸਵੀ ਵਿਚ ਲਿਖਿਆ ਗਿਆ ਸੀ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਤੇ ਫੈਡਰੇਸ਼ਨ ਦੇ ਸਾਬਕਾ ਆਗੂ ਪ੍ਰੋ. ਸਰਚਾਂਦ ਸਿੰਘ ਨੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੂੰ ਇਸ ਸਬੰਧੀ ਮੰਗ ਪੱਤਰ ਦਿੱਤਾ ਸੀ। ਉਨਾਂ ਸਰਤਾਜ ਨੂੰ ਮੌਜੂਦਾ 'ਜ਼ਫ਼ਰਨਾਮਾ' ਵਾਪਸ ਲੈਣ ਤੇ ਇਸ ਦਾ ਸ਼ੁੱਧ ਉਚਾਰਨ ਦੇ ਨਾਲ ਹੋਰ ਲੋੜੀਂਦੀਆਂ ਸੋਧ ਕਰ ਗੁਰਮਤਿ ਅਨੁਸਾਰੀ ਮੁੜ ਰਿਕਾਰਡਿੰਗ ਕਰਵਾਉਣ ਦੀ ਅਪੀਲ ਕੀਤੀ ਸੀ।

ਸਰਤਾਜ ਨੇ ਸੋਸ਼ਲ ਮੀਡੀਆ ਤੇ ਲਿਖਿਆ, "ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਜ਼ਫ਼ਰਨਾਮਾ' ਦੀ ਸਾਡੀ ਪੇਸ਼ਕਾਰੀ ਨੂੰ ਫ਼ਾਰਸੀ ਦਸਤਾਵੇਜ਼ਾਂ ਤੇ ਗੁਰਮੁਖੀ ਦੇ ਮੌਜੂਦ ਤਰਜਮਿਆਂ ਨਾਲ਼ ਤਫ਼ਤੀਸ਼ ਕਰਨ ਤੋਂ ਬਾਅਦ ਤਲੱਫ਼ੁਜ਼ ਤੇ ਤਹਿਰੀਰੀ ਪਹਿਲੂ ਤੋਂ ਵਾਜਬ ਕਰਾਰ ਦਿੱਤਾ ਗਿਆ ਹੈ। ਤਹਿ ਦਿਲੋਂ ਸ਼ੁਕਰਾਨੇ"

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

# ਪ੍ਰਧਾਨ ਮੰਤਰੀ ਮੋਦੀ ਵਲੋਂ ਸੂਬਿਆਂ ਦੇ ਅਧਿਕਾਰਾਂ ਉੱਤੇ ਕੱਸਿਆ ਜਾ ਰਿਹਾ ਹੈ ਸ਼ਿਕੰਜਾ

**- ਗੁਰਮੀਤ ਸਿੰਘ ਪਲਾਹੀ**

1975 ਵਿੱਚ ਦੇਸ਼ ਵਿੱਚ ਐਮਰਜੈਂਸੀ ਦੇ ਸਮੇਂ, ਭਾਰਤੀ ਸੰਘਵਾਦ ਪ੍ਰਣਾਲੀ ਉੱਤੇ ਲਗਾਤਾਰ ਹਮਲੇ ਕਰਕੇ, ਮੌਕੇ ਦੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੇਂਦਰੀਕਰਨ ਦੀ ਤਾਨਾਸ਼ਾਹੀ ਨੀਤੀ ਉੱਤੇ ਚੱਲਦਿਆਂ, ਇੱਕ ਪਾਰਟੀ, ਇੱਕ ਵਿਚਾਰਧਾਰਾ ਅਤੇ ਇੱਕ ਨੇਤਾ ਨੂੰ ਦੇਸ਼ ਉੱਤੇ ਥੋਪਣ ਦਾ ਯਤਨ ਕੀਤਾ ਸੀ ਜਿਸਦੀ ਇਜਾਜ਼ਤ ਦੇਸ਼ ਦੇ ਲੋਕਾਂ ਨੇ ਨਹੀਂ ਦਿੱਤੀ ਅਤੇ 1977 ਵਿੱਚ ਦੇਸ਼ ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਬੁਰੀ ਤਰਾਂ ਹਾਰ ਗਈ।

ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਇੰਦਰਾ ਗਾਂਧੀ ਦੇ ਕਦਮ ਚਿੰਨਾਂ 'ਤੇ ਪੂਰੀ ਤਾਕਤ ਨਾਲ ਕੇਂਦਰੀਕਰਨ ਵਾਲੀ ਨੀਤੀ ਉੱਤੇ ਚੱਲ ਰਹੇ ਹਨ। ਉਹ ਆਪਣੀ ਪਾਰਟੀ, ਮੰਤਰੀ ਮੰਡਲ, ਅਧਿਕਾਰੀਆਂ ਅਤੇ ਹਕੂਮਤ ਦੀ ਵਾਗਡੋਰ ਸਿਰਫ਼ ਆਪਣੇ ਹੱਥ ਵਿੱਚ ਲੈ ਕੇ ਭਾਰਤੀ ਬਹੁਲਤਾ ਵਾਦੀ, ਖੁੱਲੇ ਮਨ ਵਾਲੀਆਂ ਲੋਕਤੰਤਰਿਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਮਿੱਧ ਕੇ ਮਨਮਰਜ਼ੀ ਨਾਲ ਦੇਸ਼ ਨੂੰ ਚਲਾਉਣ ਦੇ ਰਾਹ ਤੁਰੇ ਹੋਏ ਹਨ। ਕੋਰੋਨਾ ਆਫ਼ਤ ਨੇ ਉਹਨਾਂ ਨੂੰ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਅਤੇ ਸੂਬਿਆਂ ਦੀਆਂ ਸ਼ਕਤੀਆਂ ਨੂੰ ਆਪਣੇ ਹੱਥ ਵਿੱਚ ਲੈਣ ਦਾ ਵੱਡਾ ਮੌਕਾ ਦੇ ਦਿੱਤਾ ਹੈ। ਉਦਾਹਰਨ ਵਜੋਂ:

1. ਮੋਦੀ ਸਰਕਾਰ ਵਲੋਂ ਜੀ.ਐੱਸ.ਟੀ. ਦੀ ਰਕਮ ਜੋ 30, 000 ਕਰੋੜ ਰੁਪਏ ਤੋਂ ਜ਼ਿਆਦਾ ਹੈ, ਅਤੇ ਜੋ ਸੂਬਿਆਂ ਦਾ ਹਿੱਸਾ ਹੈ ਅਤੇ ਉਹਨਾਂ ਨੂੰ ਵੰਡੀ ਜਾਣੀ ਸੀ, ਆਫ਼ਤ ਦਾ ਨਾਂਅ ਲੈ ਕੇ ਇਸਦੀ ਵੰਡ ਅੱਗੇ ਪਾ ਦਿੱਤੀ ਗਈ ਜਦਕਿ ਇਸ ਰਕਮ ਦੀ ਲੋੜ ਸੂਬਿਆਂ ਨੂੰ ਹੁਣ ਹੈ।

2. ਮੋਦੀ ਸਰਕਾਰ ਨੇ ਪੀਐੱਮ-ਕੇਅਰਜ਼ ਨਾਂਅ ਦਾ ਇੱਕ ਫੰਡ ਦਾ ਨਿਰਮਾਣ ਕੀਤਾ ਹੈ, ਜਿਸ ਵਿੱਚ ਕਾਰਪੋਰੇਟ ਸੈਕਟਰ ਨੂੰ ਕਾਰਪੋਰੇਟ ਸੋਸ਼ਲ ਰਿਸਪੌਂਸੀਬੈਲਿਟੀ (ਕਾਰਪੋਰੇਟ ਸਮਾਜਿਕ ਜ਼ੁੰਮੇਵਾਰੀ) ਅਧੀਨ ਦਾਨ ਦੇਣ ਵਿੱਚ ਵਿਸ਼ੇਸ਼ ਛੋਟ ਦਿੱਤੀ ਗਈ, ਪਰ ਸੂਬਿਆਂ ਨੂੰ ਦਾਨ ਦੇਣ ਦੀ ਇਹ ਵਿਸ਼ੇਸ਼ ਛੋਟ ਨਾ ਦੇ ਕੇ ਵਿਤਕਰਾ ਕੀਤਾ। ਇਸ ਫੰਡ ਵਿੱਚ ਹਜ਼ਾਰਾਂ ਕਰੋੜ ਰੁਪਏ ਇਕੱਠੇ ਹੋਏ ਹਨ, ਜਿਨਾਂ ਨੂੰ ਖ਼ਰਚਣ ਦੇ ਵਿਆਪਕ ਅਧਿਕਾਰ ਪ੍ਰਧਾਨ ਮੰਤਰੀ ਕੋਲ ਰੱਖੇ ਗਏ ਹਨ ਅਤੇ ਇਸ ਰਾਸ਼ੀ ਨੂੰ ਕੈਗ (ਨਿਰੰਤਰਿਕ ਅਤੇ ਮਹਾਂਲੇਖਾ ਪ੍ਰੀਖਸ਼ਕ) ਦੇ ਆਡਿਟ ਤੋਂ ਵੀ ਬਾਹਰ ਰੱਖਿਆ ਗਿਆ ਹੈ। ਜਦਕਿ ਪਹਿਲਾਂ ਹੀ ਪ੍ਰਧਾਨ ਮੰਤਰੀ ਰਲੀਫ਼ ਫੰਡ ਦੇਸ਼ ਵਿੱਚ ਚਾਲੂ ਹੈ, ਜਿਸ ਵਿੱਚ ਆਉਂਦਾ ਜਾਂਦਾ ਫੰਡ ਬਾਕਾਇਦਾ ਕੈਗ ਵਲੋਂ ਆਡਿਟ ਹੁੰਦਾ ਹੈ।

3. ਪਾਰਲੀਮੈਂਟ ਮੈਂਬਰਾਂ ਦੀ ਸਥਾਨਿਕ ਖੇਤਰ ਵਿਕਾਸ ਯੋਜਨਾ (ਐੱਮ ਪੀ ਲੈਡ ਸਕੀਮ) ਨੂੰ ਖ਼ਤਮ ਕਰ ਦਿੱਤਾ ਗਿਆ (ਜੋ ਕੇਂਦਰੀਕਰਨ ਦੀ ਇੱਕ ਵੱਡੀ ਉਦਾਹਰਨ ਹੈ) ਜਿਸ ਨਾਲ ਸਾਂਸਦ ਆਪਣੇ ਖੇਤਰਾਂ ਵਿੱਚ ਹੁਣ ਕੋਈ ਵੀ ਪੈਸਾ ਆਪਣੀ ਮਰਜ਼ੀ ਨਾਲ ਨਹੀਂ ਖ਼ਰਚ ਸਕਣਗੇ।

ਇਹਨਾਂ ਤੋਂ ਇਲਾਵਾ ਗੈਰ ਭਾਜਪਾ ਸਰਕਾਰਾਂ ਦੀਆਂ ਸ਼ਕਤੀਆਂ ਨੂੰ ਘਟਾਉਣ ਅਤੇ ਉਹਨਾਂ ਦਾ ਕੰਮਕਾਰ ਪ੍ਰਭਾਵਿਤ ਕਰਨ ਦੇ ਇਰਾਦੇ ਨਾਲ ਸੂਬਿਆਂ ਦੇ ਰਾਜਪਾਲਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤੇ ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਸਰਕਾਰਾਂ ਦੇ ਕੰਮ ਕਾਰ ਵਿੱਚ ਰੁਕਾਵਟਾਂ ਪਾਉਣ। ਇਸਦੀ ਉਦਾਹਰਨ ਮਹਾਰਾਸ਼ਟਰ ਵਿੱਚ ਵਿਧਾਨ ਪ੍ਰੀਸ਼ਦ ਦੀ ਚੋਣ ਕਰਨ ਵਿੱਚ ਦੇਰੀ ਕਰਨ ਅਤੇ ਪੱਛਮੀ ਬੰਗਾਲ ਵਿੱਚ ਬਿਨਾਂ ਵਜਾਹ ਸਰਕਾਰੀ ਕੰਮ ਵਿੱਚ ਦਖ਼ਲ ਦੇਣ ਤੋਂ ਵੇਖੀ ਜਾ ਸਕਦੀ ਹੈ। ਰਾਜਪਾਲਾਂ ਵਲੋਂ ਦਿੱਤੇ ਜਾ ਰਹੇ ਬਿਆਨ ਜਾਂ ਦਖ਼ਲ ਅਸਲ ਵਿੱਚ ਭਾਜਪਾ ਦੇ ਅਜੰਡੇ ਨੂੰ ਅੱਗੇ ਵਧਾਉਣ ਵਜੋਂ ਵੇਖੇ ਜਾ ਸਕਦੇ ਹਨ। ਕੋਵਿਡ-19 ਨੂੰ ਲਾਗੂ ਕਰਨ ਦੇ ਨਾਂਅ ਉੱਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਜਿਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਵੀਡੀਓਜ਼ ਸੰਦੇਸ਼ ਦਿੱਤੇ ਜਾਂਦੇ ਹਨ ਅਤੇ ਹਰ ਛੋਟੀ-ਮੋਟੀ ਗੱਲ ਉੱਤੇ ਨਿਰਦੇਸ਼ ਦਿੱਤੇ ਜਾ ਰਹੇ ਹਨ, ਉਹ ਅਸਲ ਅਰਥਾਂ ਵਿੱਚ ਤਾਕਤਾਂ ਦੇ ਕੇਂਦਰੀਕਰਨ ਦੀ ਤਸਵੀਰ ਪੇਸ਼ ਕਰਦੇ ਹਨ। ਇਵੇਂ ਹੀ, ਜਿਸ ਢੰਗ ਨਾਲ ਇਲੈਕਟ੍ਰੌਨਿਕ ਮੀਡੀਆ ਵਿੱਚ ਮੋਦੀ ਦਾ ਅਕਸ ਇੱਕ ਪੂਜਣਯੋਗ ਸ਼ਖਸੀਅਤ ਉਭਾਰਨ ਦਾ ਜਿਵੇਂ ਯਤਨ ਹੋ ਰਿਹਾ ਹੈ, ਉਹ ਮੋਦੀ ਹਕੂਮਤ ਵਲੋਂ ਪ੍ਰੈੱਸ ਉੱਤੇ ਨਕੇਲ ਦੀ ਮੂੰਹ ਬੋਲਦੀ ਤਸਵੀਰ ਹੈ। ਅਸਲ ਵਿੱਚ ਤਾਂ ਕੋਵਿਡ-19 ਨੇ ਨਰੇਂਦਰ ਮੋਦੀ ਨੂੰ ਇੱਕ ਇਹੋ ਜਿਹਾ ਮੌਕਾ ਪ੍ਰਦਾਨ ਕਰ ਦਿੱਤਾ ਹੈ, ਜਿਸ ਤਹਿਤ ਉਹ ਆਫ਼ਤ ਦੇ ਨਾਂਅ ਉੱਤੇ ਅਥਾਹ ਸ਼ਕਤੀਆਂ ਪ੍ਰਾਪਤ ਕਰਕੇ, ਹਰ ਇੱਕ ਨੂੰ ਆਪਣੇ ਅਧੀਨ ਕਰਨ ਦੇ ਚੱਕਰ ਵਿੱਚ ਹੈ ਕਿਉਂਕਿ ਲੋਕ ਇਸ ਆਫ਼ਤ ਤੋਂ ਬੁਰੀ ਤਰਾਂ ਡਰੇ ਹੋਏ ਹਨ ਜਾਂ ਡਰਾਏ ਗਏ ਹਨ। ਇਸ ਆਫ਼ਤ ਨੇ ਬੁਰੀ ਤਰਾਂ ਲੋਕਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਦੁਨੀਆ ਨੇ ਦੋ ਦਹਾਕਿਆਂ ਵਿੱਚ ਜੋ ਪ੍ਰਾਪਤੀਆਂ ਕੀਤੀਆਂ ਸਨ, ਕੋਰੋਨਾ ਵਾਇਰਸ ਨੇ ਉਹਨਾਂ ਦਾ ਮਲੀਆਮੇਟ ਕਰ ਦਿੱਤਾ ਹੈ। ਭਾਰਤ, ਜਿਸਨੇ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਮੁਤਾਬਕ 2006 ਤੋਂ 2016 ਵਿਚਕਾਰ 21 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਲਿਆਂਦਾ ਦਿੱਤਾ ਸੀ, ਉਹਨਾਂ ਲੋਕਾਂ ਨੂੰ ਹੁਣ ਰੋਟੀ ਤਕ ਦੇ ਲਾਲੇ ਪੈਣ ਦਾ ਖਦਸ਼ਾ ਹੋ ਗਿਆ ਹੈ। ਇਸ ਡਰ ਦੇ ਮਾਹੌਲ ਵਿੱਚ ਨਰੇਂਦਰ ਮੋਦੀ ਨੂੰ ਇੱਕ ਤਾਰਨਹਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਨਰੇਂਦਰ ਮੋਦੀ ਅਤੇ ਉਸਦੀ ਸਰਕਾਰ ਨੇ ਪਹਿਲਾਂ ਹੀ ਸਿਵਲ ਸਰਵਿਸਜ, ਜਾਂਚ ਏਜੰਸੀਆਂ ਦਾ ਰਾਜਨੀਤਕ ਔਜਾਰ ਦੇ ਰੂਪ ਵਿੱਚ ਇਸਤੇਮਾਲ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਆਪਣੇ ਵਿਰੋਧੀ ਨੂੰ ਲਿਤਾੜਨ ਲਈ ਉਸਨੇ ਹਰ ਹਥਿਆਰ ਦੀ ਵਰਤੋਂ ਕੀਤੀ ਹੈ। ਪਰ ਵੱਡੇ ਯਤਨਾਂ ਦੇ ਬਾਵਜੂਦ ਵੀ ਉਹ ਸੰਵਿਧਾਨ ਦੀ ਸੰਘੀ ਪਰੰਪਰਾ ਨੂੰ ਹਾਲ ਦੀ ਘੜੀ ਤੋੜਨ ਵਿੱਚ ਕਾਮਯਾਬੀ ਹਾਸਲ ਨਹੀਂ ਕਰ ਸਕੇ।

ਮੋਦੀ ਸਰਕਾਰ ਦਾ ਗਠਨ 2014 ਵਿੱਚ ਹੋਇਆ। 2014 ਅਤੇ 2019 ਦੇ ਦਰਮਿਆਨ ਕੁਝ ਰਾਜਾਂ ਵਿੱਚ ਭਾਜਪਾ ਨੇ ਆਪਣੀਆਂ ਸਰਕਾਰਾਂ ਬਣਾਈਆਂ ਅਤੇ ਵਿਰੋਧੀਆਂ ਨੂੰ ਚਿੱਤ ਕੀਤਾ। ਕਾਂਗਰਸ ਮੁਕਤ ਭਾਰਤ ਦਾ ਨਾਹਰਾ ਭਾਜਪਾ ਅਤੇ ਮੋਦੀ ਸਰਕਾਰ ਵਲੋਂ ਦਿੱਤਾ ਗਿਆ। ਸਾਲ 2019 ਵਿੱਚ ਮੁੜ ਭਾਜਪਾ ਨੇ ਭਾਰੀ ਜਿੱਤ ਹਾਸਲ ਕੀਤੀ। ਕੇਂਦਰ ਵਿੱਚ ਉਹ ਸੂਬਿਆਂ ਵਿੱਚ ਜਿੱਤਾਂ ਹਾਸਲ ਨਹੀਂ ਕਰ ਸਕੇ। ਉਂਜ ਭਾਜਪਾ ਨੇ ਆਪਣਾ ਅਜੰਡਾ ਲਾਗੂ ਕਰਨਾ ਜਾਰੀ ਰੱਖਿਆ। ਅਯੋਧਿਆ ਮੰਦਰ ਦੀ ਉਸਾਰੀ ਸਬੰਧੀ ਫੈਸਲਾ ਕਰਵਾਇਆ, ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖ਼ਤਮ ਕਰਕੇ ਉਸ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਧਾਰਾ 370 ਖ਼ਤਮ ਕਰ ਦਿੱਤੀ। ਦੇਸ਼ ਵਿੱਚ 2019 ਸਿਟੀਜ਼ਨ ਸੋਧ ਬਿੱਲ ਪੇਸ਼ ਕਰਕੇ ਬਹੁ ਚਰਚਿਤ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕਰਾ ਦਿੱਤਾ, ਜਿਸਨੂੰ ਦੇਸ਼ ਦੇ ਵਿਰੋਧੀ ਪਾਰਟੀਆਂ ਵਲੋਂ ਸ਼ਾਸਤ ਸੂਬਿਆਂ ਨੇ ਲਾਗੂ ਕਰਨ ਤੋਂ ਇਨਕਾਰ ਕੀਤਾ। ਪਰ ਇਹ ਵਿਰੋਧੀ ਆਵਾਜ਼ ਭਾਜਪਾ ਆਗੂ ਨਰੇਂਦਰ ਮੋਦੀ ਨੂੰ ਕਿਸੇ ਵੀ ਹਾਲਤ ਵਿੱਚ ਪ੍ਰਵਾਨ ਨਹੀਂ ਹੈ ਕਿਉਂਕਿ ਨਰੇਂਦਰ ਮੋਦੀ ਦੀ ਰਾਜਨੀਤਕ ਸ਼ੈਲੀ, ਆਰ.ਐੱਸ. ਐੱਸ. ਦੀ ਸ਼ੈਲੀ ਹੈ, ਜੋ ਵਿਰੋਧੀਆਂ ਨੂੰ ਟਿੱਚ ਸਮਝਦੀ ਹੈ। ਉਦਾਹਰਨ ਦੇ ਤੌਰ ਉੱਤੇ ਇਸ ਕੁਦਰਤੀ ਕੋਰੋਨਾ ਆਫ਼ਤ ਸਮੇਂ ਬਾਵਜੂਦ ਕਾਂਗਰਸ ਅਤੇ ਹੋਰ ਪਾਰਟੀਆਂ ਵਲੋਂ ਰਲਕੇ ਆਫ਼ਤ ਦਾ ਮੁਕਾਬਲਾ ਕਰਨ ਦੀ ਪੇਸ਼ਕਸ਼ ਦੇ, ਨਰੇਂਦਰ ਮੋਦੀ ਨੇ ਇਕੱਲਿਆਂ ਹੀ ਆਪਣੀ ਸ਼ਖਸੀਅਤ ਨੂੰ ਉਭਾਰਨ ਲਈ ਛੋਟੇ-ਵੱਡੇ ਪਰਦੇ, ਮੀਡੀਆ, ਟਵਿੱਟਰ, ਫੇਸਬੁੱਕ ਅਤੇ ਹਰ ਥਾਂ ਆਪਣੇ ਆਪ ਨੂੰ ਹੀ ਮੋਹਰੀ ਰੱਖਿਆ। ਸੂਬਿਆਂ ਦੇ ਮੁੱਖ ਮੰਤਰੀ ਖ਼ਾਸ ਕਰਕੇ ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਨਾਲ ਸਲਾਹ ਮਸ਼ਵਰਾ ਕਰਨ ਦੀ ਬਜਾਏ, ਆਪੂੰ ਤਿਆਰ ਕੀਤਾ 'ਪਲਾਨ' ਹੀ ਪੂਰੇ ਦੇਸ਼ ਉੱਤੇ ਆਫ਼ਤ ਨੂੰ ਕਾਬੂ ਕਰਨ ਲਈ ਲਾਗੂ ਕੀਤਾ। ਇੱਥੇ ਹੀ ਬੱਸ ਨਹੀਂ, ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਕੋਰੋਨਾ ਆਫ਼ਤ ਸਮੇਂ ਅਸਥਿਰ ਕਰਨ ਕਰਕੇ ਕਬਜ਼ਾ ਕਰਨ ਦਾ ਯਤਨ ਕੀਤਾ। ਹਾਲ ਦੀ ਘੜੀ ਮੱਧ ਪ੍ਰਦੇਸ਼ ਸਰਕਾਰ ਇਸਦੀ ਜਿਉਂਦੀ ਜਾਗਦੀ ਮਿਸਾਲ ਹੈ, ਜਿੱਥੇ 22 ਕਾਂਗਰਸੀ ਵਿਦਾਇਕਾਂ ਤੋਂ ਅਸਤੀਫ਼ਾ ਦੁਆ ਕੇ ਭਾਜਪਾ ਦਾ ਸ਼ਿਵਰਾਜ, ਸਾਬਕਾ ਮੁੱਖ ਮੰਤਰੀ, ਮੁੜ ਮੁੱਖ ਮੰਤਰੀ ਵਜੋਂ ਕੁਰਸੀ 'ਤੇ ਸਜਾ ਦਿੱਤਾ।

ਸੰਵਿਧਾਨ ਅਨੁਸਾਰ ਕੇਂਦਰ ਸਰਕਾਰ ਕੋਲ ਬਹੁਤੇ ਅਧਿਕਾਰ ਹਨ। ਸੂਬਿਆਂ ਕੋਲ ਸੀਮਤ ਅਧਿਕਾਰ ਹਨ। ਕਾਂਗਰਸ ਨੇ ਜਿੰਨਾ ਚਿਰ ਹਕੂਮਤ ਕੀਤੀ, ਸੂਬਿਆਂ ਦੇ ਅਧਿਕਾਰਾਂ ਉੱਤੇ ਛਾਪਾ ਮਾਰਿਆ। ਹਰ ਛੋਟੀ-ਮੋਟੀ ਚੀਜ਼ ਦੀ ਮਨਜ਼ੂਰੀ ਕੇਂਦਰ ਵਲੋਂ ਜਾਰੀ ਕੀਤੀ। ਵੱਡਾ ਕਾਰਖਾਨਾ, ਯੂਨੀਵਰਸਿਟੀਆਂ ਹੋਰ ਅਦਾਰੇ ਕੇਂਦਰ ਦੀ ਸਹਿਮਤੀ ਤੋਂ ਬਿਨਾਂ ਸੂਬਿਆਂ ਵਿੱਚ ਬਣਾਏ ਹੀ ਨਹੀਂ ਜਾ ਸਕੇ। ਸਮੇਂ ਸਮੇਂ ਵਿਰੋਧੀ ਧਿਰ ਵਲੋਂ ਅਧਿਕਾਰਾਂ ਦੀ ਮੰਗ ਕੀਤੀ ਗਈ। ਪੱਛਮੀ ਬੰਗਾਲ, ਕੇਰਲ ਦੀਆਂ ਕਮਿਊਨਿਸਟ ਸਰਕਾਰਾਂ, ਸ਼੍ਰੋਮਣੀ ਅਕਾਲੀ ਦਲ, ਕੁਝ ਦੱਖਣੀ ਰਾਜਾਂ ਨੇ ਵੱਧ ਅਧਿਕਾਰ ਮੰਗੇ ਪਰ ਇਹਨਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਕੋਈ ਵੱਡਾ ਸੰਘਰਸ਼ ਨਹੀਂ ਵਿੱਢਿਆ।ਭਾਜਪਾ ਦਾ ਅਜੰਡਾ ਤਾਂ ਮੁੱਢ ਤੋਂ ਕੇਂਦਰੀਕਰਨ ਦਾ ਏਜੰਡਾ ਹੈ। ਉਸ ਕੋਲ ਹੁਣ ਇੱਕ ਇਹੋ ਜਿਹਾ ਸ਼ਖਸ ਹੈ, ਜੋ ਇਸ ਏਜੰਡੇ ਨੂੰ ਬਿਨਾਂ ਕਿਸੇ ਸੰਕੋਚ ਕਠੋਰਤਾ ਨਾਲ ਲਾਗੂ ਕਰਨ ਦੇ ਰਾਹ ਪਿਆ ਹੋਇਆ ਹੈ। ਤਾਕਤਾਂ ਦੇ ਕੇਂਦਰੀਕਰਨ ਦੀਆਂ ਕੁਝ ਉਦਾਹਰਨਾਂ ਸਪਸ਼ਟ ਹਨ। ਨੋਟਬੰਦੀ ਦਾ ਹੁਕਮ ਰਾਤੋ-ਰਾਤ ਜਾਰੀ ਹੋਣਾ। ਇੱਕ ਦੇਸ਼ ਇੱਕ ਟੈਕਸ ਦੇ ਨਾਂਅ ਉੱਤੇ ਜੀ.ਐੱਸ. ਟੀ. ਲਾਗੂ ਕਰਨਾ ਅਤੇ ਸੂਬਿਆਂ ਨੂੰ ਹੱਥਲ ਕਰ ਦੇਣਾ। ਬਿਨਾ ਕਿਸੇ ਤਿਆਰੀ, ਸੂਬਿਆਂ ਦੀ ਸਲਾਹ ਲਏ ਬਿਨਾਂ, ਦੇਸ਼ ਨੂੰ ਲੌਕਡਾਊਨ ਵੱਲ ਧੱਕ ਦੇਣਾ ਅਤੇ ਫਿਰ ਨਤੀਜੇ ਭੁਗਤਣ ਲਈ ਸੂਬਿਆਂ ਨੂੰ ਉਹਨਾਂ ਦੇ ਰਹਿਮੋ-ਕਰਮ ਉੱਤੇ ਛੱਡ ਦੇਣਾ। ਅਸਲ ਵਿੱਚ ਤਾਂ ਕੇਂਦਰ ਵਲੋਂ ਸੂਬਾ ਸਰਕਾਰਾਂ ਨੂੰ ਇਸ ਵੇਲੇ ਸੂਬੇ ਦੀਆਂ ਨਗਰਪਾਲਿਕਾਵਾਂ, ਅਰਥਾਤ ਸਥਾਨਕ ਸਰਕਾਰਾਂ ਹੀ ਬਣਾਕੇ ਰੱਖਣ ਦੀ ਯੋਜਨਾ ਹੈ, ਜਿਹਨਾਂ ਕੋਲ ਕਹਿਣ ਨੂੰ ਤਾਂ ਬਹੁਤ ਅਧਿਕਾਰ ਹੋਣ, ਪਰ ਅਸਲ ਵਿੱਚ ਇਹਨਾਂ ਦੀ ਵਰਤੋਂ ਪ੍ਰਸ਼ਾਸਨਿਕ ਅਧਿਕਾਰੀ ਕਰਦੇ ਹੋਣ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਤਿੰਦਰ ਸਰਤਾਜ ਵੱਲੋਂ ਗਾਏ ਗਏ 'ਜ਼ਫਰਨਾਮਾਹ' ਦੀ ਪੜਤਾਲ ਰਿਪੋਰਟ ਵਿਚ ਹੋਏ ਕਈ ਅਹਿਮ ਖੁਲਾਸੇ



- ਡਾ: ਸੁਖਪ੍ਰੀਤ ਸਿੰਘ ਉਦੋਕੇ

ਪੰਜਾਬੀ ਗਾਇਕ ਸਤਿੰਦਰ ਸਰਤਾਜ ਨੇ ਬੀਤੇ ਦਿਨੀਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਵੱਲੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੀ ਗਈ ਇਤਿਹਾਸਕ ਚਿੱਠੀ 'ਜ਼ਫਰਨਾਮਾਹ' ਦਾ ਗਾਇਨ ਕੀਤਾ ਸੀ। ਇਹ ਲਿਖਤ ਗੁਰੂ ਸਾਹਿਬ ਵੱਲੋਂ ਮੂਲ ਰੂਪ ਵਿਚ ਫਾਰਸੀ ਭਾਸ਼ਾ ਵਿਚ ਲਿਖੀ ਗਈ ਹੈ, ਜਿਸ ਦਾ ਪੰਜਾਬੀ ਵਿਚ ਵੱਖ-ਵੱਖ ਵਿਦਵਾਨਾਂ ਵੱਲੋਂ ਤਰਜ਼ਮਾ ਕੀਤਾ ਗਿਆ ਹੈ। ਇਸ ਲਿਖਤ ਦੇ ਫਾਰਸੀ ਅਤੇ ਹੋਰ ਭਾਸ਼ਾਵਾਂ ਵਿਚ ਕਈ ਵੱਖ-ਵੱਖ ਖਰੜੇ ਮਿਲਦੇ ਹਨ। ਸਤਿੰਦਰ ਸਰਤਾਜ ਵੱਲੋਂ ਇਕ ਡੂੰਘੀ ਖੋਜ ਉਪਰੰਤ ਇਸ ਚਿੱਠੀ ਦਾ ਗਾਇਨ ਕੀਤਾ ਗਿਆ। ਪਰ ਬਹੁਤ ਵੱਡੀ ਧਾਰਮਿਕ ਅਤੇ ਸਾਹਿਤਕ ਮਹੱਤਤਾ ਰੱਖਦੀ ਇਸ ਲਿਖਤ ਦੇ ਗਾਇਨ ਵਿਚ ਕੁੱਝ ਤਰੁਟੀਆਂ ਸਬੰਧੀ ਕਈ ਤਰਾਂ ਦੇ ਇਤਰਾਜ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚੇ ਸੀ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਸਾਬਕਾ ਆਗੂ ਸਰਚੰਦ ਸਿੰਘ ਵੱਲੋਂ ਇਹਨਾਂ ਇਤਰਾਜ਼ਾਂ ਵਜੋਂ ਇਕ ਮੰਗ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤਾ ਗਿਆ ਸੀ। ਇਹਨਾਂ ਇਤਰਾਜ਼ਾਂ ਦੀ ਘੋਖ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੁੱਝ ਸਿੱਖ ਵਿਦਵਾਨਾਂ ਦੀ ਜ਼ਿੰਮੇਵਾਰੀ ਲਾਈ ਗਈ ਸੀ। ਇਹਨਾਂ ਵਿਦਵਾਨਾਂ ਵਿਚੋਂ ਇਕ ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਆਪਣੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਜਮਾ ਕਰਵਾ ਦਿੱਤੀ ਹੈ। ਇਸ ਜਾਂਚ ਰਿਪੋਰਟ ਨੂੰ ਹੂ-ਬ-ਹੂ ਅਸੀਂ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਦੇ ਪੜਨ ਹਿੱਤ ਇੱਥੇ ਛਾਪ ਰਹੇ ਹਾਂ। ਹਲਾਂਕਿ ਵਿਦਵਾਨਾਂ ਦੀ ਜਾਂਚ ਮਗਰੋਂ ਇਤਰਾਜ਼ ਬੇਬੁਨਿਆਦ ਪਾਏ ਜਾਣ 'ਤੇ ਅਕਾਲ ਤਖ਼ਤ ਸਾਹਿਬ ਨੇ ਸ਼ਿਕਾਇਤਾਂ ਨੂੰ ਬੇਬੁਨਿਆਦ ਦੱਸਿਆ। ਪਰ 'ਜ਼ਫਰਨਾਮਾਹ' ਸਬੰਧੀ ਸ਼ੁਰੂ ਹੋਈ ਇਸ ਵਾਰਤਾ ਸਬੰਧੀ ਡਾ. ਸੁਖਪ੍ਰੀਤ ਸਿੰਘ ਉਦੋਕੇ ਦੀ ਇਹ ਖੋਜ ਭਰਪੂਰ ਲਿਖਤ ਸਦੀਵੀ ਅਹਿਮੀਅਤ ਰੱਖਦੀ ਹੈ।

ਸੇਵਾ ਵਿਖੇ
ਸਿੰਘ ਸਾਹਿਬ ਗਿ: ਹਰਪ੍ਰੀਤ ਸਿੰਘ ਜੀਓ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
ਸ੍ਰੀ ਅੰਮ੍ਰਿਤਸਰ।
ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਵਿਸ਼ਾ:- ਆਪ ਜੀ ਵਲੋਂ ਪੱਤਰ (ਅ ਤ/20/14 ) ਅਧੀਨ ਪੰਜਾਬੀ ਗਾਇਕ ਸਤਿੰਦਰ ਸਰਤਾਜ ਵਲੋਂ ਗਾਇਨ ਜ਼ਫ਼ਰਨਾਮਾਹ ਦੀ ਪੜਤਾਲ ਦੇ ਹੁਕਮ ਬਾਰੇ।

ਆਪ ਜੀ ਵਲੋਂ ਦਾਸ ਨੂੰ ਪੰਜਾਬੀ ਗਾਇਕ ਡਾ: ਸਤਿੰਦਰਪਾਲ ਸਿੰਘ ਸਰਤਾਜ ਵਲੋਂ ਗਾਇਨ ਕੀਤੇ ਗਏ ਅਤੇ ਲਿਖਤ ਰੂਪ ਵਿੱਚ ਪੇਸ਼ ਕੀਤੇ ਗਏ ਜ਼ਫ਼ਰਨਾਮਾਹ ਬਾਰੇ ਦਫ਼ਤਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀ ਲਿਖਤੀ ਸ਼ਿਕਾਇਤ ਦੀ ਜਾਂਚ ਪੜਤਾਲ ਦੀ ਰਿਪੋਰਟ ਬਣਾ ਕੇ ਪੇਸ਼ ਕਰਨ ਦਾ ਹੁਕਮ ਕੀਤਾ ਗਿਆ ਸੀ। ਦਾਸ ਵਲੋਂ ਅੱਜ ਮਿਤੀ 5 ਮਈ 2020 ਨੂੰ ਸਾਰੇ ਪੱਖਾਂ ਤੋਂ ਅਤੇ ਮੀਡੀਏ ਵਿੱਚ ਹੋ ਰਹੀ ਚਰਚਾ ਦੀ ਪ੍ਰਾਪਤ ਵਸੀਲਿਆਂ ਅਨੁਸਾਰ ਜਾਂਚ ਕਰਨ ਉਪਰੰਤ ਰਿਪੋਰਟ ਪੇਸ਼ ਹੈ ਜੀ।

## ਜ਼ਫ਼ਰਨਾਮਹ

ਪੰਜਾਬੀ ਸੱਭਿਆਚਾਰ ਨੂੰ ਪਰਨਾਏ ਗਾਇਕ ਡਾ:ਸਤਿੰਦਰ ਸਰਤਾਜ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਰਚਨਾ ਦਾ ਬਹੁਤ ਹੀ ਵਧੀਆ ਰੂਪ ਵਿੱਚ ਗਾਇਨ ਕੀਤਾ ਹੈ। ਦਸਮ ਗ੍ਰੰਥ (ਜਿਸ ਵਿੱਚ ਕਿ ਜ਼ਫ਼ਰਨਾਮਹ ਦਰਜ਼ ਹੈ) ਤੋਂ ਇਲਾਵਾ ਜ਼ਫ਼ਰਨਾਮਹ ਦੇ ਅਨੇਕਾਂ ਹੀ ਹੋਰ ਖਰੜੇ ਮਿਲਦੇ ਹਨ, ਜਿੰਨਾਂ ਦਾ ਮੂਲ ਫ਼ਾਰਸੀ ਹੋਣ ਕਰਕੇ ਉਹਨਾਂ ਦੇ ਗੁਰਮੁਖੀ ਲਿਪੀਆਂਤਰ ਵਿੱਚ ਬਹੁਤ ਹੀ ਭਿੰਨਤਾਵਾਂ ਹਨ ਅਤੇ ਕਿਸੇ ਵੀ ਲਿਖਾਰੀ ਵਲੋਂ ਲਿਖੇ ਜਾਂ ਕਿਸੇ ਵਲੋਂ ਗਾਏ ਜ਼ਫ਼ਰਨਾਮਾਹ ਵਿੱਚ ਅਸ਼ੁੱਧੀਆਂ ਨੂੰ ਬਿਆਨ ਕਰਨਾ ਕੋਈ ਔਖਾ ਕਾਰਜ ਨਹੀਂ ਹੈ ਕਿਉਂ ਕਿ ਕੋਈ ਵੀ ਖਰੜਾ ਇਕ ਦੂਸਰੇ ਨਾਲ ਮੇਲ ਨਹੀਂ ਖਾਂਦਾ ਹੈ।

ਸਤਿੰਦਰ ਪਾਲ ਸਿੰਘ ਸਰਤਾਜ ਵਲੋਂ ਗਾਇਨ ਕੀਤੇ ਗਏ ਜ਼ਫ਼ਰਨਾਮਾਹ ਵਿੱਚ ਸ਼ਿਕਾਇਤ ਕਰਨ ਵਾਲੀ ਅਤੇ ਵਿਰੋਧ ਕਰਨ ਵਾਲੀ ਧਿਰ ਦੀ ਸਮੱਸਿਆ ਵੀ ਇਹੀ ਹੈ ਕਿ ਇਕ ਤਾਂ ਉਹਨਾਂ ਨੇ ਜ਼ਫ਼ਰਨਾਮਹ ਦੇ ਮੂਲ ਖਰੜਿਆਂ ਦਾ ਅਧਿਐਨ ਨਹੀਂ ਕੀਤਾ ਅਤੇ ਦੂਸਰਾ ਮੇਰੇ ਖਿਆਲ ਅਨੁਸਾਰ ਉਹਨਾਂ ਨੇ ਫ਼ਾਰਸੀ ਭਾਸ਼ਾ ਦੇ ਸਰੋਤਾਂ ਦਾ ਅਧਿਐਨ ਨਹੀਂ ਕੀਤਾ। ਮੈਂ ਹੁਣ ਤੱਕ ਮੇਰੀ ਲਾਇਬਰੇਰੀ ਵਿੱਚ ਮੌਜੂਦ ਜਿੰਨੇ ਵੀ ਖਰੜਿਆਂ ਦਾ ਅਧਿਐਨ ਕੀਤਾ ਹੈ ਮੈਨੂੰ ਸਤਿੰਦਰ ਸਿੰਘ ਵਲੋਂ ਗਾਇਨ ਕੀਤਾ ਗਿਆ ਜ਼ਫ਼ਰਨਾਮਹ ਸਭ ਤੋਂ ਵੱਧ ਸ਼ੁੱਧ ਅਤੇ ਤਰੁੱਟੀਆਂ ਤੋਂ ਰਹਿਤ ਪ੍ਰਤੀਤ ਹੋਇਆ ਹੈ।

ਉਸ ਵਲੋਂ ਵਧੀਆ ਗਾਇਨ ਹੀ ਨਹੀਂ ਕੀਤਾ ਗਿਆ ਬਲਕਿ ਫ਼ਾਰਸੀ ਦੇ ਸ਼ੁੱਧ ਉਚਾਰਣ ਲਈ ਐਸੀਆਂ ਨਵੀਆਂ ਸੇਧਾਂ ਵੀ ਨਿਰਧਾਰਿਤ ਕੀਤੀਆਂ ਹਨ ਜੋ ਕਿ ਅੱਜ ਦੇ ਵਿਦਿਆਰਥੀਆਂ ਅਤੇ ਖੋਜ ਕਰਤਾਵਾਂ ਵਾਸਤੇ ਲਾਹੇਵੰਦ ਸਾਬਤ ਹੋਣਗੀਆਂ ਅਤੇ ਜੇਕਰ ਅਸੀਂ ਕਿਸੇ ਭਾਸ਼ਾ ਵਿਗਿਆਨੀ ਨੂੰ ਵੀ ਇਸ ਗੋਸ਼ਟੀ ਵਿੱਚ ਸ਼ਾਮਿਲ ਕਰੀਏ ਤਾਂ ਗੁਰਮੁੱਖੀ ਬੋਲੀ ਦੇ ਪ੍ਰਸਾਰ ਹਿੱਤ ਨਵੀਆਂ ਸੇਧਾਂ ਅਤੇ ਦਿਸ਼ਾਵਾਂ ਉਪਰ ਵਧੀਆ ਕਾਰਜ ਆਰੰਭ ਹੋ ਸਕਦਾ ਹੈ।

ਕੁੱਝ ਫ਼ਾਰਸੀ ਬੋਲੀ ਦੇ ਐਸੇ ਸ਼ਬਦ ਹਨ ਜਿਨਾਂ ਬਾਰੇ ਲਿਖਣ ਅਤੇ ਬੋਲਣ ਬਾਰੇ ਕਿਸੇ ਵੀ ਪ੍ਰਕਾਸ਼ਿਤ ਹੋਏ ਖਰੜੇ ਵਿੱਚ ਉਚਾਰਣ ਦੀਆਂ ਨਿੱਗਰ ਹਿਦਾਇਤਾਂ ਜਾਂ ਦਿਸ਼ਾਵਾਂ ਨਹੀਂ ਸਨ ਪਰ ਸਤਿੰਦਰਪਾਲ ਸਿੰਘ ਨੇ ਆਪਣੇ ਗਾਇਨ ਅਤੇ ਉਸ ਦੇ ਨਾਲ ਫ਼ਾਰਸੀ ਤੋਂ ਗੁਰਮੁੱਖੀ ਵਿੱਚ ਕੀਤੇ ਲਿਪੀਆਂਤਰ ਵਿੱਚ ਇਸ ਸਮੱਸਿਆ ਦਾ ਪੂਰਨ ਹੱਲ ਸੁਝਾਇਆ ਹੈ।

ਇਸ ਬਾਰੇ ਜਿਹੜੇ ਲਿਖਤੀ ਅਤੇ ਵੀਡੀਓ ਦੁਆਰਾ ਕੁੱਝ ਇਤਰਾਜ਼ ਆਏ ਹਨ ਉਹਨਾਂ ਦਾ ਆਧਾਰ ਬਹੁਤ ਹੀ ਪੇਤਲਾ ਅਤੇ ਨਿਰਮੂਲ ਹੈ।

## ਪੜਤਾਲ:

ਸਤਿੰਦਰਪਾਲ ਸਿੰਘ ਵਲੋਂ ਆਪਣੇ ਗਾਇਨ ਦਾ ਆਰੰਭ '੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ' ਤੋਂ ਕੀਤਾ ਹੈ ਜੋ ਕਿ ਬਹੁਤ ਸਾਰੇ ਖਰੜਿਆਂ ਵਿੱਚ ਭਿੰਨ ਹੈ ਪ੍ਰੰਤੂ ਫ਼ਾਰਸੀ ਦੇ ਇਕ ਉਪਲਬਧ ਖਰੜੇ ਵਿੱਚ ਇਸ ਦੀ ਆਰੰਭਤਾ ਇਸੇ ਤਰਾਂ ਹੀ ਹੁੰਦੀ ਹੈ।

ਵੈਸੇ ਇਸ ਦੇ ਅਨੇਕਾਂ ਖਰੜਿਆਂ ਵਿੱਚ ਇਸ ਦੀ ਅਰੰਭਤਾ ਦੇ ਭਿੰਨ ਭਿੰਨ ਸਰੂਪ ਮਿਲਦੇ ਹਨ ਜਿਵੇਂ ਕਿ,

੧.ਕੁਝ ਖਰੜਿਆਂ ਵਿੱਚ ਇਸ ਰਚਨਾਂ ਤੋਂ ਪਹਿਲਾਂ ਮੰਗਲ ਨਹੀਂ ਹੈ ਪਰ ਲਿਖਿਆਂ ਹੈ- ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ ੧੦ ਬਰ ਹੁਕਮਨਾਮਾ ਬਤਰਫ਼ (ਭਾਈ ਮਨੀ ਸਿੰਘ ਵਾਲੀ ਲਿਖਤ)

੨.ਕੁਝ ਇਸ ਤਰਾਂ ਹਨ- ੧ਓ ਹੁਕਮ ਸਤਿ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥ ਜ਼ਫ਼ਰਨਾਮਾ ਸ੍ਰੀ ਮੁਖਵਾਕ ਪਾਤਿਸ਼ਾਹੀ ॥੧੦ ॥ (ਮੋਤੀ ਬਾਗ ਪਟਿਆਲੇ ਵਾਲੀ ਲਿਖਤ)

੩.ਕੁਝ ਖਰੜਿਆਂ ਵਿੱਚ ਜ਼ਿਕਰ ਹੈ- ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥ (ਸੰਗਰੂਰ ਵਾਲਾ ਖਰੜਾ)

੪.ਕੁਝ ਲਿਖਤੀ ਨੁਸਖਿਆਂ ਵਿੱਚ ਅੰਕਿਤ ਹੈ- ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥ ਜ਼ਫ਼ਰਨਾਮਾ ਹਸਤਨੀ ਵ ਜ਼ੁਬਾਨ ਮੁਬਾਰਕ ਪਾਤਿਸ਼ਾਹੀ ੧੦ ॥ (ਪਟਨੇ ਵਾਲਾ ਖਰੜਾ)

ਸੋ ਜਿੰਨੇ ਕਿ ਹੁਣ ਨਵੀਨ ਲਿਖਤੀ ਖਰੜੇ ਮਿਲਦੇ ਹਨ ਉਹਨਾਂ ਵਿੱਚ ਇਸ ਦੀ ਸ਼ੁਰੂਆਤ ' ॥ਹੁਕਮ ਸਤਿ ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥' ਦੇ ਸਿਰਲੇਖ ਨਾਲ ਕੀਤੀ ਦਰਸਾਈ ਗਈ ਹੈ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਇਹ ਮੋਤੀ ਬਾਗ ਵਾਲੇ ਖਰੜੇ ਦਾ ਉਤਾਰਾ ਹਨ ਪਰੰਤੂ ਪਿਆਰਾ ਸਿੰਘ ਪਦਮ ਨੇ ਆਪਣੇ ਅਨੁਵਾਦ ਦੀ ਆਰੰਭਤਾ ਬਿਨਾਂ ਇਸ ਸਿਰਲੇਖ ਤੋਂ ਕੀਤੀ ਹੈ।

ਡਾ: ਸਤਿੰਦਰ ਸਿੰਘ ਸਰਤਾਜ ਵਲੋਂ ਜਿਸ ਖਰੜੇ ਨੂੰ ਆਧਾਰ ਲੈ ਕੇ ਆਪਣੇ ਗਾਇਨ ਦੀ ਅਰੰਭਤਾ ਕੀਤੀ ਗਈ ਹੈ ਉਸ ਦਾ ਮੂਲ ਸਰੋਤ ਫ਼ਾਰਸੀ ਖਰੜਾ ਹੈ ਜੋ ਕਿ ਹਵਾਲੇ ਵਜੋਂ ਨਾਲ ਹੈ।

ਜ਼ਫ਼ਰਨਾਮਾਹ ਸ਼ਬਦ ਦਾ ਉਚਾਰਣ ਅਤੇ ਲਿਖਤ:-

ਜ਼ਫ਼ਰਨਾਮਹ ਸ਼ਬਦ ਦਾ ਰੂਪ ਬਹੁਤ ਸਾਰੇ ਫ਼ਾਰਸੀ ਸਰੋਤਾਂ ਵਿੱਚ ਜ਼ਫ਼ਰਨਾਮਾ ਮਿਲਦਾ ਹੈ ਪਰ ਫ਼ਾਰਸੀ ਬੋਲੀ ਦਾ ਉਚਾਰਣ ਕਰਣ ਵਾਲੇ ਜਾਣਦੇ ਹਨ ਕਿ ਨਾਮਾ ਸ਼ਬਦ ਦਾ ਉਚਾਰਣ ਫ਼ਾਰਸੀ ਵਿੱਚ ਮ ਸ਼ਬਦ ਨਾਲ ਹਾਹਾ ਸ਼ਬਦ ਦੀ ਅਰਧ ਧੁੰਨੀ ਉਚਾਰਣੀ ਪੈਂਦੀ ਹੈ ਅਤੇ ਸਾਰੇ ਬਹੁਤ ਸਾਰੇ ਪੰਜਾਬੀ ਅਨੁਵਾਦਕਾਂ ਨੇ ਜ਼ਫ਼ਰਨਾਮਾਹ ਸ਼ਬਦ ਪੂਰੇ ਹਾਹੇ ਨਾਲ ਅਨੁਵਾਦ ਵਿੱਚ ਲਿਆਂਦਾ ਜਦੋਂ ਕਿ ਬੋਲਣ ਵਿੱਚ ਅੱਧਾ ਹਾਹਾ ਹੀ ਉਚਾਰਣ ਕੀਤਾ ਜਾਂਦਾ ਹੈ। ਫ਼ਾਰਸੀ ਤੋਂ ਪੰਜਾਬੀ ਵਿੱਚ ਕੀਤੇ ਬਹੁਤ ਸਾਰੇ ਉਤਾਰਿਆਂ ਵਿੱਚ ਜ਼ਫ਼ਰਨਾਮਹ ਸ਼ਬਦ ਹੀ ਲਿਖਿਆ ਮਿਲਦਾ ਹੈ ਪਰ ਅੱਧੇ ਹਾਹੇ ਦੇ ਉਚਾਰਣ ਦੀ ਕੋਈ ਨਿੱਗਰ ਸੇਧ ਨਹੀਂ ਹੈ।

ਹੇਠ ਲਿਖੇ ਖਰੜਿਆਂ ਵਿੱਚ ਫ਼ਾਰਸੀ ਤੋਂ ਪੰਜਾਬੀ ਅਨੁਵਾਦ ਵਿੱਚ ਜ਼ਫ਼ਰਨਾਮਹ ਸ਼ਬਦ ਦੀ ਵਰਤੋਂ ਹੋਈ ਹੈ ਅਤੇ ਇਹ ਸਾਰੇ ਖਰੜੇ ਇਸ ਲਿਖਤ ਨਾਲ ਸਬੂਤ ਵਜੋਂ ਸ਼ਾਮਿਲ ਹਨ,

੧:- ਪੁਰਾਤਨ ਹੱਥ ਲਿਖਤ ਖਰੜਾ (ਜੋ ਕਿ ਭਾਈ ਮਨੀ ਸਿੰਘ ਜੀ ਵਾਲੀ ਲਿਖਤ ਦਾ ਉਤਾਰਾ ਮੰਨਿਆ ਜਾਂਦਾ ਹੈ)
੨:- ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੀ ਦਸਮ ਗ੍ਰੰਥ ਜੀ ਦੀ ਹੱਥ ਲਿਖਤ ਬੀੜ ਦਾ ਉਤਾਰਾ।
੩:- ਵਿਦਿਆ ਮਾਰਤੰਡ ਗਿ:ਨਰੈਣ ਸਿੰਘ ਜੀ ਦਾ ਅਨੁਵਾਦ।
੪:- ਭਾਈ (ਸੰਤ) ਅਮੀਰ ਸਿੰਘ ਜੀ ਦਾ ਟੀਕਾ।
੫:-ਡਾ: ਰਤਨ ਸਿੰਘ ਜੱਗੀ ਜੀ ਦਾ ਦਸਮ ਗ੍ਰੰਥ ਦਾ ਸੰਪੂਰਨ ਅਨੁਵਾਦ।
੬:- ਸਿੱਖ ਮਿਸ਼ਨਰੀ ਕਾਲਜ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਜ਼ਫ਼ਰਨਾਮਹ ਦਾ ਅਨੁਵਾਦ
੭:- ਗੁਰਬਚਨ ਸਿੰਘ ਮਾਕਨ ਨੇ ਆਪਣੇ ਟੀਕੇ ਵਿੱਚ ਬਾਹਰੀ ਜਿਲਦ ਉਪਰ ਜ਼ਫ਼ਰਨਾਮਾ ਅਤੇ ਅੰਦਰ ਸ਼ੁਰੂਆਤ ਵਿੱਚ ਜ਼ਫ਼ਰਨਾਮਾਹ ਸ਼ਬਦ ਹੀ ਵਰਤਿਆ ਹੈ।
੮: ਨਿਸ਼ਾਨ ਸਿੰਘ ਜੌਹਲ ਨੇ ਆਪਣੇ ਬਹੁਤ ਹੀ ਵਧੀਆ ਕਾਵਿ ਸ਼ੈਲੀ ਉਪਰ ਅਧਾਰਿਤ ਟੀਕੇ ਵਿੱਚ ਜ਼ਫ਼ਰਨਾਮਹ ਸ਼ਬਦ ਵਰਤਿਆ ਹੈ।

ਸੋ ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਭਾਵੇਂ ਫ਼ਾਰਸੀ ਸਰੋਤਾਂ ਵਿੱਚ ਇਸ ਦੇ ਸਿਰਲੇਖ ਨੂੰ ਜ਼ਫ਼ਰਨਾਮਾ ਲਿਖਿਆ ਗਿਆ ਹੈ ਅਤੇ ਭਾਸ਼ਾਈ ਵਿਦਵਾਨ ਜਾਣਦੇ ਹਨ ਕਿ ਨਾਮਾ ਸ਼ਬਦ ਦਾ ਉਚਾਰਣ ਫ਼ਾਰਸੀ ਪਰੰਪਰਾ ਅਨੁਸਾਰ ਹਾਹਾ ਸ਼ਬਦ ਦੀ ਵਰਤੋਂ ਨਾਲ ਹੀ ਸੰਪੂਰਨ ਹੁੰਦਾ ਹੈ ਅਤੇ ਉਚਾਰਣ ਵਿੱਚ ਅੱਧਾ ਹਾਹਾ ਉਚਾਰਣ ਕੀਤਾ ਜਾਂਦਾ ਹੈ।

ਡਾ. ਸਤਿੰਦਰਪਾਲ ਸਿੰਘ ਸਰਤਾਜ ਦੀ ਉਚਾਰਣ ਵਿਧੀ:-

ਆਪਣੇ ਗਾਇਨ ਕੀਤੇ ਜ਼ਫ਼ਰਨਾਮਾਹ ਵਿੱਚ ਡਾ. ਸਰਤਾਜ ਨੇ ਨਾਮਾਹ ਸ਼ਬਦ ਦਾ ਉਚਾਰਣ ਜਿਥੇ ਅੱਧੇ ਹਾਹੇ ਨਾਲ ਕੀਤਾ ਹੈ ਉਥੇ ਨਾਲ ਹੀ ਵਿਦਿਆਰਥੀਆਂ ਅਤੇ ਖੋਜੀਆਂ ਵਾਸਤੇ ਵਿਸ਼ੇਸ਼ ਉਚਾਰਣ ਸੇਧ ਕਾਇਮ ਕੀਤੀ ਹੈ ਕਿ ਫ਼ਾਰਸੀ ਉਚਾਰਣ ਵਿਧੀ ਅਨੁਸਾਰ ਉਸ ਨੇ ਹਾਹਾ ਨਾਲ ਤਸ਼ਦੀਦ ਵਰਤ ਕੇ ਭਾਵ ਕਿ ਤਸ.ਗੀਰ ਕਰਕੇ ਹਾਹਾ ਦੇ ਪੈਰ ਹੇਠ ਨੁਕਤਾ ਵਰਤ ਕੇ ਅੱਧੇ ਹਾਹੇ ਦੀ ਵਰਤੋਂ ਦੇ ਉਚਾਰਣ ਵਾਸਤੇ ਵਧੀਆ ਆਧਾਰ ਤਿਆਰ ਕੀਤਾ ਹੈ ਜਿਸ ਦਾ ਕਿ ਪਹਿਲੇ ਲਿਪੀਆਂਤਰ ਪ੍ਰਕਾਸ਼ਨਾਵਾਂ ਅਤੇ ਟੀਕਿਆਂ ਵਿੱਚ ਅਭਾਵ ਹੈ।

(ਅ)

ਜ਼ਫ਼ਰਨਾਮਾਹ ਸ਼ਬਦ ਵਿੱਚ ਜ ਅੱਖਰ ਨੂੰ ਤਸ਼ਦੀਦ ਲਗਾ ਕੇ ਤਸ.ਗੀਰ ਕਰਨਾ:-

ਹੁਣ ਤੱਕ ਜ਼ਫ਼ਰਨਾਮਾਹ ਦੇ ਜਿੰਨੇ ਵੀ ਉਰਦੂ ਅਤੇ ਫ਼ਾਰਸੀ ਨਾਲ ਸੰਬੰਧਿਤ ਖਰੜੇ ਸਾਡੇ ਕੋਲ ਕਿਸੇ ਨਾ ਕਿਸੇ ਰੂਪ ਵਿੱਚ ਉਪਲਬਧ ਹਨ ਉਹਨਾਂ ਵਿੱਚ ਜ਼ਫ਼ਰਨਾਮਾਹ ਸ਼ਬਦ ਨੂੰ ਜ਼ੋਏ ਨਾਲ ਲਿਖਿਆ ਗਿਆ ਹੈ ਅਤੇ ਜਿੰਨੇ ਵੀ ਸਾਡੇ ਕੋਲ ਇਸ ਦੇ ਗੁਰਮੁੱਖੀ ਅਨੁਵਾਦ ਹਨ ਉਹਨਾਂ ਵਿੱਚ ਜ ਸ਼ਬਦ ਨਾਲ ਹੀ ਜਫਰਨਾਮਾ ਲਿਖਿਆ ਹੈ।

ਸਬੂਤ ਵਜੋਂ
੧:- ਹੱਥ ਲਿਖਤ ਉਤਾਰਾ ।
੨:- ਦਸਮ ਗ੍ਰੰਥ ਦੇ ਇਕ ਪੁਰਾਤਨ ਹੱਥ ਲਿਖਤ ਸਰੂਪ ਦਾ ਉਤਾਰਾ (ਜੋ ਕਿ ਸਰੋਤਾਂ ਅਨੁਸਾਰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਕਿਹਾ ਜਾਂਦਾ ਹੈ)

ਦਰਅਸਲ ਗੁਰਮੁਖੀ ਲਿਪੀ ਵਿੱਚ ਹੋਰ ਵੀ ਕਈ ਉਤਾਰੇ ਮਿਲਦੇ ਹਨ ਜਿਨਾਂ ਵਿੱਚ ਜ਼ਫ਼ਰਨਾਮਾਹ ਸ਼ਬਦ ਲਈ ਜ ਅੱਖਰ ਹੀ ਵਰਤਿਆ ਮਿਲਦਾ ਹੈ ਜੋ ਕਿ ਫ਼ਾਰਸੀ ਦੇ ਜੀਮ ਦਾ ਸੂਚਕ ਹੈ ਨਾ ਕਿ ਜ਼ੋਏ ਦਾ।

ਗੁਰਸ਼ਬਦ ਰਤਨਾਕਰ ਮਹਾਨਕੋਸ਼ ਦੇ ਕਰਤਾ ਨੇ ਪਹਿਲੀ ਵਾਰ ਇਸ ਦੇ ਸ਼ੁੱਧ ਉਚਾਰਣ ਲਈ ਅਤੇ ਜੀਮ, ਜ਼ੋਏ ਅਤੇ ਜ਼ੁਆਦ ਦੇ ਭੇਦ ਨੂੰ ਦਰਸਾਉਣ ਵਾਸਤੇ ਜ਼ੋਏ ਦੇ ਲਈ ਜ ਸ਼ਬਦ ਵਿੱਚ ਇਕ ਨੁਕਤੇ ਦੀ ਵਰਤੋਂ ਕੀਤੀ ਜੋ ਕਿ ਭਾਵੇਂ ਬਹੁਤੀ ਪ੍ਰਚਲਿਤ ਨਹੀਂ ਹੋ ਸਕੀ ਅਤੇ ਜ਼ੋਏ ਵਾਸਤੇ ਜ਼ ਸ਼ਬਦ ਹੀ ਵਰਤਿਆ ਜਾਂਦਾ ਰਿਹਾ ਅਤੇ ਜ਼ੋਏ ਅਤੇ ਜ਼ੁਆਦ ਦੀ ਭਿੰਨਤਾ ਸਥਾਪਤ ਨਹੀਂ ਹੋਈ।

ਇਸ ਤੋਂ ਉਪਰੰਤ ਜ਼ੋਏ ਵਾਸਤੇ ਵੀ ਜ਼ ਸ਼ਬਦ ਦੀ ਵਰਤੋਂ ਹੀ ਪ੍ਰਚਲਿਤ ਹੈ ਅਤੇ ਡਾ: ਸਰਤਾਜ ਨੇ ਦੁਬਾਰਾ ਜ਼ਫ਼ਰਨਾਮਹ ਦੇ ਸਿਰਲੇਖ ਵਿੱਚ ਕਾਹਨ ਸਿੰਘ ਨਾਭਾ ਵਾਲੀ ਸ਼ੈਲੀ ਦੀ ਵਰਤੋਂ ਕੀਤੀ ਹੈ ਜੋ ਕਿ ਸਲਾਹੁਣਯੋਗ ਹੈ।

ਇਸ ਪਹਿਲ ਦਾ ਸੁਆਗਤ ਕਰਨਾ ਚਾਹੀਦਾ ਹੈ ਕਿ ਇਤਿਹਾਸ ਅਤੇ ਸਾਹਿਤ ਦੇ ਸਿਖਿਆਰਥੀਆਂ ਵਾਸਤੇ ਫ਼ਾਰਸੀ ਅਤੇ ਅਰਬੀ ਮੂਲਕ ਸ਼ਬਦਾਂ ਦੇ ਉਚਾਰਣ ਲਈ ਨਵੀਂ ਸੇਧ ਮਿਲੇਗੀ ਅਤੇ ਕਈ ਐਸੇ ਸ਼ਬਦ ਜਿੰਨਾਂ ਦੀਆਂ ਅਵਾਜਾਂ ਅਤੇ ਉਚਾਰਣ ਵਾਸਤੇ ਚਿੰਨ ਅਤੇ ਨੁਕਤੇ ਨਿਰਧਾਰਤ ਨਹੀਂ ਕੀਤੇ ਗਏ ਉਹਨਾਂ ਲਈ ਨਵੀਂ ਦਿਸ਼ਾ ਹੋਵੇਗੀ।

ਮਿਸਾਲ ਦੇ ਤੌਰ ਉਪਰ ਮੁਕੱਦਸ ਕੁਰਾਨ ਸ਼ਰੀਫ਼ ਲਈ ਅਸੀਂ ਕ ਸ਼ਬਦ ਹੀ ਵਰਤਦੇ ਹਾਂ ਜਦੋਂ ਕਿ ਕਾਹਨ ਸਿੰਘ ਨਾਭਾ ਜੀ ਨੇ ਕ ਸ਼ਬਦ ਦੇ ਪੈਰ ਵਿੱਚ ਬਿੰਦੀ ਸ਼ਬਦ ਵਰਤਿਆ ਹੈ। ਅੰਗਰੇਜ਼ੀ ਵਾਲੇ ਵੀ ਕੁਰਾਨ ਸ਼ਬਦ 'ਕੇ' (ਖ) ਨਾਲ ਨਹੀਂ 'ਕਿਊ' (ਥ) ਨਾਲ ਲਿਖਦੇ ਹਨ। ਇਸੇ ਤਰਾਂ ਅ (ਅਰਬੀ ਲਈ) ਅਤੇ ਹੋਰ ਵੀ ਕਈ ਅੱਖਰਾਂ ਦੀਆਂ ਗੈਰ ਪੰਜਾਬੀ ਆਵਾਜ਼ਾਂ ਅਤੇ ਉਚਾਰਣ ਲਈ ਨਵੇਂ ਨੁਕਤਿਆਂ ਦੀ ਲੋੜ ਹੈ।

ਸਬੂਤ ਵਜੋਂ ਕਾਹਨ ਸਿੰਘ ਨਾਭਾ ਜੀ ਦਾ ਮਹਾਨਕੋਸ਼ ਅਤੇ ਡਾ: ਸਰਤਾਜ ਜੀ ਦੀ ਪ੍ਰਕਾਸ਼ਨਾ ਨਾਲ ਹੈ ਜੀ।
੧: ਹਵਾਲਾ ਮਹਾਨ ਕੋਸ਼ ਕਾਹਨ ਸਿੰਘ ਨਾਭਾ
੨: ਹਵਾਲਾ ਡਾ: ਸਰਤਾਜ

ਇਕ ਇਤਰਾਜ਼ ਇਹ ਵੀ ਜਨਮ ਲੈਂਦਾ ਹੈ ਕਿ ਡਾ. ਸਰਤਾਜ ਨੇ ਸਿਰਲੇਖ ਵਿੱਚ ਜ ਦੇ ਨੁਕਤੇ ਨਾਲ ਅਤੇ ਅੰਦਰ ਜ਼ ਨਾਲ ਲਿਖਿਆ ਹੈ। ਇਹ ਕੋਈ ਐਸੀ ਗ਼ਲਤੀ ਨਹੀਂ ਹੈ ਜਿਸ ਨਾਲ ਪ੍ਰਕਰਣ ਜਾਂ ਉਚਾਰਣ ਉਪਰ ਕੋਈ ਫ਼ਰਕ ਪੈਂਦਾ ਹੋਵੇ। ਗੁਰਮੁਖੀ ਦੇ ਇਕ ਉਤਾਰੇ ਵਿੱਚ ਐਸ਼ ਅਰਸ਼ ਸ਼ਬਦ ਪੈਰ ਵਿੱਚ ਨੁਕਤੇ ਅਤੇ ਸ਼ ਨਾਲ ਵੀ ਲਿਖਿਆ ਮਿਲਦਾ ਹੈ।

ਹਵਾਲਾ:-
੧:-ਗੁਰਮੁੱਖੀ ਦਾ ਉਤਾਰਾ ਨਾਲ ਹੈ ।
(▯)

ਐਸ਼ ਓ ਅਰਸ਼ ਸ਼ਬਦ ਬਾਰੇ
ਨ ਸਾਜ਼ੋ ਨ ਬਾਜ਼ੋ ਨ ਫ਼ਉਜੋ ਨ ਫਰਸ਼ ॥(ਰ ਦੇ ਹੇਠ ਨੁਕਤਾ ਹੈ)
ਖ਼ੁਦਾਵੰਦ ਬਖ਼ਸ਼ਿੰਦਯੇ ਐਯਸ਼-ਓ-ਅਰਸ਼ ॥(੪)

ਐਸ਼ ਓ ਅਰਸ਼ ਸ਼ਬਦ ਬਾਰੇ:-

ਜ਼ਫ਼ਰਨਾਮਾਹ ਦੇ ਫ਼ਾਰਸੀ ਖਰੜਿਆਂ ਵਿੱਚ ਇਹ ਸ਼ਬਦ ਜੁੜੇ ਰੂਪ ਵਿੱਚ ਮਿਲਦਾ ਹੈ, ਐਸ਼ਅਰਸ਼ ਅਤੇ ਕੁੱਝ ਖਰੜਿਆਂ ਵਿੱਚ ਐਸ਼ਓਅਰਸ਼ ਸਬਦ ਮਿਲਦਾ ਹੈ।ਬਹੁਤ ਸਾਰੇ ਗੁਰਮੁਖੀ ਦੇ ਖਰੜਿਆਂ ਅਤੇ ਟੀਕਿਆਂ ਵਿੱਚ ਐਸ ਅਰਸ, ਐਸ਼ਅਰਸ (ਨੁਕਤੇ ਨਾਲ), ਐਸ਼ ਅਰਸ਼, ਐਸ਼ ਓ ਅਰਸ਼ ਅਤੇ ਐਸ਼-ਓ-ਅਰਸ਼ ਰੂਪ ਵਿੱਚ ਮਿਲਦਾ ਹੈ।
(ਸਾਰੇ ਹੀ ਖਰੜੇ ਸਬੂਤ ਲਈ ਨਾਲ ਹਨ ਜੀ)

ਡਾ: ਸਰਤਾਜ ਨੇ ਐਯਸ਼ ਓ ਅਰਸ਼ (ਸ ਤਸ.ਗੀਰ ਕਰਕੇ) ਸ਼ਬਦ ਲਿਖਿਆ ਹੈ ਜੋ ਕਿ ਫ਼ਾਰਸੀ ਜ਼ੁਬਾਨ ਅਨੁਸਾਰ ਉਚਾਰਣ ਸੇਧ ਹੈ ਅਤੇ ਬੋਲਣ ਵਿੱਚ ਵੀ ਉਸ ਨੇ ਇਸ ਦਾ ਉਚਾਰਣ ਬਿਲਕੁਲ ਸਹੀ ਕੀਤਾ ਹੈ।

ਹਵਾਲਾ:-
੧:-ਡਾ: ਸਰਤਾਜ਼ ਦਾ ਦਿੱਤੀ ਉਚਾਰਣ ਸੇਧ ਅਤੇ ਲਿਖਤ ਨਾਲ ਹੈ ਜੀ।
੨:-ਗੁਰਮੁੱਖੀ ਦਾ ਹੱਥ ਲਿਖਤ ਖਰੜਾ
੩:-ਨਾਨਕ ਚੰਦ ਨਾਜ਼ ਦਾ ਉਰਦੂ ਤਰਜ਼ਮਾ
੪:-ਪੱਥਰ ਛਾਪੇ ਵਿੱਚ ਫ਼ਾਰਸੀ ਲਿਖਤ

ਸੋ ਇਹਨਾਂ ਸਾਰੇ ਸਰੋਤਾਂ ਦੀ ਰੋਸ਼ਨੀ ਵਿੱਚ ਡਾ: ਸਰਤਾਜ ਦਾ ਉਚਾਰਣ ਬਿਲਕੁਲ ਦਰੁਸਤ ਹੈ ਅਤੇ ਭੇਜੇ ਹੋਈ ਲਿਖਤ ਵੀ ਫ਼ਾਰਸੀ ਸਰੋਤਾਂ ਦੀ ਉਚਾਰਣ ਵਿਧੀ ਦੇ ਬਹੁਤ ਨਜ਼ਦੀਕ ਹੈ।

(ਸ)

ਨਾ ਈਮਾਨ ਪ੍ਰਸਤੀ ਨਾ ਆਉਜ਼ਾਇ ਦੀਨ ॥(ਨ ਤਸ਼ਦੀਦ ਨਾਲ)
ਨਾ ਸਾਹਿਬ ਸ਼ਨਾਸੀ ਮੋਹੱਮਦ ਯਕੀਨ ॥(੪੬)

ਮੁਹੰਮਦ ਸ਼ਬਦ ਉਪਰ ਇਤਰਾਜ਼:-

ਡਾ: ਸਰਤਾਜ ਵਲੋਂ ਗਾਏ ਗਏ ਜ਼ਫ਼ਰਨਾਮਾਹ ਵਿੱਚ ਲਿਖੇ ਅਤੇ ਉਚਾਰਣ ਕੀਤੇ ਗਏ ਮੁਹੱਮਦ ਸ਼ਬਦ ਉਪਰ ਵੀ ਇਤਰਾਜ਼ ਜ਼ਾਹਰ ਕੀਤਾ ਗਿਆ ਹੈ ਜਦੋਂ ਕਿ ਫ਼ਾਰਸੀ ਦੇ ਸਾਰੇ ਸਰੋਤਾਂ ਵਿੱਚ ਇਸੇ ਤਰਾਂ ਹੀ ਲਿਖਿਆ ਗਿਆ ਹੈ ਅਤੇ ਫ਼ਾਰਸੀ ਸਰੋਤਾਂ ਵਿੱਚ ਇਸ ਦੀ ਹੋਈ ਵਰਤੋਂ ਅਨੁਸਾਰ ਹੀ ਡਾ:ਸਰਤਾਜ ਨੇ ਉਚਾਰਣ ਕੀਤਾ ਹੈ।

ਫ਼ਾਰਸੀ ਵਿੱਚ ਹਮਦ ਸ਼ਬਦ ਦਾ ਅਰਥ ਹੈ ਸਿਫ਼ਤ ਜਾਂ ਵਸਫ਼ ਅਤੇ ਮੁਹੱਮਦ ਦਾ ਭਾਵ ਹੈ ਜਿਸ ਦੀਆਂ ਲੋਕ ਸਿਫ਼ਤਾਂ ਕਰਨ। ਇਸਲਾਮ ਧਰਮ ਦੇ ਬਾਨੀ ਸ:ਅ:ਵ:ਅ ਹਜ਼ਰਤ ਮੁਹੰਮਦ ਸਾਹਿਬ ਦੇ ਨਾਮ ਨੂੰ ਸੰਬੋਧਿਤ ਸ਼ਬਦ ਹੈ ਅਤੇ ਕੇਵਲ ਪੰਜਾਬੀ ਵਿੱਚ ਹੀ ਇਸ ਨੂੰ ਹਾਹਾ ਅੱਖਰ ਉਪਰ ਬਿੰਦੀ ਲਗਾ ਕੇ ਲਿਖਿਆ ਜਾਂਦਾ ਹੈ ਫ਼ਾਰਸੀ ਵਿੱਚ ਨਹੀਂ।

ਹਵਾਲੇ ਫ਼ਾਰਸੀ:-
੧:- ਨਾਨਕ ਚੰਦ ਨਾਜ਼ ਨੇ ਵੀ ਆਪਣੇ ਤਰਜ਼ਮੇ ਵਿੱਚ ਮਹੱਮਦ ਸ਼ਬਦ ਹੀ ਵਰਤਿਆ ਹੈ।
੨:-ਪੱਥਰ ਛਾਪੇ ਦੇ ਫ਼ਾਰਸੀ ਖਰੜੇ ਵਿੱਚ ਵੀ ਮਹਮਦ ਸ਼ਬਦ ਹੈ।

ਇਸ ਤੋਂ ਇਲਾਵਾ ਜਿਹੜੇ ਵੀ ਵਿਦਵਾਨਾਂ ਨੇ ਇਸ ਦਾ ਗੁਰਮੁਖੀ ਅਨੁਵਾਦ ਕੀਤਾ ਹੈ ਜਾਂ ਸਾਡੇ ਕੋਲ ਗੁਰਮੁਖੀ ਦੇ ਖਰੜੇ ਟੀਕੇ ਜਾਂ ਪ੍ਰਕਾਸ਼ਨਾਵਾਂ ਮੌਜੂਦ ਹਨ ਉਹਨਾਂ ਸਾਰਿਆਂ ਵਿੱਚ ਹੀ ਮਹਮਦ ਜਾਂ ਮੁਹੱਮਦ ਸ਼ਬਦ ਹੀ ਵਰਤਿਆ ਗਿਆ ਹੈ। ਅਨੁਵਾਦ ਵਿੱਚ ਚਾਹੇ ਮੁਹੰਮਦ ਸ਼ਬਦ ਲਿਖਿਆ ਗਿਆ ਹੈ ਪਰ ਮੂਲ ਪਾਠ ਵਿੱਚ ਸ਼ਬਦ ਮਹਮਦ ਜਾਂ ਮੁਹੱਮਦ ਜਾਂ ਮੁਹਮਦ ਹੀ ਹੈ।

ਗੁਰਮੁੱਖੀ ਹਵਾਲੇ:-
੧:-ਹੱਥ ਲਿਖਤ ਉਤਾਰਾ ਮੂਲ ਪਾਠ -ਮਹਮਦ
੨:-ਟੀਕਾਕਾਰ ਡਾ:ਗੁਰਦੇਵ ਸਿੰਘ-ਮੁਹੱਮਦ
੩:-ਸਿੱਖ ਮਿਸ਼ਨਰੀ ਕਾਲਜ-ਮਹਮਦ
੪:-ਵਿਦਿਆ ਮਾਰਤੰਡ ਗਿ: ਨਰੈਣ ਸਿੰਘ-ਮਹਮਦ
੫:-ਦਸਮ ਗ੍ਰੰਥ ਟੀਕਾ:- ਰਤਨ ਸਿੰਘ ਜੱਗੀ-ਮਹਮਦ

ਦਰਅਸਲ ਮੁਹੰਮਦ ਸ਼ਬਦ ਦੀ ਵਰਤੋਂ ਮੂਲ ਪਾਠ ਵਿੱਚ ਸ:ਪਿਆਰਾ ਸਿੰਘ ਪਦਮ ਨੇ ਆਰੰਭ ਕੀਤੀ ਹੈ ਅਤੇ ਉਹਨਾਂ ਦੀ ਲਿਖਤ ਸਭ ਤੋਂ ਵੱਧ ਅਸ਼ੁੱਧੀਆਂ ਭਰਪੂਰ ਹੈ। ਉਸ ਤੋਂ ਬਾਅਦ ਮੁਹੰਮਦ ਸ਼ਬਦ ਦੀ ਵਰਤੋਂ ਭਗਵੰਤ ਸਿੰਘ ਕੈਲੋਂ ਤੇ ਗੁਰਬਚਨ ਸਿੰਘ ਮਾਕਨ ਨੇ ਆਪਣੇ ਅਨੁਵਾਦਾਂ ਵਿੱਚ ਕੀਤੀ ਹੈ।

ਬਾਕੀ ਸਫ਼ਾ 29 'ਤੇ

## ਦੱਰਿਆਂ ਤੇ ਦਰਿਆਵਾਂ ਸੰਗ - 3

# ਦਰਿਆ ਤੋਂ ਛੁੱਟਕੇ ਢਿੱਗਾਂ 'ਚ ਫਸੇ



- ਪ੍ਰੀਤਮ ਰੁਪਾਲ

ਸਵੇਰੇ ਜਦ ਜਾਗ ਖੁੱਲੀ , ਸਾਫ਼ ਚਿੱਟਾ ਦਿਨ ਚੜ ਆਇਆ ਸੀ। ਕਮਰੇ ਦੀ ਬਾਰੀ ਥਾਣੀਂ ਨਿਖਰਿਆ ਆਕਾਸ਼ ਵੇਖ ਕੇ ਚਿੱਤ ਨੂੰ ਤਸੱਲੀ ਹੋਈ ਕਿ ਮੀਂਹ ਬੰਦ ਹੋ ਗਿਆ ਹੈ ਅਤੇ ਬੱਦਲ ਵੀ ਛਟ ਗਏ ਹਨ, ਹੁਣ ਅੱਗੇ ਰਸਤੇ ਵਿਚ ਕੋਈ ਦਿੱਕਤ ਨਹੀਂ ਆਵੇਗੀ। ਨਾਲ ਸੁੱਤੇ ਨਰਿੰਦਰ ਅਤੇ ਪੰਕਜ ਨੂੰ ਉਠਾਇਆ। ਇੰਨੇ ਨੂੰ ਦਰਵਾਜ਼ੇ 'ਤੇ ਦਸਤਕ ਹੋਈ। ਗੈਸਟ ਹਾਊਸ ਵਾਲਿਆਂ ਦਾ ਮੁੰਡੂ ਚਾਹ ਦੀਆਂ ਪਿਆਲੀਆਂ ਦੀ ਟਰੇਅ ਚੁੱਕੀ ਬਾਹਰ ਖੜਾ ਸੀ। ਉਸ ਤੋਂ ਚਾਹ ਲੈ ਕੇ, ਚਾਹ ਦੀਆਂ ਚੁਸਕੀਆਂ ਨਾਲ ਰਾਤ ਦੇ ਜ਼ੋਖ਼ਮ ਭਰੇ ਸਫ਼ਰ ਦੀਆਂ ਗੱਲਾਂ ਛਿੜ ਪਈਆਂ।

ਪੰਕਜ ਕਹਿਣ ਲੱਗਾ, "ਭਾਅ ਜੀ ਇਹ ਬੁੜੇ ਜਿਹੇ ਭਸੂੜੀਆਂ ਕਿਥੋਂ ਆ ਗਈਆਂ?" ਇਹਨਾਂ ਨੇ ਜੇ ਵਾਪਸ ਜਾਣਾ ਹੈ ਤਾਂ ਜਾਣ ਦੇਈਏ ਅੱਗੇ ਫਿਰ ਪੰਗਾ ਪਾਉਣਗੇ।"

ਮੈਂ ਉਸ ਨੂੰ ਧੀਰਜ ਰੱਖਣ ਲਈ ਕਿਹਾ, ਕਿਉਂਕਿ ਮੈਨੂੰ ਇਹ ਅਨੁਭਵ ਸੀ ਕਿ ਔਖੇ ਸਫ਼ਰ ਵਿਚ ਅਤੇ ਕਠਿਨਾਈ ਵਿਚ ਮਨੁੱਖ ਨੂੰ ਗੁੱਸਾ ਆਉਣਾ ਸੁਭਾਵਿਕ ਹੈ। ਮੈਨੂੰ ਇਸ ਮੌਕੇ ਬਰਾਤ ਵਿਚ ਬੁੜੇ ਨੂੰ ਸੰਦੂਕ ਵਿਚ ਬੰਦ ਕਰਕੇ ਲਿਜਾਣ ਵਾਲੀ ਗੱਲ ਯਾਦ ਆ ਗਈ। ਮੈਂ ਕਿਹਾ ਕਿ ਸੀਨੀਅਰ ਸਾਥੀਆਂ ਦੀ ਵੀ ਲੋੜ ਹੁੰਦੀ ਹੈ। ਅਸੀਂ ਇਹ ਗੱਲਾਂ ਕਰ ਹੀ ਰਹੇ ਸਾਂ, ਇੰਨੇ ਨੂੰ ਤਲਵਾੜ ਸਾਹਿਬ ਆ ਗਏ। ਉਹ ਤਿਆਰ ਬਰ ਤਿਆਰ ਸਨ ਅਤੇ ਗਲ ਵਿਚ ਕੈਮਰਾ ਪਾਇਆ ਹੋਇਆ ਸੀ। ਉਹਨਾਂ ਦੇ ਚਿਹਰੇ 'ਤੇ ਰਾਤ ਵਾਲੀ ਤਲਖੀ ਦਾ ਕੋਈ ਸ਼ਿਕਨ ਨਹੀਂ ਸੀ। ਉਹਨਾਂ ਨੇ ਸਾਰਿਆਂ ਨੂੰ ਗੁੱਡ ਮਾਰਨਿੰਗ ਕਿਹਾ। ਅਸੀਂ ਉਹਨਾ ਨੂੰ ਚਾਹ ਦੀ ਪੇਸ਼ਕਸ਼ ਕੀਤੀ, ਉਹਨਾਂ ਇਹ ਕਹਿੰਦਿਆਂ ਕਿ ਉਹਨਾਂ ਨੇ ਚਾਹ ਪੀ ਲਈ ਹੈ, ਨਾਂਹ ਕਰ ਦਿਤੀ।

ਕੋਈ ਅੱਧੇ ਪੌਣੇ ਘੰਟੇ ਵਿਚ ਸਾਰੇ ਜਣੇ ਤਿਆਰ ਹੋ ਕੇ ਨਾਸ਼ਤੇ ਲਈ ਬਾਹਰ ਆ ਗਏ। ਗੈਸਟ ਹਾਊਸ ਦੇ ਨਾਲ ਹੀ ਰੇਸਤਰਾਂ ਨੁਮਾ ਢਾਬੇ 'ਤੇ ਸਾਰਿਆਂ ਨੇ ਪਰੌਂਠੇ ਦਹੀਂ ਅਤੇ ਮੱਖਣ ਨਾਲ ਨਾਸ਼ਤਾ ਕੀਤਾ। ਨਾਸ਼ਤਾ ਖ਼ਤਮ ਹੀ ਹੋਇਆ ਸੀ, ਤਲਵਾੜ ਸਾਹਿਬ ਬਰਫ਼ੀ ਦਾ ਡੱਬਾ ਲੈ ਕੇ ਆ ਗਏ। ਕਹਿਣ ਲੱਗੇ ਕਿ ਉਹਨਾਂ ਦਾ ਜਨਮ ਦਿਨ ਹੈ। ਉਹਨਾਂ ਨੂੰ ਜਨਮ ਦਿਨ ਮੁਬਾਰਕ ਕਹਿ ਕੇ ਸਾਰਿਆਂ ਨੇ ਮੂੰਹ ਮਿੱਠਾ ਕੀਤਾ ਅਤੇ ਰਾਤ ਵਾਲੀ ਕੁੜੱਤਣ ਭੁੱਲ ਗਏ। ਮਨਮੋਹਨ ਜੋ ਐਡਵੈਂਚਰ ਕਮੇਟੀ ਦਾ ਕੋ-ਚੇਅਰਮੈਨ ਵੀ ਸੀ ਨੇ ਮਨ ਮਟਾਵ ਦੂਰ ਕਰਨ ਵਿਚ ਕਾਫ਼ੀ ਚੰਗੀ ਭੂਮਿਕਾ ਨਿਭਾਈ। ਮੈਂ ਜ਼ਾਤੀ ਤੌਰ 'ਤੇ ਇਸ ਗੱਲ ਦਾ ਮੁੱਦਾਹ ਸੀ ਕਿ ਸਾਰੇ ਮੈਂਬਰ ਹੀ ਐਡਵੈਂਚਰ ਮੁਹਿੰਮ 'ਤੇ ਜਾਣ, ਜੇ ਵਿਚੋਂ ਕੁਝ ਸਾਥੀ ਵਾਪਸ ਜਾਂਦੇ ਹਨ ਤਾਂ ਸੁਆਦ ਕਿਰਕਿਰਾ ਹੋ ਜਾਵੇਗਾ।

ਹੁਣ ਅਸੀਂ ਤੁਰਨ ਲਈ ਤਿਆਰ ਸਾਂ ਬਸ ਕੁੱਲੂ ਸ਼ਹਿਰ ਵਿਚ ਪੈਂਦੇ ਛੋਟੇ ਝੂਲਣੇ ਪੁਲ (ਬੈਲੀ ਬਰਿਜ) ਤੋਂ ਰਸਤਾ ਖੁੱਲਣ ਦੀ ਇੰਤਜ਼ਾਰ ਕਰ ਰਹੇ ਸਾਂ। ਇਥੋਂ ਅਸੀਂ ਰਸਤਾ ਬਦਲ ਕੇ ਬਿਆਸ ਦਰਿਆ ਦੇ ਸੱਜੇ ਪਾਸੇ ਵਾਲੇ ਕਿਨਾਰੇ ਤੋਂ ਬਰਾਸਤਾ ਨਗਰ ਮਨਾਲੀ ਨੂੰ ਜਾਣਾ ਸੀ। ਜਿਉਂ ਹੀ ਟ੍ਰੈਫਿਕ ਪੁਲਿਸ ਵਾਲਿਆਂ ਨੇ ਬੈਲੀ ਬਰਿਜ ਤੋਂ ਗੱਡੀਆਂ ਲੰਘਣ ਦੀ ਇਜਾਜ਼ਤ ਦਿੱਤੀ, ਮਿੰਟਾਂ ਵਿਚ ਹੀ ਛੋਟੇ ਵਾਹਨਾਂ ਜੀਪਾਂ, ਕਾਰਾਂ ਅਤੇ ਮੋਟਰ ਸਾਈਕਲ ਸਕੂਟਰਾਂ ਦੀ ਕਤਾਰ ਲੱਗ ਗਈ। ਇਕੋ ਸਮੇਂ ਇਕੋ ਵਾਹਨ ਨੂੰ ਲੰਘਣ ਦੀ ਆਗਿਆ ਸੀ। ਹੌਲੀ-ਹੌਲੀ ਸਾਡੀ ਵਾਰੀ ਵੀ ਆ ਗਈ ਅਤੇ ਅਸੀਂ ਬਿਆਸ ਦਰਿਆ ਦਾ ਵਿਰਾਟ ਰੂਪ ਵੇਖਦੇ ਵੇਖਦੇ ਮਨਾਲੀ ਲਈ ਚੱਲ ਪਏ। ਦਰਿਆ ਦੇ ਦੂਜੇ ਕਿਨਾਰੇ ਵੱਲ ਝਾਤ ਮਾਰੀ। ਜਿਥੋਂ ਅਸੀਂ ਰਾਤੀਂ ਲੰਘ ਕੇ ਆਏ ਸਾਂ ਕੌਮੀ ਸ਼ਾਹ ਰਾਹ ਦਾ ਉਹ ਹਿੱਸਾ ਪਾਣੀ ਵਿਚ ਵਹਿ ਚੁੱਕਾ ਸੀ।



ਨਗਰ ਵਾਲੀ ਸੜਕ ਭਾਵੇਂ ਚੌੜੀ ਘੱਟ ਸੀ ਪਰ ਦਰਿਆ ਤੋਂ ਉੱਚੀ ਹੋਣ ਕਰਕੇ ਇਹ ਸੁਰੱਖਿਅਤ ਸੀ, ਜਿਸ ਉਪਰ ਸਾਡੀਆਂ ਜੀਪਾਂ ਸਰਪਟ ਦੌੜ ਰਹੀਆਂ ਸਨ। ਸਾਡੇ ਅੱਗੇ ਪਿਛੇ ਵੀ ਕਾਰਾਂ ਅਤੇ ਆਮ ਵਰਤੋਂ ਦਾ ਸਮਾਨ ਢੋਣ ਵਾਲੀਆਂ ਜੀਪਾਂ ਵਗੈਰਾ ਸਨ। ਸਾਡੀ ਯਾਤਰਾ ਦਾ ਇਹ ਤੀਜਾ ਦਿਨ ਸੀ। ਮਿਥੇ ਪ੍ਰੋਗਰਾਮ ਅਨੁਸਾਰ ਅੱਜ ਸਾਨੂੰ ਲੇਹ ਹੋਣਾ ਚਾਹੀਦਾ ਸੀ ਪਰ ਅਸੀਂ ਅਜੇ ਮਨਾਲੀ ਵੀ ਨਹੀਂ ਪਹੁੰਚੇ ਸਾਂ। ਕੁਦਰਤ ਦਾ ਮੁਕਾਬਲਾ ਕੌਣ ਕਰ ਸਕਦਾ ਹੈ।

ਅਸੀਂ ਨਗਰ ਲੰਘੇ ਹੀ ਸਾਂ, ਕਣੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਗਰ ਜੋ ਕਿਸੇ ਸਮੇਂ ਕੁੱਲੂ ਰਿਆਸਤ ਦੀ ਰਾਜਧਾਨੀ ਰਿਹਾ ਹੈ, ਹੁਣ ਇਕ ਸੈਲਾਨੀ ਕੇਂਦਰ ਹੈ। ਰੂਸੀ ਚਿੱਤਰਕਾਰ ਰੌਰਿਕ ਨਿਕੋਲਸ ਦੀ ਆਰਟ ਗੈਲਰੀ ਮੁੱਖ ਖਿੱਚ ਦਾ ਕੇਂਦਰ ਹੈ। ਇਥੇ ਪੁਰਾਣਾ ਕਿਲਾ ਵੀ ਹੈ ਜਿਸ ਨੂੰ ਹੁਣ ਹਿਮਾਚਲ ਪ੍ਰਦੇਸ਼ ਦੇ ਸੈਰ ਸਪਾਟਾ ਮਹਿਕਮੇ ਨੇ ਹੋਟਲ ਵਿਚ ਤਬਦੀਲ ਕਰ ਦਿੱਤਾ ਹੈ।

ਹਲਕੀ ਬਾਰਿਸ਼ ਵਿਚ ਹੀ ਸਾਡਾ ਕਾਫਲਾ ਅੱਗੇ ਵਧਦਾ ਗਿਆ। ਸਾਡਾ ਇਹ ਟੀਚਾ ਸੀ ਕਿ ਅੱਜ ਕਿਸੇ ਵੀ ਤਰਾਂ ਰੋਹਤਾਂਗ ਦੱਰਾ ਪਾਰ ਕਰ ਲਿਆ ਜਾਵੇ ਅੱਗੇ ਸ਼ਾਇਦ ਮੀਂਹ ਨਾ ਹੋਵੇ। ਮਨਾਲੀ ਤੋਂ ਤੇਲ ਭਰਵਾ ਕੇ ਅਤੇ ਹਲਕਾ ਫੁਲਕਾ ਖਾ ਪੀ ਕੇ ਅਸੀਂ ਰੋਹਤਾਂਗ ਪਾਸ ਵੱਲ ਚਾਲੇ ਪਾ ਦਿੱਤੇ। ਮਨਾਲੀ ਸ਼ਹਿਰ ਲੰਘਣ ਦੀ ਦੇਰ ਸੀ ਕਿ ਬਾਰਿਸ਼ ਤੇਜ਼ ਹੋ ਗਈ ਪਰ ਏਨੀ ਜ਼ਿਆਦਾ ਵੀ ਨਹੀਂ ਸੀ ਕਿ ਸਾਨੂੰ ਰੁਕਣਾ ਪੈਂਦਾ। ਅੱਗੇ ਸੜਕ ਉਪਰ ਕੋਈ ਮੋਟਰ ਗੱਡੀ ਵੀ ਨਹੀਂ ਸੀ। ਅਸੀਂ ਪੱਕੇ ਇਰਾਦੇ ਨਾਲ ਰੋਹਤਾਂਗ ਦੱਰੇ ਵੱਲ ਵਧ ਰਹੇ ਸਾਂ।

ਪਲਚਾਣ, ਕੋਠੀ ਅਤੇ ਗੁਲਾਬਾ ਲੰਘ ਕੇ ਮੀਂਹ ਹੋਰ ਤੇਜ਼ ਹੋ ਗਿਆ। ਅਸੀਂ ਹੈਰਾਨ ਸਾਂ ਕਿ ਇਧਰ ਮੀਂਹ ਘੱਟਣਾ ਚਾਹੀਦਾ ਸੀ ਪਰ ਇਹ ਤੇਜ਼ ਹੋ ਰਿਹਾ ਹੈ। ਸ਼ਾਇਦ ਸਾਡਾ ਇਮਤਿਹਾਨ ਲੈ ਰਿਹਾ ਸੀ। ਹੁਣ ਪਿਛਲੀਆਂ ਗੱਡੀਆਂ ਨਾਲ ਮੋਬਾਈਲ ਫ਼ੋਨ 'ਤੇ ਸੰਪਰਕ ਟੁੱਟ ਚੁੱਕਾ ਸੀ ਸਿਰਫ਼ ਇਸ਼ਾਰਿਆਂ ਨਾਲ ਹੀ ਸੰਚਾਰ ਕਰਦੇ ਹੋਏ ਅੱਗੇ ਵਧ ਰਹੇ ਸਾਂ। ਜਿਉਂ ਹੀ ਅਸੀਂ ਮੜ੍ਹੀ ਪਹੁੰਚੇ ਮੀਂਹ ਕੁਝ ਮੱਠਾ ਹੋ ਗਿਆ। ਮੜ੍ਹੀ ਦੇ ਢਾਬਿਆਂ ਦੁਕਾਨਾਂ 'ਤੇ ਕੋਈ ਰੌਣਕ ਨਹੀਂ ਸੀ ਸਾਰੇ ਬੰਦ ਵਾਂਗ ਹੀ ਸਨ। ਇਕ ਢਾਬੇ ਅੱਗੇ ਰੁਕ ਕੇ ਅਸੀਂ ਚਾਹ ਪੀਣ ਦੀ ਇੱਛਾ ਜ਼ਾਹਿਰ ਕੀਤੀ। ਢਾਬੇ ਵਾਲੇ ਆਪਣੇ ਲਈ ਰੋਟੀਆਂ ਬਣਾ ਰਹੇ ਸਨ। ਸਾਡੇ ਕੁਝ ਸਾਥੀ ਵੀ ਉਹਨਾਂ ਦੀ ਰੋਟੀ ਵਿਚੋਂ ਹਿੱਸਾ ਵੰਡਾਉਣ ਲੱਗੇ। ਕਿਸੇ ਨੇ ਚਾਊਮਿਨ (ਚੀਨੀ ਸੇਵੀਆਂ) ਦਾ ਆਰਡਰ ਦੇ ਦਿੱਤਾ। ਸਾਨੂੰ ਚਾਹ ਪੀਂਦਿਆਂ ਹੀ ਢਾਬੇ ਵਾਲੇ ਨੇ ਦੱਸ ਦਿੱਤਾ ਕਿ ਅੱਗੇ ਪਹਾੜੀ ਖਿਸਕਣ ਕਾਰਨ ਰਸਤੇ ਬੰਦ ਹਨ ਪਰ ਅਸੀਂ ਕਿੱਥੇ ਮੁੜਨ ਵਾਲੇ ਸਾਂ। ਇਹ ਸੋਚ ਕੇ ਕਿ ਜੇ ਦੋ ਚਾਰ ਪੱਥਰ ਡਿੱਗੇ ਹੋਏ ਤਾਂ ਪਾਸੇ ਕਰ ਕੇ ਨਿਕਲ ਜਾਵਾਂਗੇ, ਚਾਹ ਪੀਣ ਮਗਰੋਂ ਰੋਹਤਾਂਗ ਲਈ ਚੱਲ ਪਏ।

ਦੋ-ਢਾਈ ਕੁ ਕਿਲੋਮੀਟਰ ਹੀ ਅੱਗੇ ਗਏ ਸਾਂ ਅੱਗੋਂ ਸੜਕ ਬੰਦ ਸੀ। ਗਰੈਫ਼ (ਸਰਹੱਦੀ ਇਲਾਕਿਆਂ ਵਿਚ ਸੜਕਾਂ ਬਣਾਉਣ ਅਤੇ ਰੱਖ ਰਖਾਅ ਕਰਨ ਵਾਲੇ ਨੀਮ ਫ਼ੌਜੀ ਦਲ) ਦਾ ਡੋਜ਼ਰ ਸੜਕ ਦੇ ਇਕ ਪਾਸੇ ਖੜਾ ਸੀ। ਉਪਰੋਂ ਪੱਥਰਾਂ ਦੀ ਢਿੱਗ ਸੜਕ 'ਤੇ ਡਿੱਗੀ ਹੋਈ ਸੀ। ਇਸ ਦ੍ਰਿਸ਼ ਨੇ ਸਾਨੂੰ ਨਿਰਾਸ਼ ਕਰ ਦਿੱਤਾ। ਸ਼ਾਮ ਵੀ ਪੈ ਚੁੱਕੀ ਸੀ। ਰਾਤ ਨੂੰ ਮੜ੍ਹੀ ਲੋਕ ਨਿਰਮਾਣ ਵਿਭਾਗ ਦੇ ਰੈਸਟ ਵਿਚ ਰੁਕਣ ਦਾ ਪ੍ਰੋਗਰਾਮ ਬਣਾ ਕੇ ਵਾਪਸ ਚੱਲ ਪਏ।

ਮੜ੍ਹੀ ਰੈਸਟ ਹਾਊਸ ਦੇ ਚੌਕੀਦਾਰ ਨੂੰ ਆਪਣੇ ਅਤੇ ਆਪਣੇ ਮਿਸ਼ਨ ਬਾਰੇ ਜਾਣੂ ਕਰਵਾ ਕੇ ਰੁਕਣ ਦਾ ਇੰਤਜ਼ਾਮ ਕਰਨ ਲਈ ਕਿਹਾ ਤੇ ਉਹ ਆਨਾ ਕਾਨੀ ਕਰਨ ਲੱਗਾ। ਉਸ ਨੇ ਕਿਹਾ ਕਿ ਮੇਰੇ ਕੋਲ ਦੋ ਹੀ ਕਮਰੇ ਹਨ ਜੋ ਮੀਂਹ ਕਾਰਨ ਚੋਅ ਰਹੇ ਨੇ। ਅਸੀਂ ਵੇਖਿਆ ਸੱਚਮੁਚ ਪਾਣੀ ਟਪਕ ਰਿਹਾ ਸੀ। ਫਿਰ ਉਸ ਨੂੰ ਬੇਨਤੀ ਕੀਤੀ ਕਿ ਸਾਨੂੰ ਰਸੋਈ ਅਤੇ ਬਾਹਰਲਾ ਬਰਾਮਦਾ ਦੇ ਦਿੱਤਾ ਜਾਵੇ ਅਸੀਂ ਆਪਣੇ ਸਲੀਪਿੰਗ ਬੈਗਾਂ ਵਿਚ ਰਾਤ ਕੱਟ ਲਵਾਂਗੇ। ਉਹ ਮੰਨ ਗਿਆ, ਸਾਰਿਆਂ ਨੇ ਆਪੋ ਆਪਣਾ ਅਤੇ ਰਸੋਈ ਦਾ ਸਮਾਨ ਉਤਾਰ ਕੇ ਸੈਟਿੰਗ ਸ਼ੁਰੂ ਕਰ ਦਿੱਤੀ।

ਰੈਸਟ ਹਾਊਸ ਦੀ ਬਿਜਲੀ ਗੁੱਲ ਹੋਣ ਕਰਕੇ ਮੋਮਬੱਤੀਆਂ ਅਤੇ ਟਾਰਚਾਂ ਨਾਲ ਹੀ ਕੰਮ ਚਲਾਉਣਾ ਪਿਆ। ਸਾਡੇ ਕੋਲ ਇਕ ਐਮਰਜੈਂਸੀ ਲਾਈਟ ਵੀ ਸੀ। ਉਮੇਸ਼ ਘਰੇੜਾ ਅਤੇ ਤਲਵਾੜ ਸਾਹਿਬ ਨੇ ਰਸੋਈ ਸੰਭਾਲ ਲਈ ਅਤੇ ਮਾਰਕਫੈੱਡ ਦੇ ਡੱਬੇ ਬੰਦ ਛੋਲੇ ਗਰਮ ਕਰਨੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਚੌਲ ਉਬਲਣੇ ਰੱਖ ਦਿੱਤੇ। ਪੰਜਾਬੀ ਟ੍ਰਿਬਿਊਨ ਵਾਲੇ ਨਰਿੰਦਰ ਅਤੇ ਪੰਕਜ ਨੇ ਬਾਰ ਸਜਾ ਦਿਤੀ। ਆਰਜ਼ੀ ਜਿਹੇ ਸੁੱਟਣ ਵਾਲੇ ਗਿਲਾਸਾਂ ਵਿਚ ਰੰਮ ਦੇ ਪੈੱਗ ਬਣਾਏ ਗਏ। ਬਸ ਫਿਰ ਕੀ ਸੀ ਪਿਛਲੇ ਤਿੰਨ ਦਿਨਾਂ ਦੇ ਮਿੱਠੇ ਕੌੜੇ ਅਨੁਭਵ ਭੁੱਲ ਕੇ ਤਲਵਾੜ ਦਾ ਜਨਮ ਦਿਨ ਮਨਾਉਣ ਲੱਗੇ।

ਬਾਹਰ ਮੀਂਹ ਤੇਜ਼ ਹੋ ਗਿਆ। ਜਿਹੜੇ ਸੱਜਣ ਬਾਹਰ ਖੜੇ ਰੋਹਤਾਂਗ ਦੱਰੇ ਦੇ ਆਸ ਪਾਸ ਦੀਆਂ ਟੀਸੀਆਂ ਨੂੰ ਨਿਹਾਰ ਰਹੇ ਸਨ ਉਹ ਵੀ ਅੰਦਰ ਆ ਵੜੇ। ਰੈਸਟ ਹਾਊਸ ਦੇ ਬਿਸਤਰੇ ਵਗੈਰਾ ਰੱਖਣ ਵਾਲੀ ਵੱਡੀ ਜਿਸਤੀ ਲੋਹੇ ਦੀ ਪੇਟੀ ਉਪਰ ਰੰਮ ਵਾਲੇ ਗਿਲਾਸ, ਬੋਤਲ, ਪਾਣੀ ਦੀਆਂ ਬੋਤਲਾਂ ਅਤੇ ਨਮਕੀਨ ਵਗੈਰਾ ਸਜਿਆ ਹੋਇਆ ਸੀ। ਸਾਰੇ ਆਪਣੀ ਸੁਵਿਧਾ ਅਤੇ ਲੋੜ ਮੁਤਾਬਿਕ ਖਾ ਪੀ ਰਹੇ ਸਨ। ਦੋ ਵੱਡੀਆਂ ਮੋਮਬੱਤੀਆਂ ਬਾਲ ਕੇ ਗੁਜ਼ਾਰੇ ਜੋਗੀ ਰੌਸ਼ਨੀ ਕੀਤੀ ਹੋਈ ਸੀ। ਇਕੋ ਦਮ ਠੰਢ ਵਧ ਜਾਣ ਕਾਰਨ ਗਰਮ ਕੱਪੜੇ ਪਹਿਨਣ ਲਈ ਮਜ਼ਬੂਰ ਹੋਣਾ ਪਿਆ।

ਉਬਲੇ ਬਾਸਮਤੀ ਦਾ ਪਤੀਲਾ ਹਾਲ ਵਿਚ ਆ ਚੁੱਕਾ ਸੀ। ਬਾਸਮਤੀ ਦੀ ਮਹਿਕ ਨੇ ਭੁੱਖ ਹੋਰ ਚਮਕਾ ਦਿੱਤੀ ਸੀ। ਅੱਧੇ ਕੁ ਘੰਟੇ ਵਿਚ ਖਾ ਪੀ ਕੇ ਵਿਹਲੇ ਹੋ ਗਏ। ਜਿਹਨਾਂ ਨੇ ਜ਼ਿਆਦਾ ਪੀ ਲਈ ਸੀ ਉਹ ਛੇਤੀ ਆਪਣੇ ਸਲੀਪਿੰਗ ਬੈਗਾਂ ਵਿਚ ਜਾ ਵੜੇ। ਤਲਵਾੜ ਸਾਹਿਬ ਦਾ ਜਨਮ ਦਿਨ ਮਨਾਉਣ ਦੀ ਤਿਆਰੀ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਪ੍ਰਦੀਪ ਧੁੱਲ ਨੇ ਨਿਆਣਿਆਂ ਦੇ ਜਨਮ ਦਿਨਾਂ 'ਤੇ ਗਾਇਆ ਜਾਣ ਵਾਲਾ ਅੰਗਰੇਜ਼ੀ ਨੁਮਾ ਹਿੰਦੀ ਗਾਣਾ ਛੋਹ ਲਿਆ,

"ਹੈਪੀ ਬਰਥ ਡੇ ਟੂ ਯੂ. .."

ਸੁਖਬੀਰ ਨੇ ਬਿਨਾਂ ਦੱਸੇ ਆਪਣਾ ਕੈਮਰਾ ਇਕ ਰਕਸੈਕ ਦੇ ਉਪਰ ਸਜਾ ਦਿੱਤਾ ਅਤੇ ਇਸ ਨੂੰ ਚਾਲੂ ਕਰ ਦਿੱਤਾ। ਐਮਰਜੈਂਸੀ ਲਾਈਟ ਵੀ ਹੁਣ ਕਿਚਨ ਵਿਚੋਂ ਹਾਲ ਵਿਚ ਆ ਚੁੱਕੀ ਸੀ। ਤਲਵਾੜ ਨੂੰ ਗੀਤਾਂ ਰਾਹੀਂ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਰੰਗਾ ਰੰਗ ਪ੍ਰੋਗਰਾਮ ਵਧੇਰੇ ਰੋਮਾਂਟਿਕ ਹੋ ਗਿਆ। ਸਾਡੇ ਦੋ ਸਾਥੀ ਵਿਸ਼ਾਲ ਗੁਲਾਟੀ ਅਤੇ ਪਰਮਵੀਰ ਜੋ ਬਾਹਰ ਖੜੀ ਸਕਾਰਪਿਓ ਜੀਪ ਵਿਚ ਜਾ ਕੇ ਸੌਂ ਗਏ ਸਨ, ਸਭ ਤੋਂ ਪਹਿਲਾਂ ਉਹ ਰੰਗਾਰੰਗ ਪ੍ਰੋਗਰਾਮ ਦਾ ਵਿਸ਼ਾ ਬਣੇ। ਉਮੇਸ਼ ਅਤੇ ਪੰਕਜ ਵਾਸੂਦੇਵ ਨੇ ਉਹਨਾਂ ਦੇ ਅਲੱਗ ਜਾ ਕੇ ਸੌਣ ਨੂੰ ਰੋਹਤਾਂਗ ਪਾਸ ਦੀ ਮੁਹਿੰਮ (ਐਕਸਪਿਡੀਸ਼ਨ) ਦੀ ਸੰਗਿਆ ਦੇ ਕੇ ਟੀ.ਵੀ. ਐਂਕਰ ਅਤੇ ਰਿਪੋਰਟਰ ਵਿਚਲੀ ਗੱਲਬਾਤ ਦੀ ਨਕਲ ਕਰਨੀ ਸ਼ੁਰੂ ਕਰ ਦਿੱਤੀ। ਫਿਰ ਸਾਰਿਆਂ ਨੂੰ ਇਸ ਮੁਹਿੰਮ 'ਤੇ ਟਿੱਪਣੀ (ਕੁਮੈਂਟਸ) ਦੇਣ ਲਈ ਕਿਹਾ ਗਿਆ। ਇਹ ਸ਼ੁਗਲ ਹੌਲੀ ਹੌਲੀ ਲੱਚਰਤਾ ਦੇ ਰੰਗ ਵਿਚ ਰੰਗਿਆ ਗਿਆ। ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਸਾਰਾ ਪ੍ਰੋਗਰਾਮ ਰਿਕਾਰਡ ਹੋ ਰਿਹਾ ਹੈ। ਮੈਂ ਵੀ ਵੇਗ ਵਿਚ ਆ ਕੇ ਬਰਨਾਲੇ ਦੇ ਇਕ ਨਾਮਵਰ ਸ਼ਾਇਰ ਦੀ ਕਵਿਤਾ ਸੁਣਾ ਦਿੱਤੀ।

ਜਿਸ ਨੂੰ ਨੀਂਦ ਆਉਂਦੀ ਗਈ ਉਹ ਆਪਣੇ ਸਲੀਪਿੰਗ ਬੈਗ ਵਿਚ ਸੌਂਦਾ ਗਿਆ। ਰੋਹਿਤ ਤੇ ਦੀਪਕ ਸੌਣ ਦਾ ਨਾਂ ਹੀ ਨਹੀਂ ਸਨ ਲੈ ਰਹੇ। ਆਪਣੇ ਕੋਲੋਂ ਜੋੜ ਜੋੜ ਕੇ ਟੋਟਕੇ ਗਾਈ ਜਾ ਰਹੇ ਸਨ। ਮੈਨੂੰ ਵੀ ਨੀਂਦ ਨਹੀਂ ਸੀ ਆ ਰਹੀ। ਆਪਣੀ ਗਰਮ ਟੋਪੀ ਚੰਗੀ ਤਰਾਂ ਕੰਨਾ 'ਤੇ ਖਿੱਚ ਕੇ ਲੋਈ ਦੀ ਬੁੱਕਲ ਮਾਰ, ਕਮਰੇ ਵਿਚੋਂ ਬਾਹਰ ਆ ਗਿਆ। ਮੀਂਹ ਦੇ ਨਾਲ ਠੰਢੀ ਸੀਤ ਹਵਾ ਚੱਲ ਰਹੀ ਸੀ। ਜ਼ਰੂਰ ਰੋਹਤਾਂਗ ਦੱਰੇ 'ਤੇ ਬਰਫ਼ ਪੈ ਰਹੀ ਹੋਵੇਗੀ, ਮੈਂ ਸੋਚ ਰਿਹਾ ਸਾਂ। ਬਰਫ਼ ਤੋਂ ਮੈਨੂੰ ਮੜ੍ਹੀ ਦੀ ਉਹ ਇਤਿਹਾਸਕ ਘਟਨਾ ਯਾਦ ਆ ਗਈ ਜਦ ਇਥੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜੀ ਟੁਕੜੀ ਬਰਫ਼ ਹੇਠ ਦਬ ਕੇ ਮਾਰੀ ਗਈ ਸੀ। ਉਹ ਤਿੱਬਤ ਸਰ ਕਰਨ ਚੱਲੇ ਸਨ। ਉਹਨਾਂ ਦੀ ਯਾਦ ਵਿਚ ਹੀ ਇਸ ਜਗਾ ਦਾ ਨਾਂ ਮੜ੍ਹੀ ਪਿਆ ਸੀ। ਪਰ ਹੁਣ ਉਹਨਾਂ ਦੀ ਯਾਦ ਵਿਚ ਲੱਗਿਆ ਉਹ ਛੋਟਾ ਜਿਹਾ ਪੱਥਰ ਵੀ ਗਾਇਬ ਹੈ।

ਮੈਨੂੰ ਜਾਪਿਆ ਕਿ ਅਸੀਂ ਵੀ ਉਸ ਫ਼ੌਜੀ ਟੁਕੜੀ ਦਾ ਹਿੱਸਾ ਹਾਂ। ਸ਼ਾਇਦ ਸਾਡੇ ਉਪਰ ਵੀ ਬਰਫ਼ ਦੀਆਂ ਢਿੱਗਾਂ ਆ ਡਿੱਗਣ। ਪਰ ਹੁਣ ਨੇੜੇ ਤੇੜੇ ਬਰਫ਼ ਦਾ ਨਾਮੋ ਨਿਸ਼ਾਨ ਨਹੀਂ ਸੀ। ਬਰਫ਼ ਕਿਉਂ ਖ਼ਤਮ ਹੋ ਗਈ। ਕੁਝ ਇਸ ਤਰਾਂ ਦੇ ਵਿਚਾਰਾਂ ਦਾ ਮਿਲਗੋਭਾ ਦਿਮਾਗ਼ 'ਤੇ ਛਾ ਰਿਹਾ ਸੀ। ਜਦੋਂ ਲੋਈ ਵਿਚ ਵੀ ਠੰਢ ਲੱਗਣ ਲੱਗ ਪਈ ਅਤੇ ਸਲੀਪਰਾਂ ਵਿਚ ਪੈਰ ਠਰਨ ਲੱਗੇ ਮੈਂ ਵੀ ਅੰਦਰ ਆ ਕੇ ਸਲੀਪਿੰਗ ਬੈਗ ਵਿਚ ਵੜ ਗਿਆ। ਰੋਹਿਤ ਅਤੇ ਦੀਪਕ ਵੀ ਸੌਂ ਚੁੱਕੇ ਸਨ। ਘੁਰਾੜਿਆਂ ਦੀਆਂ ਕਈ ਸੁਰਾਂ ਫਿਜ਼ਾ ਵਿਚ ਗੂੰਜ ਰਹੀਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES

13 ਮਈ 2020 ਤੋਂ 19 ਮਈ 2020

# ਵਜ਼ਾਰਤ ਬਨਾਮ ਬਾਬੂਸ਼ਾਹੀ

ਦੁਨੀਆਂ ਵਿਚ ਸੱਤਾ ਦੀ ਜੰਗ ਹਮੇਸ਼ਾ ਚਲਦੀ ਰਹੀ ਹੈ। ਆਦਿ ਮਨੁੱਖ ਦੇ ਕਬੀਲਾ ਯੁੱਗ, ਰਜਵਾੜਾਸ਼ਾਹੀ, ਬਾਦਸ਼ਾਹੀ ਸਲਤਨਤਾਂ ਵਿਚੋਂ ਗੁਜ਼ਰਾਨ ਤੋਂ ਬਾਅਦ ਪੂਰੇ ਵਿਸ਼ਵ ਨੇ ਜਮਹੂਰੀਅਤ ਦੀ ਸੱਤਾ ਜਾਂ ਲੋਕ ਰਾਜ ਦਾ ਫਾਰਮੂਲਾ ਅਪਣਾਇਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਮਨੁੱਖੀ ਸੁਭਾਅ, ਨਸਲਾਂ, ਭੂਗੋਲਿਕ ਸਥਿਤੀਆਂ ਅਤੇ ਆਰਥਿਕ ਵਸੀਲਿਆਂ ਮੁਤਾਬਕ ਇਹ ਜਮਹੂਰੀਅਤ ਵੱਖੋ ਵੱਖਰੇ ਦੇਸ਼ਾਂ, ਭੂ ਖੰਡਾਂ ਅਤੇ ਗੁੱਟਾਂ ਵਿਚ ਕਿਸ ਤਰਾਂ ਵਿਗਸਦੀ ਅਤੇ ਨੇਪਰੇ ਚੜਦੀ ਹੈ। ਪੰਜਾਬ ਆਦਿ ਕਾਲ ਤੋਂ ਹੀ ਇਕ ਉਪਜਾਊ ਮਿੱਟੀ ਅਤੇ ਮਿਹਨਤੀ ਮੁਸ਼ੱਕਤੀ ਤੇ ਜਾਂਬਾਜ ਲੋਕਾਂ ਦੀ ਧਰਤੀ ਰਿਹਾ ਹੈ। ਸਿੰਧ ਘਾਟੀ ਜਾਂ ਹੜੱਪਾ ਵਰਗੀਆਂ ਸੱਭਿਅਤਾਵਾਂ ਤੋਂ ਲੈ ਕੇ ਫਿਰ ਆਰੀਅਨਾਂ ਅਤੇ ਸਿੱਖ ਰਾਜ ਦੀ ਉਤਪਤੀ, ਬਰਤਾਨਵੀ ਕਬਜਾ, ਆਜ਼ਾਦੀ ਦੀਆਂ ਲੜਾਈਆਂ, ਬਟਵਾਰੇ ਦਾ ਦਰਦ ਇਸੇ ਧਰਤੀ ਨੇ ਹੰਡਾਇਆ ਹੈ। 1947 ਦੀ ਤਕਸੀਮ ਤੋਂ ਬਾਅਦ ਪੰਜਾਬ ਭਾਰਤ ਦਾ ਇਕ ਸੂਬਾ ਮਾਤਰ ਬਣ ਕੇ ਆਪਣੀ ਸਿਆਸੀ, ਸਮਾਜਿਕ, ਆਰਥਿਕ ਅਤੇ ਧਾਰਮਿਕ ਹਸਤੀ ਦੇ ਤੌਰ ’ਤੇ ਸੁਭਾਇਮਾਨ ਹੈ।

ਹੋਰਨਾਂ ਸੂਬਿਆਂ ਵਾਂਗ ਪੰਜਾਬ ਵਿਚ ਜਮਹੂਰੀ ਤਰੀਕੇ ਨਾਲ ਚੁਣੀ ਹੋਈ ਸਰਕਾਰ ਦੇ ਵਜ਼ੀਰ ਸੱਤਾ ਦੇ ਮਾਲਕ ਹੁੰਦੇ ਹਨ ਪਰ ਉਨਾਂ ਦਾ ਕਰਮ, ਸੂਬੇ ਦੇ ਵਿਧਾਨ ਅਤੇ ਨੇਮਾਂ ਮੁਤਾਬਕ ਹਕੂਮਤ ਨੂੰ ਕਲਿਆਣਕਾਰੀ ਕਾਰਜਾਂ ਲਈ ਚਲਾਉਣਾ ਹੁੰਦਾ ਹੈ। ਚੁਣੇ ਹੋਏ ਨੁਮਾਇੰਦੇ ਜੋ ਬਹੁਮੱਤ ਦੇ ਲਿਹਾਜ ਨਾਲ ਵਜ਼ਾਰਤ ਵਿਚ ਆਉਂਦੇ ਹਨ ਵੱਖੋ ਵੱਖਰੇ ਮਹਿਕਮਿਆਂ ਦੇ ਰਾਜਨੀਤਕ ਮੁਖੀਆਂ ਵਜੋਂ ਸੇਵਾ ਨਿਭਾਉਂਦੇ ਹਨ ਪਰ ਸਰਕਾਰ ਦਾ ਇਕ ਹੋਰ ਮਹੱਤਵਪੂਰਨ ਅੰਗ ਕਾਰਜ ਕਾਲਕਾ ਜੋ ਧਰਤੀ ਦੇ ਕਾਨੂੰਨ ਮੁਤਾਬਕ ਕੰਮ ਕਾਜ ਚਲਾਉਣ ਵਿਚ ਸਿਆਸੀ ਨਿਜ਼ਾਮ ਦੀ ਮਦਦ ਕਰਦੀ ਹੈ, ਉਸ ਦਾ ਵੀ ਮਹੱਤਵਪੂਰਨ ਰੋਲ ਰਿਹਾ ਹੈ। ਸੂਬੇ ਦਾ ਸਾਰਾ ਰਿਕਾਰਡ, ਮੀਟਿੰਗਾਂ ਦੀਆਂ ਕਾਰਵਾਈਆਂ, ਕਾਨੂੰਨਾਂ ਦੇ ਸੁਝਾਅ ਅਤੇ ਲੋਕ ਭਲਾਈ ਕਾਰਜਾਂ ਦੇ ਵਿਕਾਸ ਦੀਆਂ ਯੋਜਨਾਵਾਂ ਇਸ ਕਾਰਜ ਪਾਲਕਾ ਦੇ ਹੱਥ ਵਿਚ ਹਨ ਜਿਨਾਂ ਨੂੰ ਬਿਊਰੋਕਰੇਸੀ (ਨੌਕਰਸ਼ਾਹੀ/ ਬਾਬੂਸ਼ਾਹੀ) ਕਿਹਾ ਜਾਂਦਾ ਹੈ। ਬਾਬੂਸ਼ਾਹੀ ਦਾ ਸਿਲਸਿਲਾ ਭਾਵੇਂ ਮੁਗਲਾਂ ਵੇਲੇ ਸ਼ੁਰੂ ਹੋ ਗਿਆ ਸੀ ਪਰ ਬਰਤਾਨਵੀ ਸਾਮਰਾਜ ਅਧੀਨ ਇਹ ਸਭ ਤੋਂ ਵੱਧ ਪ੍ਰਪੱਕ ਹੋਇਆ ਅਤੇ ਦੇਸ਼ ਆਜ਼ਾਦ ਹੋਣ ਮਗਰੋਂ ਅਜਿਹੇ ਕਾਨੂੰਨ ਬਣੇ ਕਿ ਰਾਜ ਭਾਗ ਦੇ ਸਾਰੇ ਰਿਕਾਰਡ ਅਤੇ ਕਾਰਵਾਈਆਂ ਦਾ ਕੁੰਜੀ ਮੁਖਤਿਆਰ (ਕਸਟੋਡੀਅਨ) ਹੀ ਇਹ ਵਰਗ ਬਣ ਗਿਆ। ਪਟਵਾਰੀ ਤੋਂ ਲੈ ਕੇ ਸੂਬੇ ਦੇ ਮੁੱਖ ਸਕੱਤਰ ਅਤੇ ਦੇਸ਼ ਦੇ ਕੈਬਨਿਟ ਸਕੱਤਰ ਤੱਕ ਬਾਬੂਸ਼ਾਹੀ ਦੀ ਇਕ ਐਸੀ ਲੜੀ ਪਰੋਈ ਗਈ ਕਿ ਚੁਣੇ ਹੋਏ ਨੁਮਾਇੰਦੇ, ਵਿਧਾਇਕ, ਵਜ਼ੀਰ ਆਦਿ ਸੱਤਾਧਾਰੀ ਹੁੰਦੇ ਹੋਏ ਵੀ ਹਾਸ਼ੀਏ ਤੇ ਆ ਗਏ। ਬਾਬੂਸ਼ਾਹੀ ਦੀ ਨਿਰਭਰਤਾ ਏਨੀ ਭਾਰੂ ਹੋ ਗਈ ਕਿ ਜਮਹੂਰੀ ਨਿਜ਼ਾਮ ਇਸ ਦੇ ਮੁਤਾਬਕ ਹੀ ਚੱਲਣ ਲੱਗ ਪਿਆ।

ਇਸ ਦੇਸ਼ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਆਈ ਏ ਐਸ ਜਾਂ ਸਿਵਲ ਅਧਿਕਾਰੀਆਂ ਦੇ ਆਪਸੀ ਤਕਰਾਰ ਕਈ ਵਾਰ ਸਾਹਮਣੇ ਆਏ ਹਨ ਪਰ ਹਾਲ ਹੀ ਵਿਚ ਪੰਜਾਬ ਕੈਬਨਿਟ ਦੀਆਂ ਦੋ ਮੀਟਿੰਗਾਂ ਨੇ ਇਸ ਸਾਰੇ ਟਕਰਾਅ ਨੂੰ ਸਿਖਰ ਤੇ ਪਹੁੰਚਾ ਦਿੱਤਾ ਹੈ। ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਕੁਝ ਵਜ਼ੀਰਾਂ ਦੀ ਆਪਸੀ ਖਿੱਚੋਤਾਣ ਇਨਾਂ ਮੀਟਿੰਗਾਂ ਵਿਚ ਪੂਰੀ ਤਰਾਂ ਉੱਭਰ ਕੇ ਸਾਹਮਣੇ ਆ ਗਈ। ਪਹਿਲੀ ਮੀਟਿੰਗ ਵਿਚ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਮੀਟਿੰਗ ਸ਼ੁਰੂ ਹੋਣ ਤੋਂ ਦਸ ਮਿੰਟ ਬਾਅਦ ਹੀ ਵਾਕ-ਆਊਟ ਕਰ ਜਾਣਾ ਅਤੇ ਉਨਾਂ ਦੇ ਨਾਲ ਇਕ ਹੋਰ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਖੁੱਲ ਕੇ ਸਾਹਮਣੇ ਆਉਣਾ ਇਕ ਤਰਾਂ ਚੁਣੇ ਹੋਏ ਲੋਕਾਂ ਦੀ ਅਫ਼ਸਰਸ਼ਾਹੀ ਖਿਲਾਫ਼ ਬਗਾਵਤ ਕਹੀ ਜਾ ਸਕਦੀ ਹੈ। ਇਸ ਤੋਂ ਬਾਅਦ ਪੰਜਾਬ ਦੀਆਂ ਦੂਜੀਆਂ ਸਿਆਸੀ ਪਾਰਟੀਆਂ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਲੋਂ ਇਸ ਮੁੱਦੇ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਕਮਜ਼ੋਰ ਸਿਆਸਤ ਨਾਲ ਜੋੜਨਾ ਇਸ ਸਮੁੱਚੇ ਵਰਤਾਰੇ ਵਿਚ ਭਾਵੇਂ ਵੱਖਰਾ ਪਹਿਲੂ ਜਾਪਦਾ ਹੈ ਪਰ ਅਫ਼ਸਰਸ਼ਾਹੀ ਦੀ ਸੱਤਾ ਨੂੰ ਇਹ ਧਿਰਾਂ ਵੀ ਕਬੂਲ ਰਹੀਆਂ ਹਨ। ਕੁਝ ਸਿਆਸੀ ਮਾਹਰ ਇਸ ਮੁੱਦੇ ਨੂੰ ਸੌੜੇ ਹਿੱਤਾਂ ਅਤੇ ਸ਼ਰਾਬ ਦੇ ਵਪਾਰੀਆਂ ਦੇ ਪੱਖਪਾਤ ਜਾਂ ਕਾਰੋਬਾਰ ਵਿਚ ਲੱਗੀਆਂ ਵੱਖ ਵੱਖ ਧਿਰਾਂ ਦੀ ਹਮਾਇਤ ਦੇ ਮੁੱਦੇ ਨਾਲ ਜੋੜ ਰਹੇ ਹਨ ਪਰ ਅਸਲ ਵਿਚ ਮੁੱਦਾ ਇਹ ਉੱਭਰਨਾ ਚਾਹੀਦਾ ਹੈ ਕਿ ਸੱਤਾ ਦੀ ਕੁੰਜੀ ਚੁਣੇ ਹੋਏ ਨੁਮਾਇੰਦਿਆਂ ਦੇ ਹੱਥਾਂ ਵਿਚ ਹੈ ਜਾਂ ਅਫ਼ਸਰਸ਼ਾਹੀ ਦੇ ਹੱਥਾਂ ਵਿਚ। ਕੈਪਟਨ ਵਜ਼ਾਰਤ ਦੇ ਇਕ ਵਜ਼ੀਰ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਮੁੱਖ ਸਕੱਤਰ ਉਨਾਂ ਦੀ ਕਿਸੇ ਗੱਲ ਨੂੰ ਤਰਜੀਹ ਦੇਣ ਦੀ ਬਜਾਏ ਉਲਟਾ ਰੱਦ ਕਰ ਦਿੰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਪੰਜਾਬ ਕੈਬਨਿਟ ਦੀ ਦੂਜੀ ਮੀਟਿੰਗ ਵਿਚ ਮੁੱਖ ਸਕੱਤਰ ਹਾਜ਼ਰ ਨਹੀਂ ਹੋਏ, ਇਸ ਦਾ ਮੁੱਖ ਮੰਤਰੀ ਦੇ ਕੁਝ ਸਾਥੀ ਵਜ਼ੀਰਾਂ ਦੀ ਇਸ ਸ਼ਰਤ ਕਿ ਜੇ ਮੁੱਖ ਸਕੱਤਰ ਮੀਟਿੰਗ ਵਿਚ ਹਾਜ਼ਰ ਹੋਣਗੇ, ਉਹ ਹਿੱਸਾ ਨਹੀਂ ਲੈਣਗੇ, ਨੂੰ ਮੀਰੀ ਮੰਨਿਆ ਜਾਵੇ ਜਾਂ ਅਫ਼ਸਰਸ਼ਾਹੀ ਦੀ ਸਿਆਣਪ ਸਮਝਿਆ ਜਾਵੇ। ਹਾਲਾਂਕਿ ਪੰਜਾਬ ਰਾਜ ਦੇ ਨੇਮਾਂ ਮੁਤਾਬਕ ਮੁੱਖ ਸਕੱਤਰ ਹੀ ਕੈਬਨਿਟ ਸਕੱਤਰ ਹੁੰਦਾ ਹੈ ਜਿਸ ਨੇ ਮੰਤਰੀ ਮੰਡਲ ਦੀ ਸਾਰੀ ਕਾਰਵਾਈ ਚਲਾਉਣੀ ਹੁੰਦੀ ਹੈ ਅਤੇ ਕਾਰਵਾਈ ਰਿਕਾਰਡ ਵੀ ਕਰਨੀ ਹੁੰਦੀ ਹੈ ਕਿਉਂਕਿ ਨਿਜ਼ਾਮ ਮੁਤਾਬਕ ਉਹ ਹੀ ਰਿਕਾਰਡ ਦਾ ਕਸਟੋਡੀਅਨ ਹੁੰਦਾ ਹੈ।

ਇੱਥੇ ਇਕ ਵੱਡਾ ਸੁਆਲ ਇਹ ਖੜਾ ਹੁੰਦਾ ਹੈ ਕਿ ਅਸਲ ਵਿਚ ਸਰਕਾਰ ਕੌਣ ਹੈ ? ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਜਾਂ ਅਫ਼ਸਰਸ਼ਾਹੀ। ਜਿਸ ਤਰਾਂ ਇਕ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਲਜ਼ਾਮ ਲਾਇਆ ਕਿ ਮੁੱਖ ਸਕੱਤਰ ਦਾ ਪੁੱਤਰ ਇਕ ਸ਼ਰਾਬ ਫੈਕਟਰੀ ਵਿਚ ਹਿੱਸੇਦਾਰ ਹੈ ਇਸ ਲਈ ਲਾਕਡਾਊਨ ਵਿਚ ਹੋਏ ਨੁਕਸਾਨ ਦਾ ਵੱਧ ਫਾਇਦਾ ਉਹ ਆਪਣੇ ਪੁੱਤਰ ਨੂੰ ਦੇਣਾ ਚਾਹੁੰਦੇ ਹਨ, ਇਸ ਤੋਂ ਇਹ ਜਾਪਦਾ ਹੈ ਕਿ ਇਸ ਸਿਸਟਮ ਵਿਚ ‘ਸਭ-ਅੱਛਾ’ ਨਹੀਂ ਹੈ। ਜਿੰਨੀ ਦੇਰ ਸਿਆਸੀ ਲੋਕ ਅਤੇ ਅਫ਼ਸਰ ਇਕ ਦੂਜੇ ਨਾਲ ਮਿਲ ਕੇ ਚਲਦੇ ਹਨ ਤਾਂ ਕਿਸੇ ਨੂੰ ਵੀ ਕੋਈ ਮੁਸ਼ਕਲ ਨਹੀਂ ਹੈ, ਕਿਉਂਕਿ ਇਨਾਂ ਦੇ ਆਪਸੀ ਸੁਮੇਲ ਨਾਲ ਹੀ ਸੂਬੇ ਨੇ ਤਰੱਕੀ ਕਰਨੀ ਹੈ। ਜੇ ਅਫ਼ਸਰਸ਼ਾਹੀ ਅਤੇ ਲੋਕ ਪ੍ਰਤੀਨਿਧਾਂ ਦਾ ਕਰੂਰਾ ਲੋਕ ਭਲਾਈ ਕਾਰਜਾਂ ਅਤੇ ਸੂਬੇ ਦੇ ਵਿਕਾਸ ਲਈ ਇਕ ਦੂਜੇ ਨਾਲ ਮਿਲਦਾ ਹੈ ਤਾਂ ਇਹ ਇਕ ਚੰਗਾ ਸੰਕੇਤ ਹੈ ਪਰ ਜੇ ਦੋਵੇਂ ਧਿਰਾਂ ਆਪਣੇ ਜ਼ਾਤੀ ਮੁਫ਼ਾਦ ਲਈ ਇਕ ਦੂਜੇ ਨਾਲ ਇਕਮਿਕ ਹਨ ਅਤੇ ਸੌੜੇ ਹਿੱਤਾਂ ਲਈ ਹੀ ਇਕ ਦੂਜੇ ਦੇ ਖਿਲਾਫ਼ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਤਾਂ ਇਕ ਲੋਕ ਰਾਜ ਜਾਂ ਜਮਹੂਰੀਅਤ ਲਈ ਬਦਸ਼ਗਨੀ ਹੈ। ਪੰਜਾਬ ਵਿਚ ਅਫ਼ਸਰਸ਼ਾਹੀ ਅਤੇ ਲੋਕ ਨੁਮਾਇੰਦਿਆਂ ਦਾ ਟਕਰਾਅ ਭਾਵੇਂ ਸ਼ਰਾਬ ਦੇ ਠੇਕੇਦਾਰਾਂ ਅਤੇ ਵਪਾਰੀਆਂ ਦੇ ਬਹਾਨੇ ਹੀ ਉੱਭਰ ਕੇ ਸਾਹਮਣੇ ਆਇਆ ਹੈ ਪਰ ਇਸ ਨੂੰ ਇਕ ਸ਼ੁਭ ਸ਼ਗਨ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ‘ਬੁੱਕਲ ਵਿਚ ਲੱਡੂ ਭੰਨਣ’ ਦਾ ਦਸਤੂਰ ਲੋਕਾਂ ਸਾਹਮਣੇ ਵੀ ਆਉਣਾ ਚਾਹੀਦਾ ਹੈ।

# ਤਾਲਾਬੰਦੀ ਦੌਰਾਨ ਫਸੇ ਕਸ਼ਮੀਰੀਆਂ ਦੀ ਮਦਦ ਲਈ ਅੱਗੇ ਆਓ





**- ਜਸਟਿਸ ਮਾਰਕੰਡੇ ਕਾਟਜੂ**

ਮੈਂ ਕਸ਼ਮੀਰੀ ਹਾਂ ਅਤੇ ਇਸ ਲਈ ਮੈਂ ਕੁਦਰਤੀ ਤੌਰ ’ਤੇ ਕਸ਼ਮੀਰ ਨਾਲ ਜੁੜਿਆ ਹੋਇਆ ਹਾਂ, ਜੋ ਮੇਰੇ ਪੁਰਖਿਆਂ ਦਾ ਜਨਮ ਸਥਾਨ ਵੀ ਹੈ। ਮੈਨੂੰ ਕਸ਼ਮੀਰੀ ਪੰਡਤਾਂ ਅਤੇ ਕਸ਼ਮੀਰੀ ਮੁਸਲਮਾਨ ਦੋਵਾਂ ਪ੍ਰਤੀ ਹਮਦਰਦੀ ਹੈ। ਮੈਂ ਅਕਸਰ ਕਸ਼ਮੀਰੀ ਮੁਸਲਮਾਨਾਂ ਨੂੰ ਕਹਿੰਦਾ ਹਾਂ ਕਿ ਮੇਰਾ ਡੀਐਨਏ ਅਤੇ ਖੂਨ ਇਕੋ ਜਿਹਾ ਹੈ। ਮੈਂ ਇਹ ਖ਼ਬਰ ਸੁਣਕੇ ਬਹੁਤ ਚਿੰਤਤ ਹੋ ਗਿਆ ਕਿ ਦੇਸ਼ ਵਿਆਪੀ ਤਾਲਾਬੰਦੀ ਕਾਰਨ ਵੱਡੀ ਗਿਣਤੀ ਵਿੱਚ ਕਸ਼ਮੀਰੀ (ਵਿਦਿਆਰਥੀ, ਕਾਰੋਬਾਰੀ ਅਤੇ ਹੋਰ ਕਸ਼ਮੀਰੀ) ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ ਫਸੇ ਹੋਏ ਹਨ। ਉਹ ਕਸ਼ਮੀਰ ਵਾਪਸ ਜਾਣਾ ਚਾਹੁੰਦੇ ਹਨ ਪਰ ਅੰਤਰਰਾਸ਼ਟਰੀ ਯਾਤਰਾ ’ਤੇ ਪਾਬੰਦੀਆਂ ਕਾਰਨ ਉਹ ਆਪਣੇ ਪ੍ਰਾਂਤ ਜਾ ਨਹੀਂ ਸਕਦੇ। ਉਨਾਂ ਦੀ ਆਰਥਿਕ ਹਾਲਤ ਠੀਕ ਨਹੀਂ ਹੈ। ਉਨਾਂ ਕੋਲ ਪੈਸੇ, ਦਵਾਈ ਅਤੇ ਭੋਜਨ ਦੀ ਘਾਟ ਹੈ। ਇਸ ਸਥਿਤੀ ਵਿਚ ਜਲਦੀ ਹੀ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਬੀਤੇ ਦਿਨੀਂ ਮੈਂ ਆਪਣੇ ਦੋਸਤ ਵਿਵੇਕ ਤਨਖਾ, ਸੰਸਦ ਮੈਂਬਰ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਨਾਲ ਸੰਪਰਕ ਕੀਤਾ। ਵਿਵੇਕ ਮੇਰੇ ਵਰਗਾ ਕਸ਼ਮੀਰੀ ਵੀ ਹੈ ਅਤੇ ਕਸ਼ਮੀਰੀਆਂ ਨਾਲ ਉਸ ਦਾ ਵੀ ਸਬੰਧ ਹੈ। ਉਹ ਫਸੇ ਕਸ਼ਮੀਰੀਆਂ ਦੀ ਮਦਦ ਲਈ ਤਿਆਰ ਸੀ।

ਮੈਂ ਆਪਣੇ ਫੇਸਬੁੱਕ ਪੇਜ ’ਤੇ ਹੇਠ ਲਿਖਤ ਪੋਸਟ ਕੀਤੀ -

“ਬਹੁਤ ਸਾਰੇ ਕਸ਼ਮੀਰੀ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਫਸੇ ਹੋਏ ਹਨ, ਪਰ ਅੰਤਰਰਾਜੀ ਹਵਾਈ ’ਤੇ ਲੱਗੀਆਂ ਪਾਬੰਦੀਆਂ ਦੇ ਕਾਰਨ ਉਹ ਕਸ਼ਮੀਰ ਵਾਪਸ ਨਹੀਂ ਜਾ ਸਕਦੇ। ਉਹ ਮੁਸ਼ਕਲਾਂ ਦੇ ਦੌਰ ਦਾ ਸਾਹਮਣਾ ਕਰ ਰਹੇ ਹਨ ਅਤੇ ਉਨਾਂ ਕੋਲ ਭੋਜਨ, ਦਵਾਈਆਂ ਅਤੇ ਪੈਸੇ ਦੀ ਕਮੀ ਹੈ।

ਜੋ ਕਸ਼ਮੀਰ ਤੋਂ ਬਾਹਰ ਫਸੇ ਕਿਸੇ ਕਸ਼ਮੀਰੀ ਨੂੰ ਕੋਈ ਮੁਸ਼ਕਲ ਆਉਂਦੀ ਹੈ, ਤਾਂ ਮੈਨੂੰ ਆਪਣੀ ਸਮੱਸਿਆ ਬਾਰੇ ਪੂਰੀ ਜਾਣਕਾਰੀ ਆਪਣੇ ਸੰਪਰਕ ਨੰਬਰ ਨਾਲ ਦੇਵੇ। ਮੈਂ ਇਸ ਨੂੰ ਵਿਵੇਕ ਨਾਲ ਸਾਂਝਾ ਕਰਾਂਗਾ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਅਸੀਂ ਜੋ ਵੀ ਮਦਦ ਕਰ ਸਕੀਏ ਕਰਾਂਗੇ। ਅਸੀਂ ਵਲੰਟੀਅਰਾਂ ਦੀ ਇਕ ਟੀਮ ਬਣਾਵਾਂਗੇ ਜੋ ਫਸੇ ਕਸ਼ਮੀਰੀਆਂ ਦੀ ਮਦਦ ਲਈ ਤਿਆਰ ਹੋਣਗੇ। ਉਹ ਸਾਰੇ ਜਿਹੜੇ ਗੈਰ-ਕਸ਼ਮੀਰੀਆਂ ਸਮੇਤ ਸਾਡੀ ਟੀਮ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਕਿਰਪਾ ਕਰਕੇ ਮੈਨੂੰ ਇਕ ਈ-ਮੇਲ ਭੇਜੋ।”

ਬਹੁਤ ਜਲਦੀ ਹੀ ਮੈਨੂੰ ਦਰਜਨਾਂ ਈ-ਮੇਲ ਅਤੇ ਫੇਸਬੁੱਕ ਸੰਦੇਸ਼ ਮਿਲੇ, ਨਾ ਸਿਰਫ ਫਸੇ ਕਸ਼ਮੀਰੀਆਂ (ਜਿਹੜੇ ਦਿੱਲੀ ਵਿਚ ਹਨ, ਮੁੰਬਈ, ਨੋਇਡਾ, ਗ੍ਰੇਟਰ ਨੋਇਡਾ, ਬੰਗਲੁਰੂ, ਝਾਰਖੰਡ, ਪੰਜਾਬ, ਰਾਜਸਥਾਨ, ਆਦਿ ਵਿੱਚ ਸਨ) ਦੇ, ਬਲਕਿ ਉਹਨਾਂ ਦੀ ਵੀ ਜਿਨਾਂ ਨੇ ਸਵੈ-ਇੱਛਾ ਨਾਲ ਸਹਾਇਤਾ ਕੀਤੀ।

ਅਜਿਹੇ ਅਣਗਿਣਤ ਲੋਕ ਹਨ ਜਿਨਾਂ ਨੇ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ।

(1) ਆਸਿਫ ਅਬਦੁੱਲਾ ਦਾ ਈ-ਮੇਲ ਰਾਹੀਂ ਸੁਨੇਹਾ ਸੀ ਅਸੀਂ ਦਿੱਲੀ ਦੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ‘ਹੈਲਪਿੰਗ ਹੈਂਡਜ਼’ ਨਾਮ ਦੀ ਇਕ ਜਥੇਬੰਦੀ ਬਣਾਈ ਹੈ ਅਤੇ ਤਾਲਾਬੰਦੀ ਦੌਰਾਨ ਫਸੇ ਲੋਕਾਂ ਦੀ ਰਾਸ਼ਨ, ਭੋਜਨ ਅਤੇ ਜ਼ਰੂਰੀ ਚੀਜ਼ਾਂ ਨਾਲ ਮਦਦ ਕਰ ਰਹੇ ਹਾਂ। ਅਸੀਂ ਤੁਹਾਡੀਆਂ ਕੋਸ਼ਿਸ਼ਾਂ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਅਤੇ ਅਸੀਂ ਕਸ਼ਮੀਰ ਦੇ ਲੋਕਾਂ ਲਈ ਤੁਹਾਡੀ ਪਹਿਲਕਦਮੀ ਲਈ ਹਰ ਤਰਾਂ ਦਾ ਸਹਿਯੋਗ ਕਰਨ ਲਈ ਤਿਆਰ ਹਾਂ।

(2) ਇਕ ਸਿੱਖ ਸੱਜਣ, ਇੰਦਰਜੀਤ ਸਿੰਘ ਚੱਠਾ, ਇੰਟਰਨੈਸ਼ਨਲ ਖਾਲਸਾ ਏਡ ਨਾਲ ਸੰਬੰਧਿਤ ਹੈ, ਜੋ ਕਿ ਜਲੰਧਰ ਵਿਚ ਰਹਿੰਦਾ ਹੈ ਅਤੇ ਕੰਮ ਕਰਦਾ ਹੈ, ਨੇ ਇਸ ਸੰਬੰਧ ਵਿਚ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਮੇਰੀ ਬੇਨਤੀ ’ਤੇ ਉਹ ਪੰਜਾਬ ਵਿਚ ਫਸੇ ਕਸ਼ਮੀਰੀਆਂ ਦੀ ਮਦਦ ਕਰ ਰਿਹਾ ਹੈ। ਉਹ ਉਨਾਂ ਨੂੰ ਰਾਸ਼ਨ ਦੀ ਸਪਲਾਈ ਕਰ ਰਿਹਾ ਹੈ ਅਤੇ ਹੋਰ ਤਰੀਕਿਆਂ ਨਾਲ ਉਨਾਂ ਦੀ ਮਦਦ ਵੀ ਕਰ ਰਿਹਾ ਹੈ।

(3) ਐਮ ਆਰ, ਬੰਗਲੁਰੂ ਦਾ ਇੱਕ ਸੱਜਣ ਬਾਲਕ੍ਰਿਸ਼ਨ ਬਾਲੂ ਬੰਗਲੁਰੂ ਵਿਚ ਫਸੇ ਕਸ਼ਮੀਰੀਆਂ ਦੀ ਮਦਦ ਕਰ ਰਿਹਾ ਹੈ। ਉਸਨੇ ਆਪਣੀ ਜੇਬ ਵਿਚੋਂ ਪੈਸੇ ਜ਼ਰੂਰਤਮੰਦਾਂ ਨੂੰ ਵੀ ਦਿੱਤੇ ਹਨ। ਇਹ ਸਾਰੇ ਵੇਰਵੇ ਮੇਰੇ ਫੇਸਬੁੱਕ ਪੇਜ ਤੇ ਵੇਖੇ ਜਾ ਸਕਦੇ ਹਨ, ਜਿਸ ਨੂੰ ਅਸੀਂ ਇੱਕ ਪਲੇਟਫਾਰਮ ਦੇ ਤੌਰ ਤੇ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਵਰਤ ਰਹੇ ਹਾਂ.

ਵਿਵੇਕ ਤਨਖਾ ਅਤੇ ਆਸਿਫ ਅਬਦੁੱਲਾ ਲੋੜਵੰਦ ਕਸ਼ਮੀਰੀਆਂ ਦੀ ਇਕ ਲਿਸਟ ਤਿਆਰ ਕਰ ਰਹੇ ਹਨ ਅਤੇ ਫਿਰ ਵਿਵੇਕ ਭਾਰਤ ਦੇ ਸਾਰੇ ਸ਼ਹਿਰਾਂ ਵਿੱਚ ਲੋਕਾਂ ਨੂੰ ਫਸੇ ਕਸ਼ਮੀਰੀਆਂ ਕੋਲ ਜਾਣ ਅਤੇ ਮਦਦ ਦੇਣ ਲਈ ਨਿਯੁਕਤ ਕਰੇਗਾ। ਅਸੀਂ ਵਿਦੇਸ਼ਾਂ ਵਿਚ ਵਸਦੇ ਕਸ਼ਮੀਰੀਆਂ ਨੂੰ ਵੀ ਆਪਣੇ ਵਿਚਾਰ ਅਤੇ ਸੁਝਾਅ ਦੇਣ ਲਈ ਕਿਹਾ ਹੈ।

ਅਸੀਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਵਿਚ ਫਸੇ ਕਸ਼ਮੀਰੀਆਂ ਦੀ ਕਸ਼ਮੀਰ ਪਹੁੰਚਣ ਵਿਚ ਸਹਾਇਤਾ ਨਹੀਂ ਕਰ ਸਕਦੇ, ਕਿਉਂਕਿ ਕੌਮਾਂਤਰੀ ਯਾਤਰਾ ’ਤੇ ਪਾਬੰਦੀ ਹੈ, ਪਰ ਅਸੀਂ ਉਨਾਂ ਨੂੰ ਬਚਣ ਲਈ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਾਂਗੇ।

ਇਸ ਪਹਿਲ ਦੀ ਮਹੱਤਤਾ ਇਹ ਹੈ ਕਿ ਇਹ ਦਰਸਾਉਂਦਾ ਹੈ ਕਿ ਚੰਗੇ ਲੋਕ ਹਰ ਜਗਾ ਮੌਜੂਦ ਹੁੰਦੇ ਹਨ, ਜੋ ਮੁਸੀਬਤ ਦੇ ਸਮੇਂ ਸਹਾਇਤਾ ਕਰਨ ਲਈ ਤਿਆਰ ਹੁੰਦੇ ਹਨ। ਇਹ ਇਹ ਧਾਰਨਾ ਵੀ ਤੋੜ ਦੇਵੇਗੀ ਕਿ ਗੈਰ-ਕਸ਼ਮੀਰੀਆਂ ਦੀ ਕਸ਼ਮੀਰੀਆਂ ਨਾਲ ਦੁਸ਼ਮਣੀ ਹੈ। ਸਾਡੀ ਇਹ ਮਨੁੱਖੀ ਏਕਤਾ ਸਦਭਾਵਨਾ, ਭਾਈਚਾਰਾ ਤੇ ਮਨੁੱਖੀ ਅਜ਼ਾਦੀ ਕਾਇਮ ਕਰਨ ਵਿਚ ਸਾਡੀ ਸਹਾਇਤਾ ਵੀ ਕਰੇਗੀ।

# ਪ੍ਰਵਾਸੀ ਮਜ਼ਦੂਰਾਂ ਦਾ ਨਾ ਮੀਡੀਆ, ਨਾ ਸਰਕਾਰ ਨਾ ਅਸੀਂ ਲੋਕ

## ਰੇਲ ਗੱਡੀ ਹੇਠਾਂ ਆ ਕੇ ਮਾਰੇ ਗਏ 16 ਮਜ਼ਦੂਰ

- ਪ੍ਰੋ. ਬਲਵਿੰਦਰਪਾਲ ਸਿੰਘ

ਬੀਤੇ ਸ਼ੁਕਰਵਾਰ ਮਹਾਂਰਾਸ਼ਟਰ ਤੋਂ ਮੱਧ ਪ੍ਰਦੇਸ਼ ਆਪਣੇ ਘਰਾਂ ਨੂੰ ਪੈਦਲ ਜਾ ਰਹੇ 20 ਮਜ਼ਦੂਰਾਂ ਵਿੱਚੋਂ 16 ਮਜ਼ਦੂਰ ਇੱਕ ਮਾਲ ਗੱਡੀ ਹੇਠਾਂ ਸੁੱਤੇ ਹੋਏ ਕੱਟ ਕੇ ਮਾਰੇ ਗਏ। ਇਸ ਹਾਦਸੇ ਦੀਆਂ ਤਸਵੀਰਾਂ ਦਿਲ ਦਹਿਲਾ ਦੇਣ ਵਾਲੀਆਂ ਹਨ। ਰੇਲਵੇ ਲਾਈਨ ਵਿੱਚ ਮ੍ਰਿਤ ਸਰੀਰਾਂ ਦੇ ਲੋਥੜੇ ਤੇ ਭੁੱਖ ਮਿਟਾਉਣ ਲਈ ਲਿਆਂਦੀਆਂ ਰੋਟੀਆਂ ਖਿਲਰੀਆਂ ਪਈਆਂ ਹਨ।

ਦੱਸਿਆ ਜਾਂਦਾ ਹੈ ਕਿ 36 ਕਿਲੋਮੀਟਰ ਤੁਰਨ ਤੋਂ ਬਾਅਦ, ਉਨਾਂ ਨੂੰ ਨੀਂਦ ਮਹਿਸੂਸ ਹੋਣ ਲੱਗੀ, ਥੱਕ ਟੁੱਟ ਕੇ ਉਹ ਰੇਲ ਗੱਡੀ ਦੇ ਟਰੈਕ ’ਤੇ ਸੌਂ ਗਏ। ਉਹ ਇੰਨੀ ਡੂੰਘੀ ਨੀਂਦ ਵਿਚ ਚਲੇ ਗਏ ਕਿ ਉਹ ਹੋਸ਼ ਵਿੱਚ ਨਹੀਂ ਸਨ ਕਿ ਉਹ ਮੌਤ ਦੀ ਗੋਦ ਵਿਚ ਸੋ ਰਹੇ ਹਨ। ਰੇਲਗੱਡੀ ਉਨਾਂ ਉਪਰੋਂ ਗੁਜਰ ਗਈ। ਮਜ਼ਦੂਰ ਮੱਧ ਪ੍ਰਦੇਸ਼ ਦੇ ਸ਼ਾਹਦੋਲ ਅਤੇ ਉਮਰਿਆ ਦੇ ਰਹਿਣ ਵਾਲੇ ਹਨ। ਲੰਬੀਆਂ ਵਾਟਾਂ ਤੈਅ ਕਰਨ ਕਾਰਨ ਉਨਾਂ ਦੇ ਪੈਰਾਂ ’ਤੇ ਛਾਲੇ ਹਨ। ਉਹ ਰੇਲਵੇ ਟ੍ਰੈਕਾਂ ਦੇ ਨਾਲ-ਨਾਲ ਤੁਰ ਰਹੇ ਹਨ ਤਾਂ ਜੋ ਆਪਣੇ ਘਰਾਂ ਤੱਕ ਪਹੁੰਚ ਸਕਣ। ਇਸ ਹਾਦਸੇ ਸੰਬੰਧੀ ਅੰਗਰੇਜ਼ੀ ਅਖ਼ਬਾਰ ਟੈਲੀਗਰਾਫ ਦੀ ਮੁੱਖ ਸੁਰਖੀ ਹੈ, “ਇਹ ਹਾਦਸਾ ਬਿਲਕੁੱਲ ਨਹੀਂ...।”

ਇਹ ਅਧੂਰਾ ਵਾਕ ਇਸ ਤਰਾਂ ਪੂਰਾ ਹੋ ਸਕਦਾ ਹੈ। “ਇਹ ਹਾਦਸਾ ਬਿਲਕੁੱਲ ਨਹੀਂ, ਇੱਕ ਹੱਤਿਆ ਹੈ।”

ਇਸ ਹਾਦਸੇ ਬਾਰੇ ਸਵਰਾਜ ਇੰਡੀਆ ਦੇ ਯੋਗਿੰਦਰ ਯਾਦਵ ਨੇ ਬਹੁਤ ਗੰਭੀਰ ਟਿੱਪਣੀ ਕੀਤੀ ਹੈ ਕਿ, “ਜਿਨਾਂ ਨੂੰ ਰੇਲ ਗੱਡੀ ’ਤੇ ਸਵਾਰ ਹੋਣਾ ਚਾਹੀਦਾ ਸੀ, ਜਦੋਂ ਉਹ ਰੇਲ ਗੱਡੀ ਹੇਠਾਂ ਆ ਕੇ ਮਾਰੇ ਜਾਂਦੇ ਹਨ ਤਾਂ ਇਹ ਸਿਰਫ਼ ਉਨਾਂ ਬੇਚਾਰਿਆਂ ਦੀ ਹੀ ਮੌਤ ਨਹੀਂ ਸਾਡੀ ਸਭ ਦੀ ਮੌਤ ਹੈ।”

ਪਰ ਕਿਸੇ ਨੇ ਇਹ ਸੋਚਣ ਦੀ ਲੋੜ ਨਹੀਂ ਸਮਝੀ ਕਿ ਆਖਰ ਕਿਉਂ ਇਹ ਮਜ਼ਦੂਰ ਰੇਲ ਪਟੜੀ ਉੱਤੇ ਤੁਰਨ ਨੂੰ ਮਜਬੂਰ ਹੋਏ। ਆਮ ਕੱਚੇ ਰਾਹ ਜਾਂ ਸੜਕ ’ਤੇ ਤੁਰਨ ਨਾਲੋਂ ਰੇਲ ਪਟੜੀ ’ਤੇ ਜਾਂ ਨਾਲ-ਨਾਲ ਤੁਰਨਾ ਮੁਸ਼ਕਲ ਹੁੰਦਾ ਹੈ ਕਿਉਂਕਿ ਉੱਥੇ ਛੋਟੇ-ਛੋਟੇ ਪੱਥਰ ਦੇ ਟੁਕੜੇ ਖਿਲਰੇ ਹੁੰਦੇ ਹਨ। ਉਨਾਂ ਦੀ ਮਜਬੂਰੀ ਇਹ ਸੀ ਕਿ ਸਰਕਾਰ ਨੇ ਉਨਾਂ ਲਈ ਬਾਕੀ ਸਾਰੇ ਰਾਹ ਬੰਦ ਕਰ ਦਿੱਤੇ ਸਨ। ਪਹਿਲਾਂ ਰੇਲ ਗੱਡੀਆਂ ਬੰਦ ਕਰ ਦਿੱਤੀਆਂ, ਫਿਰ ਬੱਸਾਂ ਬੰਦ ਕਰ ਦਿੱਤੀਆਂ ਤੇ ਫਿਰ ਪੁਲਸ ਦੇ ਨਾਕੇ ਲਾ ਕੇ ਸੜਕਾਂ ਵੀ ਬੰਦ ਕਰ ਦਿੱਤੀਆਂ, ਘਰਾਂ ਨੂੰ ਇਨਾਂ ਮਜ਼ਦੂਰਾਂ ਲਈ ਸਿਰਫ਼ ਰੇਲ ਪਟੜੀਆਂ ਤੇ ਜੰਗਲਾਂ ਵਿੱਚੋਂ ਲੰਘਣ ਵਾਲੇ ਰਾਹ ਹੀ ਰਹਿ ਗਏ ਸਨ।

ਮੀਡੀਆ ਇਨਾਂ ਦੀ ਹੋਣੀ ਬਾਰੇ ਚੁੱਪ ਹੈ, ਕਿਉਂਕਿ ਇਹ ਸ਼ੋਸ਼ਲ ਮੀਡੀਆ ’ਤੇ ਨਹੀਂ ਹਨ। ਚੈਨਲਾਂ ’ਤੇ ਵੀ ਉਨਾਂ ਦੀ ਖਬਰ ਕਿਸੇ ਨੂੰ ਬਹੁਤਾ ਭਾਵੁਕ ਨਹੀਂ ਕਰੇਗੀ, ਕਿਉਂਕਿ ਇਹ ਅਮੀਰ ਲੋਕਾਂ ਵਾਂਗ ਇਨਾਂ ਨੂੰ ਇਸ਼ਤਿਹਾਰ ਨਹੀਂ ਦਿੰਦੇ ਤੇ ਨਾ ਹੀ ਰਾਖੀ ਸਾਵੰਤ ਵਾਂਗ ਇਨਾਂ ਦੀ ਟੀਆਰਪੀ ਵਧਾਉਂਦੇ ਹਨ। ਵੱਡੀ ਗੱਲ ਇਹ ਹੈ ਕਿ ਉਹ ਮਨੁੱਖ ਹੀ ਨਹੀਂ ਹਨ। ਉਨਾਂ ਨੂੰ ਸਿਰਫ ਸਰਕਾਰ ਸਮੇਤ ਸਾਡੇ ਵੱਲੋਂ ਗੁਲਾਮ ਸਮਝਿਆ ਗਿਆ ਹੈ ਮਨੁੱਖ ਸਮਝਿਆ ਹੀ ਨਹੀਂ ਗਿਆ। ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰ ਤੇ ਸਮਾਜ ਉਨਾਂ ਪ੍ਰਤੀ ਕਿੰਨਾ ਅਸੰਵੇਦਨਸ਼ੀਲ ਹੋ ਗਿਆ ਹੈ। ਮਜ਼ਦੂਰਾਂ ਦੀ ਮੌਤ ਇਕ ਮਾਮੂਲੀ ਘਟਨਾ ਬਣ ਗਈ ਹੈ। ਜੇ ਖਾਸ ਘਟਨਾ ਹੁੰਦੀ ਤਾਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਬਾਰੇ ਆਵਾਜ਼ ਉਠਾਉਂਦੀਆਂ। ਟੈਲੀ ਮੀਡੀਆ ਘੰਟਿਆਂ ਬੱਧੀ ਉਨਾਂ ਦੀਆਂ ਖ਼ਬਰਾਂ ਬਾਰੇ ਆਵਾਜ਼ ਉਠਾਉਂਦਾ। ਕਾਰਲ ਮਾਰਕਸ ਨੇ 175 ਸਾਲ ਪਹਿਲਾਂ ਲਿਖਿਆ ਸੀ ਕਿ ਮਜ਼ਦੂਰ ਜਿੰਨੀ ਮਿਹਨਤ ਕਰਦਾ ਹੈ, ਓਨਾ ਹੀ ਵਿਸ਼ਾਲ ਜਾਂ ਸ਼ਕਤੀਸ਼ਾਲੀ ਪੂੰਜੀਵਾਦੀ ਜਗਤ ਬਣਦਾ ਹੈ। ਜਿਉਂ ਜਿਉਂ ਸ਼ਕਤੀਸ਼ਾਲੀ ਪੂੰਜੀਵਾਦੀ ਜਗਤ ਬਣਦਾ ਹੈ ਮਜ਼ਦੂਰ ਸ਼ਕਤੀ ਦਾ ਉਹੀ ਅਨੁਪਾਤ ਹੋਲੀ ਹੋਲੀ ਘਟਦਾ ਜਾਂਦਾ ਹੈ। ਜੇ ਰੇਲਵੇ ਟਰੈਕਾਂ ’ਤੇ ਮਰਨ ਵਾਲੇ ਇਹ ਕਾਮੇ ਰਾਸ਼ਟਰ ਨਿਰਮਾਤਾ ਹਨ ਤਾਂ ਰਾਸ਼ਟਰ ਤਾਂ ਹੋਰ ਮਜ਼ਬੂਤ ਹੋ ਗਿਆ, ਪਰ ਰਾਸ਼ਟਰ ਦੀ ਸਿਰਜਣਾ ਕਰਨ ਵਾਲੇ ਏਨੇ ਕਮਜ਼ੋਰ ਕਿਉਂ ਪੈ ਗਏ?

ਅਸਲੀਅਤ ਇਹ ਹੈ ਕਿ ‘ਇਹ ਦੁਖਾਂਤਕ ਘਟਨਾ ਜਾਂ ਕੁਦਰਤੀ ਘਟਨਾ ਬਿਲਕੁਲ ਨਹੀਂ, ਇਹ ਕਤਲ ਹੈ ਗੁਲਾਮ ਲੋਕਾਂ ਦਾ’। ਇਹ ਕਤਲ ਕਿਸ ਨੇ ਕੀਤਾ? ਕਾਤਲ ਨਿਸ਼ਚਤ ਤੌਰ ’ਤੇ ਉਹ ਡਰਾਈਵਰ ਨਹੀਂ ਹੈ ਜੋ ਮਾਲ ਗੱਡੀ ਚਲਾ ਰਿਹਾ ਹੈ। ਇਹ ਸਾਡਾ ਸਿਸਟਮ ਹੈ ਜੋ ਜਾਤੀਵਾਦ ਦੀ ਵੰਡ ਕਰਦਾ ਹੈ, ਗਰੀਬ ਅਮੀਰ ਦਾ ਵੰਡ ਕਰਦਾ ਹੈ। ਇਹੀ ਲੋਕ ਸਰਕਾਰਾਂ ਚਲਾਉਂਦੇ ਹਨ। ਸਿੱਚ ਇਹ ਵੀ ਹੈ ਕਿ ਡਰਾਈਵਰ ਜ਼ਿੰਮੇਵਾਰ ਨਹੀਂ ਹੈ। ਉਹ ਰੇਲ ਦੀ ਰਫਤਾਰ ਨੂੰ ਕਾਬੂ ਨਹੀਂ ਕਰ ਸਕਦਾ ਸੀ। ਦੱਸਿਆ ਜਾਂਦਾ ਹੈ ਕਿ ਡਰਾਈਵਰ ਨੇ ਆਪਣੀ ਪੂਰੀ ਕੋਸ਼ਿਸ਼ ਕੀਤੀ, ਪੂਰੇ ਜ਼ੋਰ ਨਾਲ ਰੇਲ ਦੇ ਹੂਟਰ ਵਜਾਇਆ ਐਮਰਜੈਂਸੀ ਬ੍ਰੇਕ ਨੂੰ ਪੂਰੇ ਜ਼ੋਰ ਨਾਲ ਦਬਾਇਆ, ਪਰ ਰੁਕਦਿਆਂ ਰੁਕਦਿਆਂ ਮਾਲ ਗੱਡੀ 16 ਪ੍ਰਵਾਸੀ ਮਜ਼ਦੂਰਾਂ ਨੂੰ ਕੁਚਲ ਗਈ। ਨਾਲ ਲੱਗਦੇ ਪਿੰਡ ਦੇ ਲੋਕ ਹੂਟਰ ਦੀ ਅਵਾਜ਼ ਨਾਲ ਜਾਗ ਪਏ, ਭੱਜ ਕੇ ਰੇਲਵੇ ਲਾਈਨ ਕੋਲ ਇਕੱਠੇ ਹੋ ਗਏ। ਇਨਾਂ ਸੋਲਾਂ ਮਜ਼ਦੂਰਾਂ ਦੀਆਂ ਲਾਸ਼ਾਂ ਦੇ ਨੁਕਸਾਨੇ ਗਏ ਹਿੱਸੇ ਪੱਟੜੀ ’ਤੇ ਆਲੇ-ਦੁਆਲੇ ਖਿੰਡੇ ਪਏ ਸਨ। ਕੁਝ ਸੁੱਕੀਆਂ ਰੋਟੀਆਂ ਆਲੇ-ਦੁਆਲੇ ਡਿੱਗੀਆਂ ਹੋਈਆਂ ਸਨ।

ਰੇਲਵੇ ਵਿਭਾਗ ਵੱਲੋਂ ਕੋਈ ਅਫ਼ਸੋਸ ਜ਼ਾਹਰ ਨਹੀਂ ਕੀਤਾ ਗਿਆ ਹੈ, ਕਿਉਂਕਿ ਇਹ ਲੋਕ ਮਨੁੱਖੀ ਹੀ ਨਹੀਂ ਸਨ। ਉਸ ਦੇ ਬਿਆਨ ਵਿਚ ਅਸੰਵੇਦਨਸ਼ੀਲਤਾ ਦੇਖੋ, ਉੱਚ ਰੇਲਵੇ ਅਧਿਕਾਰੀ ਨੇ ਕਿਹਾ ਕਿ ਮਾਰੇ ਗਏ ਲੋਕਾਂ ਨੇ ਰੇਲਵੇ ਲਾਈਨ ’ਤੇ ਕਬਜ਼ਾ ਕਰ ਲਿਆ ਸੀ। ਇਸ ਤਰਾਂ, ਰੇਲਵੇ ਲਾਈਨ ’ਤੇ ਆਉਣਾ ਗੈਰ ਕਾਨੂੰਨੀ ਹੈ ਅਤੇ ਇਕ ਜੁਰਮ ਹੈ। ਇਸ ਲਈ ਇਨਾਂ ਦੇ ਪਰਿਵਾਰਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ। ਰੇਲਵੇ ਨੇ ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਨਾਲ ਨਾ ਤਾਂ ਕੋਈ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਨਾ ਹੀ



ਕੋਈ ਅਫਸੋਸ ਜ਼ਾਹਰ ਕੀਤਾ ਹੈ।

ਇੰਡੀਅਨ ਐਕਸਪ੍ਰੈਸ ਨੇ ਰਿਪੋਰਟ ਦਿੱਤੀ ਹੈ ਕਿ 2018 ਵਿਚ ਅੰਮ੍ਰਿਤਸਰ ਨੇੜੇ ਰੇਲਵੇ ਲਾਈਨ ’ਤੇ ਮਰਨ ਵਾਲੇ 40 ਲੋਕਾਂ ਨੂੰ ਰੇਲਵੇ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਸੀ, ਪਰ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਹਰੇਕ ਮੌਤ ਲਈ 2 ਲੱਖ ਰੁਪਏ ਦਿੱਤੇ ਗਏ ਸਨ। ਪਰ ਇਨਾਂ ਮਜ਼ਦੂਰਾਂ ਬਾਰੇ ਕੋਈ ਖਬਰ ਨਹੀਂ ਹੈ। ਆਖਿਰ ਇਸ ਵਿਚ ਸਰਕਾਰਾਂ ਦਾ ਵੀ ਕੀ ਕਸੂਰ ਹੈ? ਉਹ ਦੇਸ ਤੇ ਲੋਕਾਂ ਦੀ ਸਿਹਤ ਦੀ ਚਿੰਤਾ ਕਰ ਰਹੀਆਂ ਹਨ, ਲੋਕਾਂ ਦੀ ਰਾਖੀ ਵਿਚ ਰੁਝੀਆਂ ਹੋਈਆਂ ਹਨ, ਕਿਉਂਕਿ ਕੋਰੋਨਾ ਵਾਇਰਸ ਫੈਲਿਆ ਹੋਇਆ ਹੈ। ਉਨਾਂ ਨੂੰ ਕਿਸ ਦੀ ਦੇਖਭਾਲ ਕਰਨੀ ਚਾਹੀਦੀ ਹੈ, ਉਹ ਇਹ ਬਹੁਤ ਵਧੀਆ ਜਾਣਦੇ ਹਨ। ਸਾਡਾ ਜਸਟਿਸ ਬੇਲੋੜੀ ਖ਼ਬਰਾਂ ਨਹੀਂ ਪੜਦਾ, ਇਸ ਲਈ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜੇ ਸਰਕਾਰ ਇਨਾਂ ਦੀ ਵੋਟ ਨਾਲ ਸੱਤਾ ਹਾਸਲ ਕਰ ਰਹੀ ਹੈ ਤਾਂ ਇਹ ਜਮਹੂਰੀਅਤ ਹੈ। ਇਸ ਵਿਚ ਮਾੜਾ ਕੀ ਹੈ? ਵੋਟਾਂ ਦੇਣਾਂ ਤਾਂ ਇਨਾਂ ਦਾ ਕੰਮ ਹੈ।

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਇਸ ਬਾਰੇ ਇਹ ਟਿੱਪਣੀ ਕੀਤੀ ਕਿ ਇਹ ਮਾਰੇ ਗਏ ਲੋਕ ਰਾਸ਼ਟਰ ਦੇ ਨਿਰਮਾਤਾ ਹਨ। ਪਰ ਇਹ ਤਾਂ ਸਾਧਾਰਨ ਗੱਲ ਹੈ, ਸ਼ਾਇਦ ਝੂਠ ਵੀ ਹੈ। ਜੇ ਰਾਸ਼ਟਰ ਨਿਰਮਾਤਾ ਹੁੰਦੇ ਤਾਂ ਰਾਸ਼ਟਰ ਦਾ ਅਫਸੋਸ ਬਹੁਤ ਵੱਡੇ ਪੱਧਰ ’ਤੇ ਹੁੰਦਾ। ਦੋਸ਼ੀ ਕੌਣ ਹੈ, ਇਸ ਬਾਰੇ ਸਭ ਦੀਆਂ ਜ਼ੁਬਾਨਾਂ ਨੂੰ ਤਾਲੇ ਲੱਗੇ ਹੋਏ ਹਨ। ਪਰ ਪਤਾ ਹਰੇਕ ਨੂੰ ਹੈ ਕਿ ਇਹ ਗਰੀਬ ਲੋਕ ਗੁਲਾਮ ਹਨ ਤੇ ਗੁਲਾਮਾਂ ਦੇ ਕਾਤਲ ਅਣਪਛਾਤੇ ਹੀ ਹੁੰਦੇ ਹਨ। ਵਿਰੋਧੀ ਪਾਰਟੀਆਂ ਦਾ ਪ੍ਰਤੀਕਰਮ ਇਸੇ ਲਈ ਵੱਡੇ ਪੱਧਰ ’ਤੇ ਨਹੀਂ ਹੈ। ਸਾਡੇ ਦੇਸ ਨੇ ਇਨਾਂ ਮਜ਼ਦੂਰਾਂ ਨੂੰ ਗੁਲਾਮ ਹੋਣ ਕਰਕੇ ਛੱਡ ਦਿੱਤਾ ਹੈ। ਜੇ ਹਮਦਰਦੀ ਹੁੰਦੀ ਤਾਂ ਉਨਾਂ ਦੇ ਪੱਲੇ ਸੁੱਕੀਆਂ ਰੋਟੀਆਂ ਨਾ ਹੁੰਦੀਆਂ, ਪੈਰਾਂ ਵਿਚ ਛਾਲੇ ਨਾ ਹੁੰਦੇ, ਪੈਰਾਂ ਵਿਚ ਟੁੱਟੀਆਂ ਜੁੱਤੀਆਂ ਨਾ ਹੁੰਦੀਆਂ। ਉਹ ਵੀ ਅਮੀਰਾਂ ਵਾਂਗ ਜਹਾਜ਼ਾਂ ਤੇ ਟਰੇਨਾਂ ਰਾਹੀਂ ਆਪਣੇ ਘਰਾਂ ਵਿਚ ਪਹੁੰਚ ਗਏ ਹੁੰਦੇ। ਕਹਿਣ ਨੂੰ ਉਹ ਭਾਰਤ ਦੇ ਨਿਰਮਾਤਾ ਹਨ, ਪਰ ਅਸਲ ਵਿਚ ਉਹ ਗੁਲਾਮ ਹਨ। ਇਹੋ ਜਿਹੀਆਂ ਅਨੇਕਾਂ ਕਹਾਣੀਆਂ ਹਨ। ਪਰ ਸੱਚੀਆਂ ਹਨ। ਅਸਲੀਅਤ ਇਹ ਹੈ ਕਿ ਅੱਜ ਹਰ ਸ਼ਹਿਰ ਵਿੱਚੋਂ ਮਜ਼ਦੂਰ ਆਪਣੇ ਘਰਾਂ ਨੂੰ ਭੱਜ ਰਹੇ ਹਨ। ਇਹ ਗਿਣਤੀ ਲੱਖਾਂ ਵਿੱਚ ਹੈ। ਇਨਾਂ ਵਿੱਚ ਔਰਤਾਂ, ਬੱਚੇ, ਬਜ਼ੁਰਗ, ਬਿਮਾਰ ਤੇ ਤੁਰਨੋਂ ਲਾਚਾਰ ਲੋਕ ਵੀ ਹਨ। ਪੰਜਾਬ ਵਿਚ ਵੀ ਅਜਿਹਾ ਦ੍ਰਿਸ਼ ਹੈ। ਇਹ ਸਭ ਸੋਚਣਾ ਨਿੰਦਿਆ ਨਹੀਂ ਹੈ। ਇਹ ਤਾਂ ਇਸ ਬਿਪਤਾ ਵਿਚ ਮਨੁੱਖੀ ਰਾਜਨੀਤੀ ਦੀ ਭਾਸ਼ਾ ਦੀ ਭਾਲ ਕਰਨਾ ਹੈ। ਸਾਂਝੀ ਨਾਗਰਿਕਤਾ ਬਣਾਉਣ ਵਾਲਿਆਂ ਲਈ ਇਹ ਮੌਤਾਂ ਦਾ ਗਮ ਜ਼ਰੂਰੀ ਨਹੀਂ ਹੈ। ਮੌਤਾਂ ਦਾ ਗਮ ਉਨਾਂ ਲਈ ਜ਼ਰੂਰੀ ਹੈ, ਜਿਨਾਂ ਅੰਦਰ ਰੂਹਾਂ ਜਿਊਂਦੀਆਂ ਹਨ।

### ਭਈਆਂ ’ਤੇ ਪੰਜਾਬ ਦੀ ਟੇਕ ਘਟਣ ਦੇ ਆਸਾਰ

ਭੁਲੱਥ-ਕਰੋਨਾਵਾਇਰਸ ਲੌਕਡਾਊਨ ਕਾਰਨ ਪਰਵਾਸੀ ਮਜ਼ਦੂਰਾਂ ਦੇ ਕਣਕ ਦੀ ਕਟਾਈ/ ਗਹਾਈ/ਮੰਡੀਆਂ ਵਿੱਚ ਕਣਕ ਦੀ ਫ਼ਸਲ ਉਤਰਾਈ, ਛਣਾਈ/ਉਤਰਾਈ/ਲਦਾਈ ਦੇ ਕੰਮਾਂ ਵਿਚ ਨਾ ਆਉਣ ਦੇ ਬਾਵਜੂਦ ਪੰਜਾਬ ਦੇ ਮਜ਼ਦੂਰਾਂ ਵਲੋਂ ਸਫਲਤਾ ਪੂਰਵਕ ਨੇਪਰੇ ਚਾੜਨ ਕਰ ਕੇ ਜਿਥੇ ਉਨਾਂ ਦੀਆਂ ਜੇਬਾਂ ਵਿੱਚ 250 ਤੋਂ 300 ਕਰੋੜ ਰੁਪਏ ਆਏ ਹਨ ਤੇ ਇਸ ਨਾਲ ਉਨਾਂ ਵਿੱਚ ਨਵੀਂ ਚੇਤਨਾ ਦਾ ਸੰਚਾਰ ਹੋਇਆ ਹੈ ਤੇ ਜਿਸ ਕਾਰਨ ਉਨਾਂ ਝੋਨੇ ਦੀ ਫ਼ਸਲ ਦੀ ਲੁਆਈ ਲਈ ਦਿਹਾਤੀ ਖੇਤਰਾਂ ਵਿਚ ਕਿਸਾਨਾਂ ਨਾਲ ਗੱਠਜੋੜ ਕਰਨਾ ਸ਼ੁਰੂ ਕਰ ਦਿੱਤਾ ਹੈ। ਭੁਲੱਥ ਦੇ ਆਸ ਪਾਸ ਪੈਂਦੇ ਪਿੰਡ ਭਦਾਸ, ਬਜਾਜ, ਬੋਪਾਰਾਏ ਦੇ ਕਿਸਾਨਾਂ ਨੇ ਕਿਹਾ ਕਿ ਵੱਖ-ਵੱਖ ਪਿੰਡਾਂ ਦੇ ਪੰਜਾਬੀ ਮਜ਼ਦੂਰ ਗਰੁਪਾਂ ਵਲੋਂ ਇਸ ਸਬੰਧੀ ਰਾਬਤਾ ਕਾਇਮ ਕੀਤਾ ਗਿਆ ਹੈ ਤੇ ਭਾਵੇਂ ਉਨਾਂ ਵਲੋਂ ਮਜ਼ਦੂਰੀ ਜ਼ਿਆਦਾ ਮੰਗੀ ਜਾ ਰਹੀ ਹੈ ਪਰੰਤੂ ਇਹ ਮਸਲਾ ਜਿਵੇਂ ਤੂੜੀ ਬਣਾਉਣ ਤੇ ਢੁਆਈ ਤੇ ਉਸ ਨੂੰ ਸਾਂਭਣ ਲਈ ਹੱਲ ਹੋਇਆ ਹੈ ਇਸ ਤਰਾਂ ਪੰਜਾਬੀ ਮਜ਼ਦੂਰਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਹੈ। ਇਸ ਸਬੰਧੀ ਕੁੱਝ ਕਿਸਾਨਾਂ ਨੇ ਦੱਸਿਆ ਗਿਆ ਉਨਾਂ ਪਰਵਾਸੀ ਮਜ਼ਦੂਰ ਦੇ ਪੱਕੇ ਜੁੱਟ ਕਈ ਸਾਲਾਂ ਤੋਂ ਆ ਰਹੇ ਹਨ ਉਹ ਆਪਣੀ ਥਾਂ ਪੰਜਾਬੀ ਮਜ਼ਦੂਰਾਂ ਵਲੋਂ ਮੱਲੇ ਜਾਣ ਦੇ ਡਰੋ ਝੋਨੇ ਦੀ ਲਵਾਈ ਕਰਕੇ ਹੀ ਵਾਪਸ ਜਾਣਗੇ।

# ਕੋਰੋਨਾ ਵਾਇਰਸ ਸੰਕਟ ਦੌਰਾਨ ਸਰਕਾਰ ਜ਼ਿੰਮੇਵਾਰੀ ਨਿਭਾਏ

- ਸੁੱਚਾ ਸਿੰਘ ਗਿੱਲ

ਭਾਰਤ ਵਿਚ ਕੋਵਿਡ-19 ਦੇ ਸੰਕਟ ਦਾ ਸਾਹਮਣਾ ਕਰਨ ਦੇ ਅਨੁਭਵ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਇਹ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦਾ ਹੀ ਕੰਮ ਹੈ। ਸਰੀਰਕ ਦੂਰੀ ਰੱਖਣਾ, ਰਾਜਾਂ ਦੀਆਂ ਹੱਦਾਂ ਬੰਦ ਕਰਨਾ, ਪਾਸ ਜਾਰੀ ਕਰਨੇ, ਪੀੜਤਾਂ ਦੀ ਪਛਾਣ ਕਰਨੀ, ਸ਼ੱਕੀਆਂ ਨੂੰ ਇਕਾਂਤਵਾਸ ਵਿਚ ਰੱਖਣਾ ਅਤੇ ਪੀੜਤਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਨ ਦਾ ਕੰਮ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਜਨਤਕ ਖੇਤਰ ਵਿਚ ਮੈਡੀਕਲ ਸੇਵਾਵਾਂ ਨਾਲ ਜੁੜੇ ਅਦਾਰਿਆਂ ਦਾ ਹੈ। ਕੋਵਿਡ-19 ਦੇ ਡਰ ਕਾਰਨ ਨਿੱਜੀ ਕਲੀਨਿਕ, ਹਸਪਤਾਲ ਤੇ ਪੰਜ ਤਾਰਾ ਨਿੱਜੀ ਹਸਪਤਾਲ ਬੰਦ ਹਨ। ਗ਼ਰੀਬਾਂ ਅਤੇ ਲੋੜਵੰਦਾਂ ਨੂੰ ਰੋਟੀ ਦੇਣ ਦਾ ਕੰਮ ਸ਼ੁਰੂ ਵਿਚ ਕੁਝ ਧਾਰਮਿਕ ਸਮਾਜਿਕ ਸੰਸਥਾਵਾਂ ਨੇ ਕੀਤਾ ਸੀ। ਬਹੁਤ ਸਾਰੀਆਂ ਥਾਵਾਂ ’ਤੇ ਲੋੜਵੰਦਾਂ ਅਤੇ ਗ਼ਰੀਬਾਂ ਤੱਕ ਮੁਫ਼ਤ ਰਾਸ਼ਨ ਪਹੁੰਚਾਉਣ ਦੇ ਕੰਮ ਵਿਚ ਪੰਚਾਇਤ ਜਾਂ ਨਗਰ ਨਿਗਮਾਂ ਦੇ ਪ੍ਰਬੰਧਕ ਅਤੇ ਪੁਲਿਸ ਵੀ ਸ਼ਾਮਿਲ ਰਹੀ ਹੈ। ਬਹੁਤ ਸਾਰੇ ਛੋਟੇ-ਵੱਡੇ ਅਦਾਰਿਆਂ ਨੇ ਤਾਲਾਬੰਦੀ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਦੀ, ਕੰਪਨੀਆਂ ਨੂੰ ਆਪਣੇ ਕਿਸੇ ਵੀ ਮੁਲਾਜ਼ਮ ਦੀ ਛਾਂਟੀ ਨਾ ਕਰਨ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਕੇ ਬਹੁਤ ਸਾਰੀਆਂ ਕੰਪਨੀਆਂ ਨੇ ਆਪਣੇ ਕੁਝ ਮੁਲਾਜ਼ਮਾਂ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਕੁਝ ਹਵਾਈ ਕੰਪਨੀਆਂ, ਅਖ਼ਬਾਰਾਂ ਤੇ ਬਿਜਲਈ ਮੀਡੀਆ ਵੀ ਸ਼ਾਮਿਲ ਹੈ। ਵਿਸਥਾਰ ਵਿਚ ਜਾਣ ਤੋਂ ਬਿਨਾਂ ਹੀ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਅਤੇ ਜਨਤਕ ਖੇਤਰ ਦੇ ਮੁਲਾਜ਼ਮਾਂ ਨੂੰ ਬੱਝਵੀਆਂ ਤਨਖਾਹਾਂ ਮਿਲ ਰਹੀਆਂ ਹਨ। ਪਰ ਕਾਰਪੋਰੇਟ ਖੇਤਰ ਅਤੇ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਕਾਮਿਆਂ ਨੂੰ ਬੇਰੁਜ਼ਗਾਰੀ ਅਤੇ ਆਮਦਨੀ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਤਜਰਬਾ ਦੱਸਦਾ ਹੈ ਕਿ ਕੋਵਿਡ-19 ਵਰਗੇ ਸੰਕਟਕਾਲ ਜਾਂ ਭਵਿੱਖ ਵਿਚ ਇਸ ਵਰਗੀਆਂ ਮਹਾਂਮਾਰੀਆਂ ਦੌਰਾਨ ਜਨਤਕ ਖੇਤਰ, ਸਰਕਾਰ, ਸਟੇਟ ਦਾ ਸਹਾਰਾ ਵੀ ਲੋਕਾਂ ਦੇ ਨਾਲ ਨਹੀਂ ਹੈ। ਇਹ ਵੀ ਧਿਆਨ ਰੱਖਣਯੋਗ ਗੱਲ ਹੈ ਕਿ ਰਾਸ਼ਟਰ ਰਾਜ ਦੀ ਇਕਲੌਤੀ ਚਿੰਤਾ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਕਰਨ ਦੀ ਹੁੰਦੀ ਹੈ। ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਦਾ ਕੰਮ ਉਨਾਂ ਦੇ ਦੇਸ਼ਾਂ ਦੀਆਂ ਸਰਕਾਰਾਂ ਦਾ ਹੁੰਦਾ ਹੈ, ਮੇਜ਼ਬਾਨ ਦੇਸ਼ਾਂ ਦਾ ਨਹੀਂ। ਮੌਜੂਦਾ ਸਮੇਂ ਵਿਚ ਮਨੁੱਖਤਾਵਾਦੀ ਚਿੰਤਨ ਵੀ ਗਾਇਬ ਹੋ ਗਿਆ ਜਾਪਦਾ ਹੈ।

ਦੇਸ਼ਾਂ ਦੀਆਂ ਸਰਹੱਦਾਂ ਬੰਦ ਹੋ ਜਾਣ ਨਾਲ ਆਲਮੀ ਸਹਿਯੋਗ ਵੀ ਗਾਇਬ ਹੋ ਗਿਆ ਲਗਦਾ ਹੈ। ਇਸ ਕਾਰਨ ਅੰਤਰਰਾਸ਼ਟਰੀ ਉਡਾਣਾਂ ਵੀ ਰੱਦ ਹੋ ਗਈਆਂ ਹਨ ਤੇ ਕੋਰੋਨਾ ਲਾਗ ਦੇ ਖ਼ਤਰੇ ਦੇ ਕਾਰਨ ਕੰਪਨੀਆਂ ਦਾ ਮਾਲ ਬਰਾਮਦ ਨਹੀਂ ਹੋ ਰਿਹਾ। ਮੌਜੂਦਾ ਸਥਿਤੀ ਦੀ ਅਨਿਸਚਿਤਤਾ ਲੰਬੇ ਸਮੇਂ ਤੱਕ ਜਾਰੀ ਰਹਿ ਸਕਦੀ ਹੈ ਅਤੇ ਵਿਸ਼ਵ ਨੂੰ ਭਵਿੱਖ ਵਿਚ ਅਜਿਹੀਆਂ ਕੁਝ ਨਵੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ, ਇਸ ਲਈ ਰਾਸ਼ਟਰੀ ਰਾਜ ਨੂੰ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਵਿਸ਼ਵ ਵਿਚ 1980 ਵਿਆਂ ਦੀ ਵਿਸ਼ਵੀਕਰਨ ਸਬੰਧੀ ਵਾਸ਼ਿੰਗਟਨ ਸਹਿਮਤੀ ਤੋਂ ਬਾਅਦ ਰਾਸ਼ਟਰੀ ਸਟੇਟ ਦੀ ਭੂਮਿਕਾ ਘੱਟ ਹੋਣ ਲੱਗੀ ਸੀ ਤੇ ਭਾਰਤ ਵਿਚ ਇਹ ਕੰਮ 1991 ਤੋਂ ਬਾਅਦ ਸ਼ੁਰੂ ਹੋਇਆ ਜਦੋਂ ਉਦਾਰਵਾਦ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਨੂੰ ਅਪਣਾਇਆ ਗਿਆ ਸੀ। ਇਸ ਤੋਂ ਬਾਅਦ ਰਾਸ਼ਟਰੀ ਰਾਜ ਬਹੁਤ ਕਮਜ਼ੋਰ ਹੋ ਗਿਆ ਸੀ। ਇਸ ਨਾਲ ਬਾਜ਼ਾਰੀ ਤਾਕਤਾਂ ਦੀ ਉਨਾਂ ਖੇਤਰਾਂ ਵਿਚ ਬਹੁਤ ਭੂਮਿਕਾ ਵਧ ਗਈ ਜੋ ਪਹਿਲਾਂ ਸਰਕਾਰਾਂ ਅਤੇ ਜਨਤਕ ਖੇਤਰ ਕੋਲ ਹੁੰਦੇ ਸਨ। ਇਸ ਪ੍ਰਕਿਰਿਆ ਨਾਲ ਸੰਕਟ ਦੀ ਘੜੀ ਵਿਚ ਸਰਕਾਰਾਂ ਅਤੇ ਜਨਤਕ ਖੇਤਰ ਦੀ ਕੰਮ ਕਰਨ ਦੀ ਸਮਰੱਥਾ ਘੱਟ ਹੋ ਗਈ। ਆਪਣੇ ਨਾਗਰਿਕਾਂ ਨੂੰ ਸਿਹਤ, ਵਿੱਦਿਆ, ਰੁਜ਼ਗਾਰ ਅਤੇ ਉਨਾਂ ਦੇ ਜਾਨ ਮਾਲ ਦੀ ਰਾਖੀ ਕਰਨ ਵਿਚ ਰਾਜ ਦੀ ਕਮਜ਼ੋਰੀ ਅਤੇ ਅਸਮਰੱਥਾ ਮੌਜੂਦਾ ਸੰਕਟ ਵਿਚ ਪ੍ਰਤੱਖ ਜ਼ਾਹਰ ਹੋ ਗਈ ਹੈ। ਇਸ ਸਬੰਧੀ ਵਿਚਾਰ-ਚਰਚਾ ਦੀਆਂ ਸ਼ਰਤਾਂ ਸਰਕਾਰੀ ਪ੍ਰਸ਼ਾਸਨ ਤੇ ਸਟੇਟ ਦੇ ਪੱਖ ਵਿਚ ਤਬਦੀਲ ਹੋਣੀਆਂ ਚਾਹੀਦੀਆਂ ਹਨ ਅਤੇ ਰਾਜ ਨੂੰ ਕੇਂਦਰੀ ਮੰਚ ’ਤੇ ਲਿਆਉਣ ਦੀ ਲੋੜ ਹੈ। ਵਿਕਸਿਤ ਦੇਸ਼ਾਂ ਵਲੋਂ ਆਪਣੀਆਂ ਸਰਹੱਦਾਂ ਨੂੰ ਬੰਦ ਕਰ ਲੈਣਾ ਅਤੇ ਸਿਰਫ ਆਪਣੇ ਨਾਗਰਿਕਾਂ ਬਾਰੇ ਹੀ ਚਿੰਤਤ ਹੋਣ ਦੇ ਉਨਾਂ ਦੇ ਯਤਨ ਇਹ ਰੇਖਾਂਕਿਤ ਕਰਦੇ ਹਨ ਕਿ ਪੱਲੜਾ ਰਾਸ਼ਟਰੀ ਰਾਜ ਦੇ ਪੱਖ ਵਿਚ ਹੋਣਾ ਚਾਹੀਦਾ ਹੈ।

ਇਹ ਗੱਲ ਇਸ ਪਾਸੇ ਵੀ ਧਿਆਨ ਦਿਵਾਉਂਦੀ ਹੈ ਕਿ ਆਪਣੇ ਨਾਗਰਿਕਾਂ ਦੀ ਜਾਨ ਮਾਲ ਦੀ ਰਾਖੀ ਕਰਨੀ, ਉਨਾਂ ਨੂੰ ਚੰਗੀ ਸਿਹਤ ਤੇ ਉੱਚ ਵਿਦਿਆ ਮੁਹੱਈਆ ਕਰਾਉਣੀ ਅਤੇ ਉਨਾਂ ਨੂੰ ਰੁਜ਼ਗਾਰ ਦੇਣਾ, ਇਹ ਰਾਸ਼ਟਰੀ ਸਰਕਾਰ ਦੀਆਂ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹਨ। ਨਿੱਜੀ ਖੇਤਰ ਨੂੰ ਨਿਯਮਿਤ ਕਰਨਾ ਬੇਹੱਦ ਜ਼ਰੂਰੀ ਹੈ। ਰਾਜ ਨੂੰ ਲੋਕਾਂ ਦੀ ਸਿਹਤ ਅਤੇ ਰੁਜ਼ਗਾਰ ਦੀ ਰਾਖੀ ਕਰਨ ਅਤੇ ਸਮਾਜਿਕ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਤਾਲਾਬੰਦੀ ਦੇ ਦੌਰਾਨ ਹਵਾ ਗੁਣਵੱਤਾ ਵਿਚ ਸੁਧਾਰ ਆਇਆ ਅਤੇ ਨਦੀਆਂ ਨਾਲੇ ਵੀ ਸਾਫ਼ ਹੋ ਗਏ ਹਨ। ਹਾਲਾਂਕਿ ਅਜੇ ਵੀ ਨਦੀਆਂ ਵਿਚ ਪੈਣ ਵਾਲੇ ਸੀਵਰੇਜ ਦੇ ਪਾਣੀ ਦੇ ਵਹਾਅ ਨੂੰ ਜਾਂਚਣ ਲਈ ਕੁਝ ਨਹੀਂ ਕੀਤਾ ਗਿਆ। ਇਸ ਲਈ ਇਹ ਸਪੱਸ਼ਟ ਹੈ ਕਿ ਕਾਰਖਾਨਿਆਂ ਦੇ ਬੰਦ ਹੋਣ ਕਰਕੇ ਤੇ ਮੋਟਰ ਵਾਹਨਾਂ ਦੇ ਰੁਕਣ ਕਾਰਨ ਹਵਾ ਪ੍ਰਦੂਸ਼ਣ ਸਾਫ਼ ਹੋਇਆ ਹੈ। ਨਦੀਆਂ ਦੇ ਪਾਣੀ ਦੀ ਗੁਣਵੱਤਾ ਵਿਚ ਸੁਧਾਰ ਇਸ ਲਈ ਆਇਆ ਹੈ ਕਿਉਂਕਿ ਹੁਣ ਕਾਰਖਾਨਿਆਂ ਦੀ ਗੰਦਗੀ ਨਦੀਆਂ ਵਿਚ ਨਹੀਂ ਸੁੱਟੀ ਜਾ ਰਹੀ। ਹਵਾ ਅਤੇ ਜਲ ਪ੍ਰਦੂਸ਼ਣ ਦੇ ਇਨਾਂ ਦੋ ਪ੍ਰਮੁੱਖ ਕਾਰਨਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ ਰਾਸ਼ਟਰੀ ਰਾਜ/ ਸਰਕਾਰ ਲੋਕਾਂ ਦੀ ਜਾਨ ਬਚਾਉਣ ਲਈ ਇਨਾਂ ਦੋ ਕਾਰਨਾਂ ਨੂੰ ਵੀ ਕਾਬੂ ਵਿਚ ਨਹੀਂ ਲਿਆ ਸਕਿਆ ਹੈ। ਕੋਵਿਡ-19 ਤੋਂ ਬਾਅਦ ਦੇ ਦੌਰ ਵਿਚ ਨੁਕਸਾਨ ਦੀ ਭਰਪਾਈ ਕੀਤੀ ਜਾ ਰਹੀ ਹੋਵੇਗੀ ਤਾਂ ਮੋਟਰ ਵਾਹਨਾਂ ਦੇ ਮਾਲਕਾਂ ਅਤੇ ਕਾਰਖਾਨਿਆਂ ਦੇ ਮਾਲਕਾਂ ਕੋਲੋਂ ਵਾਤਾਵਰਨ ਟੈਕਸ ਦੇ ਰੂਪ ਵਿਚ ਹਵਾ ਤੇ ਜਲ ਪ੍ਰਦੂਸ਼ਣ ਫੈਲਾਉਣ ਦੀ ਕੀਮਤ ਵਸੂਲਣੀ ਚਾਹੀਦੀ ਹੈ। ਵਾਤਾਵਰਨ ਟੈਕਸ ਰਾਹੀਂ ਇਕੱਠੇ ਕੀਤੇ ਟੈਕਸ ਦੀ ਵਰਤੋਂ ਵਾਤਾਵਰਨ, ਜੀਵ ਵਿਭਿੰਨਤਾ, ਹਵਾ ਨੂੰ ਸਾਫ਼ ਕਰਨ ਲਈ ਸਾਜ਼ੋ-ਸਾਮਾਨ ਤਿਆਰ ਕਰਨ ਅਤੇ ਤਾਜ਼ਾ ਪਾਣੀ ਦੀਆਂ ਨਦੀਆਂ ਵਿਚ ਕਾਰਖਾਨਿਆਂ ਦਾ ਗੰਦਾ ਪਾਣੀ ਪਾਉਣ ਤੋਂ ਪਹਿਲਾਂ ਉਸ ਨੂੰ ਸਾਫ਼ ਕਰਨ ਆਦਿ ਦੇ ਕੰਮਾਂ ਲਈ ਕੀਤੀ ਜਾਣੀ ਚਾਹੀਦੀ ਹੈ।

# ਕੋਰੋਨਾ ਦਾ ਸੰਤਾਪ ਅਤੇ ਸਾਡੀ ਸੰਵੇਦਨਸ਼ੀਲਤਾ

- ਗੁਰਚਰਨ ਸਿੰਘ ਨੂਰਪੁਰ

98550-51099

ਕੋਰੋਨਾ ਵਾਇਰਸ ਨੇ ਦੁਨੀਆ ਭਰ ਵਿਚ ਰਾਜ ਕਰਦੀਆਂ ਤਾਕਤਾਂ ਨੂੰ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਜਿਹੜੀਆਂ ਲੀਹਾਂ ‘ਤੇ ਦੁਨੀਆ ਨੂੰ ਤੋਰਿਆ ਜਾ ਰਿਹਾ ਹੈ ਉਹ ਆਮ ਮਨੁੱਖ ਲਈ ਬੇਹੱਦ ਘਾਤਕ ਹਨ । ਅਸੀਂ ਧਰਤੀ ਵਾਸੀਆਂ ਨੇ ਮਨੁੱਖਾਂ ਨੂੰ ਮਾਰਨ ਦਾ ਏਨਾ ਜ਼ਿਆਦਾ ਸਾਜ਼ੋ-ਸਾਮਾਨ ਇਕੱਠਾ ਕਰ ਲਿਆ ਹੈ ਕਿ ਧਰਤੀ ਦੇ ਹਰ ਬੰਦੇ ਨੂੰ ਪੱਚੀ ਵਾਰ ਮਾਰਿਆ ਜਾ ਸਕਦਾ ਹੈ। ਜਿੰਨਾ ਧਨ ਅਸੀਂ ਮਨੁੱਖਾਂ ਨੂੰ ਮਾਰਨ ਦੇ ਸਮਾਨ ‘ਤੇ ਖ਼ਰਚ ਕੀਤਾ, ਜੇਕਰ ਉਸ ਦਾ ਦਸਵਾਂ ਹਿੱਸਾ ਵੀ ਮਨੁੱਖਤਾ ਨੂੰ ਬਚਾਉਣ ਲਈ ਖ਼ਰਚ ਕੀਤਾ ਹੁੰਦਾ ਤਾਂ ਹਾਲਾਤ ਏਨੇ ਭਿਆਨਕ ਨਾ ਹੁੰਦੇ । ਜੰਗਾਂ ਯੁੱਧਾਂ ਦੇ ਦਮਗਜ਼ੇ ਮਾਰਨ ਵਾਲੇ ਦੁਨੀਆ ਦੇ ਨੇਤਾਵਾਂ ਨੂੰ ਕੋਰੋਨਾ ਵਾਇਰਸ ਦੀ ਮਹਾਂਮਾਰੀ ਨੇ ਦੱਸਿਆ ਹੈ ਕਿ ਦੁਨੀਆ ਨੂੰ ਬੰਬਾਂ, ਬੰਦੂਕਾਂ ਅਤੇ ਬੰਬਾਰ ਜਹਾਜ਼ਾਂ ਦੀ ਲੋੜ ਨਹੀਂ, ਸਗੋਂ ਮਨੁੱਖਤਾ ਨੂੰ ਬਚਾਉਣ ਲਈ ਚੰਗੇ ਹਸਪਤਾਲਾਂ, ਲੈਬਾਰਟਰੀਆਂ, ਦਵਾਈਆਂ ਅਤੇ ਡਾਕਟਰਾਂ ਦੀ ਲੋੜ ਹੈ। ਬਿਮਾਰੀ ਦੇ ਪ੍ਰਕੋਪ ਨੇ ਦੁਨੀਆ ਨੂੰ ਬਹੁਤ ਸਾਰੇ ਭਰਮਾਂ ਭੁਲੇਖਿਆ ਤੋਂ ਵਾਕਫ਼ ਕਰਵਾਇਆ ਹੈ। ਇਕ-ਦੂਜੇ ਦੇਸ਼ ਤੋਂ ਵਧ ਕੇ ਬਾਰੂਦ ਦੇ ਢੇਰ ਇਕੱਠੇ ਕਰਨ ਦੀ ਬਜਾਏ ਸਾਡੀਆਂ ਤਰਜੀਹਾਂ ਮਨੁੱਖਤਾ ਨੂੰ ਬਚਾਉਣ ਲਈ ਚੰਗੇ ਵਾਤਾਵਰਨ, ਸਿਹਤ ਸਹੂਲਤਾਂ, ਚੰਗਾ ਖਾਣ-ਪੀਣ ਅਤੇ ਸੁਚੱਜੇ ਰਹਿਣ ਸਹਿਣ ਲਈ ਹੋਣੀਆਂ ਚਾਹੀਦੀਆਂ ਹਨ। ਬਿਮਾਰੀ ਦੇ ਪ੍ਰਕੋਪ ਨੇ ਇਸ਼ਾਰਾ ਕੀਤਾ ਹੈ ਕਿ ਤੁਸੀਂ ਰਾਜ ਸਿੰਘਾਸਨਾਂ ‘ਤੇ ਬੈਠ ਕੇ ਆਪਣੇ ਬੰਬਾਰ ਜਹਾਜ਼ਾਂ, ਐਟਮੀ ਬੰਬਾਂ, ਮਿਜ਼ਾਈਲਾਂ ਦੀ ਲੰਮੀ ਤੋਂ ਹੋਰ ਲੰਮੀ ਦੂਰੀ ਦੀ ਮਾਰ ਦੀਆਂ ਬੜਕਾਂ ਤਾਂ ਮਾਰ ਸਕਦੇ ਹੋ ਪਰ ਇਹ ਬੰਬ, ਬੰਦੂਕਾਂ, ਟੈਂਕ, ਮਿਜ਼ਾਈਲਾਂ ਭੁੱਖਿਆਂ ਨੂੰ ਰੋਟੀ ਨਹੀਂ ਦੇ ਸਕਦੇ। ਇਹ ਰੁਜ਼ਗਾਰ ਦੇ ਜ਼ਾਮਨ ਨਹੀਂ ਹੋ ਸਕਦੇ। ਇਹ ਮਨੁੱਖਤਾ ਦੇ ਰਿਸਦੇ ਜ਼ਖ਼ਮਾਂ ਲਈ ਮਲਮ ਨਹੀਂ ਬਣ ਸਕਦੇ।

ਸਾਡੇ ਦੇਸ਼ ਵਿਚ ਹਾਲਾਤ ਕਿੰਨੇ ਭਿਆਨਕ ਬਣ ਰਹੇ ਹਨ ਇਸ ਦੀਆਂ ਕਈ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਤਾਲਾਬੰਦੀ ਦੌਰਾਨ ਛੱਤੀਸਗੜ੍ਹ ਦੇ ਅਦੇੜ ਪਿੰਡ ਦੇ ਮਜ਼ਦੂਰ ਦੀ 10-12 ਸਾਲਾਂ ਦੀ ਲੜਕੀ ਜਮਲੋ ਮੜਕਮ ਆਪਣੇ ਕਾਫਲੇ ਨਾਲ ਤੇਲੰਗਾਨਾ ਤੋਂ ਵਾਪਸ ਪਰਤ ਰਹੀ ਸੀ। ਇਹ ਬੱਚੀ ਚਾਰ ਦਿਨ ਤੁਰਦੀ ਰਹੀ। ਚੌਥੇ ਦਿਨ ਭੁੱਖ ਪਿਆਸ ਤੇ ਥਕਾਵਟ ਨਾਲ ਚੂਰ ਹੋਈ ਮਾਪਿਆਂ ਦੀ ਇਸ ਇਕਲੌਤੀ ਧੀ ਦੀ ਸਫ਼ਰ ਦੌਰਾਨ ਮੌਤ ਹੋ ਗਈ। ਮਾਸੂਮ ਬੱਚੀ ਦੀ ਦਰਦਨਾਕ ਮੌਤ, ਦੇਸ਼ ਦੀ ਵਿਵਸਥਾ ਲਈ ਵੱਡਾ ਸਵਾਲ ਹੈ ਕਿ ਇਸ ਦੇਸ਼ ਵਿਚ ਕਰੋੜਾਂ ਰੁਪਏ ਖਰਚ ਕੇ ਵਿਸ਼ਾਲ ਮੂਰਤੀਆਂ ਅਤੇ ਧਰਮ ਅਸਥਾਨਾਂ ਦੀ ਸਥਾਪਨਾ ਕਰਨ ਵਾਲਿਓ ਗ਼ਰੀਬਾਂ ਮਜ਼ਲੂਮਾਂ ਪ੍ਰਤੀ ਤੁਹਾਡੀਆਂ ਸੋਚਾਂ ਸੰਵੇਦਨਹੀਣ ਕਿਉਂ ਹੋ ਜਾਂਦੀਆਂ ਹਨ। ਤਾਲਾਬੰਦੀ ਦੌਰਾਨ ਕਿਹਾ ਗਿਆ ਕਿ ਜਿੱਥੇ ਕੋਈ ਬੈਠਾ ਹੈ, ਉੱਥੇ ਹੀ ਰੁਕ ਜਾਵੇ, ਬਿਨਾਂ ਇਹ ਸੋਚਿਆਂ ਕਿ ਵੱਖ-ਵੱਖ ਥਾਵਾਂ ਜਿੱਥੇ ਬਹੁਗਿਣਤੀ ਲੋਕ ਠਹਿਰੇ ਹੁੰਦੇ ਹਨ, ਜਾਂ ਆਉਂਦੇ ਹਨ, ਵਿਚ ਕੋਈ ਲਾਗ ਦਾ ਮਰੀਜ਼ ਵੀ ਹੋ ਸਕਦਾ ਹੈ। ਇਸ ਦੌਰਾਨ ਵੱਖ-ਵੱਖ ਥਾਈਂ ਫਸੇ ਲੋਕਾਂ ਦਾ ਫ਼ਿਕਰ ਜਿਵੇਂ ਸਰਕਾਰ ਨੇ ਛੱਡ ਹੀ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਇਨਾਂ ਮਜ਼ਦੂਰਾਂ ਅਤੇ ਯਾਤਰੀਆਂ ਦੀ ਸੁਚੱਜੀ ਮੈਡੀਕਲ ਸੁਵਿਧਾ ਦਾ ਧਿਆਨ ਕੀਤਾ ਜਾਂਦਾ। ਇਨਾਂ ਦੇ ਖਾਣ-ਪੀਣ ਦੇ ਢੁਕਵੇਂ ਪ੍ਰਬੰਧ ਕੀਤੇ ਜਾਂਦੇ। 14 ਦਿਨ ਬਾਅਦ ਇਨਾਂ ਨੂੰ ਸੁਰੱਖਿਅਤ ਆਪਣੇ ਆਪਣੇ ਪਿੰਡ ਘਰ ਪਹੁੰਚਣ ਲਈ ਅਜਿਹੇ ਪ੍ਰਬੰਧ ਕੀਤੇ ਜਾਂਦੇ ਕਿ ਇਹ ਲੋਕ ਰਸਤੇ ਵਿਚ ਹੋਰ ਲੋਕਾਂ ਦੇ ਸੰਪਰਕ ਵਿਚ ਨਾ ਆਉਣ। ਇਹ ਸੁਰੱਖਿਅਤ ਆਪਣੇ ਘਰਾਂ ਵਿਚ ਪਹੁੰਚ ਜਾਣ। ਪਰ ਸਰਕਾਰ ਨੇ ਇਸ ਸਬੰਧੀ ਕੀ ਕੀਤਾ। ਸਗੋਂ ਅਜਿਹਾ ਕੁਝ ਕਰਨ ਦੀ ਬਜਾਏ ਅਜਿਹੇ ਫ਼ੈਸਲੇ ਲਏ ਕਿ ਲੋਕਾਂ ਵਿਚ ਬਿਮਾਰੀ ਦੇ ਸਹਿਮ ਦੇ ਨਾਲ ਨਾਲ ਅਸੁਰੱਖਿਆ ਦੀ ਭਾਵਨਾ ਵਧ ਗਈ। ਤਾਲਾਬੰਦੀ ਦੇ ਡੇਢ ਮਹੀਨੇ ਬਾਅਦ ਕਰਨਾਟਕ ਤੋਂ ਮਜ਼ਦੂਰਾਂ ਨੂੰ ਘਰੋ ਘਰੀ ਪਹੁੰਚਾਉਣ ਲਈ ਪਹਿਲਾਂ ਸਪੈਸ਼ਲ ਰੇਲ ਗੱਡੀਆਂ ਚਲਾਉਣੀਆਂ ਸਨ ਪਰ ਐਨ ਇਕ ਦਿਨ ਪਹਿਲਾਂ ਇਹ ਰੱਦ ਕਰ ਦਿੱਤੀਆਂ ਗਈਆਂ। ਫਾਕੇ ਕੱਟਦੇ ਕਾਰਖਾਨਿਆਂ ਫੈਕਟਰੀਆਂ ਦੇ ਹਜ਼ਾਰਾਂ ਮਜ਼ਦੂਰ ਪਹਿਲਾਂ ਤਾਂ ਇਹ ਆਸ ਕਰਦੇ ਰਹੇ ਕਿ ਉਨਾਂ ਨੂੰ ਸੁਰੱਖਿਅਤ ਘਰੋ-ਘਰੀ ਪਹੁੰਚਾਇਆ ਜਾਵੇਗਾ। ਪਰ ਸਰਕਾਰ ਨੂੰ ਇਨਾਂ ਪੀੜਤਾਂ ਦੇ ਕਿਰਾਏ ਦਾ ਫ਼ਿਕਰ ਹੋਣ ਲੱਗਾ। ਕਰਨਾਟਕ ਸਟੇਟ ਦੇ ਹਜ਼ਾਰਾਂ ਕਾਮੇ ਤਾਲਾਬੰਦੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਰਕਾਰੀ ਮਦਦ ਨੂੰ ਉਡੀਕਦੇ ਰਹੇ। ਇਨਾਂ ‘ਚੋਂ ਜ਼ਿਆਦਤਰ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਹਜ਼ਾਰਾਂ ਮਜ਼ਦੂਰ ਹਨ ਜੋ ਨਿਰਾਸ਼ ਹੋ ਕੇ ਪੈਦਲ ਚੱਲ ਪਏ। ਸਵਾਲ ਇਹ ਪੈਦਾ ਹੁੰਦਾ ਹੈ ਜੇਕਰ ਉੱਤਰ ਪ੍ਰਦੇਸ਼ ਸਰਕਾਰ ਸਰਕਾਰ ਕੋਟਾ ਵਿਚ ਪੜਦੇ ਬੱਚਿਆਂ ਨੂੰ ਉਨਾਂ ਦੇ ਘਰੀਂ ਸੁਰੱਖਿਅਤ ਪਹੁੰਚਾ ਸਕਦੀ ਹੈ ਤਾਂ ਗ਼ਰੀਬ ਮਜ਼ਦੂਰਾਂ ਨੂੰ ਕਿਉਂ ਨਹੀਂ। ਜੇਕਰ ਭਾਰਤ ਸਰਕਾਰ ਬਾਹਰਲੇ ਮੁਲਕਾਂ ਤੋਂ ਵਿਸ਼ੇਸ਼ ਮੈਗਾ ਉਡਾਣਾਂ ਰਾਹੀਂ ਲੋਕਾਂ ਨੂੰ ਦੇਸ਼ ਲਿਆ ਸਕਦੀ ਹੈ ਤਾਂ ਮਜ਼ਦੂਰਾਂ ਪ੍ਰਤੀ ਸੰਵੇਦਨਹੀਣਤਾ ਕਿਉਂ। ਚਾਹੀਦਾ ਤਾਂ ਇਹ ਸੀ ਕਿ ਸੰਕਟ ਦੇ ਸਮੇਂ ਇਨਾਂ ਗ਼ਰੀਬ ਮਜ਼ਦੂਰਾਂ ਦੀ ਬਾਂਹ ਫੜੀ ਜਾਂਦੀ ਪਰ ਇਸ ਦੇ ਉਲਟ ਸਰਕਾਰਾਂ ਦਾ ਰਵੱਈਆ ਇਸ ਪ੍ਰਤੀ ਬੇਹੱਦ ਨਿਰਾਸ਼ ਕਰਨ ਵਾਲਾ ਹੈ ? ਸਰਕਾਰਾਂ ਵਲੋਂ ਅਜਿਹੇ ਫ਼ੈਸਲੇ ਲਏ ਜਾ ਰਹੇ ਹਨ ਜਿਨਾਂ ਨਾਲ ਬਿਮਾਰੀ ਦੇ ਹੋਰ ਭਿਆਨਕ ਬਣਨ ਦਾ ਖ਼ਤਰਾ ਵਧ ਰਿਹਾ ਹੈ। ਜਿਵੇਂ ਬਾਜ਼ਾਰ ਬੰਦ ਹਨ, ਖਾਣ ਪੀਣ ਦੀਆਂ ਦੁਕਾਨਾਂ ਢਾਬੇ ਰੈਸਟੋਰੈਂਟ ਬੰਦ ਹਨ ਪਰ ਬਿਨਾਂ ਸਮਾਜਿਕ ਦੂਰੀ ਨੂੰ ਧਿਆਨ ਵਿਚ ਰੱਖਦਿਆਂ ਸ਼ਰਾਬ ਦੇ ਠੇਕੇ ਖੋਲ ਦਿੱਤੇ ਗਏ। ਇਨਾਂ ਠੇਕਿਆਂ ਅੱਗੇ ਲੋਕਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਔਸਤ ਸਮਝ ਰੱਖਣ ਵਾਲੇ ਵਿਅਕਤੀ ਦੇ ਜ਼ਿਹਨ ਵਿਚ ਵੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕੋਰੋਨਾ ਮਾਮਲੇ ਨਾਮਾਤਰ ਸਨ ਤਾਂ ਸਰਕਾਰ ਨੇ ਸਖ਼ਤੀ ਨਾਲ ਤਾਲਾਬੰਦੀ ਕੀਤੀ। ਲੋਕਾਂ ਨੇ ਮੁਸ਼ਕਿਲਾਂ ਵੀ ਝੱਲੀਆਂ, ਪਰ ਹੁਣ ਜਦੋਂ ਸਥਿਤੀ ਭਿਆਨਕ ਹੋ ਰਹੀ ਹੈ, ਬਿਮਾਰੀ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 55 ਹਜ਼ਾਰ ਤੱਕ ਪੁੱਜ ਗਈ ਹੈ ਤਾਂ ਸਰਕਾਰ ਬਾਜ਼ਾਰਾਂ ਨੂੰ ਖੋਲਣ ਦੇ ਆਦੇਸ਼ ਦੇ ਰਹੀ ਹੈ। ਕੀ ਹੁਣ ਅਸੀਂ ਸਾਰੇ ਖ਼ਤਰੇ ਤੋਂ ਬਾਹਰ ਹਾਂ ਜਾਂ ਪਹਿਲਾਂ ਕੀਤੀ ਸਖ਼ਤ ਤਾਲਾਬੰਦੀ ਦੌਰਾਨ ਹਜ਼ਾਰਾਂ ਲੋਕਾਂ ਨੂੰ ਕੁੱਟਿਆ ਮਾਰਿਆ ਗਿਆ। ਲੋਕਾਂ ਦੀਆਂ ਲੱਤਾਂ ਬਾਹਾਂ ਵੀ ਟੁੱਟੀਆਂ ਕੁਝ ਮੌਤਾਂ ਵੀ ਹੋਈਆਂ। ਇਸ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਵੀ ਦਿਨ-ਰਾਤ ਇਕ ਕਰ ਕੇ ਭੁੱਖੇ ਪਿਆਸੇ ਰਹਿ ਕੇ ਆਪਣੀਆਂ ਡਿਊਟੀਆਂ ਨਿਭਾਈਆਂ ਕੁਝ ਪੁਲਿਸ ਕਰਮਚਾਰੀ ਅਤੇ ਅਧਿਕਾਰੀ ਕੋਰੋਨਾ ਦੀ ਬਿਮਾਰੀ ਤੋਂ ਪੀੜਤ ਹੋ ਕੇ ਅਲਵਿਦਾ ਵੀ ਕਹਿ ਗਏ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਮਾਮਲੇ ਵਧਣ ਤੋਂ ਬਾਅਦ ਤਾਲਾਬੰਦੀ ਨੂੰ ਖੋਲਣਾ ਹੀ ਸੀ ਤਾਂ ਡੇਢ ਮਹੀਨਾ ਕੀਤੀ ਤਾਲਾਬੰਦੀ ਦਾ ਕੀ ਅਰਥ। ਕੋਰੋਨਾ ਦੀ ਮਹਾਂਮਾਰੀ ਦਾ ਮੁਕਾਬਲਾ ਕਰਦਿਆਂ ਸਰਕਾਰਾਂ ਵਲੋਂ ਹੁਣ ਤੱਕ ਲਏ ਜਾਂਦੇ ਫ਼ੈਸਲਿਆਂ ਨਾਲ ਆਮ ਲੋਕਾਂ ਵਿਚ ਵੱਡੀ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਕੋਵਿਡ-19 ਦੀ ਬਿਮਾਰੀ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਤੱਕ ਲੈ ਕੇ ਜਾਣ ਲਈ ਹਵਾਈ ਜਹਾਜ਼ ਦੇ ਸਫ਼ਰ ਦੀ ਸਭ ਤੋਂ ਵੱਡੀ ਭੂਮਿਕਾ ਰਹੀ ? ਇਹ ਬਿਮਾਰੀ ਦੁਨੀਆ ਦੇ ਮਹਾਂਨਗਰਾਂ ਤੋਂ ਸ਼ੁਰੂ ਹੋ ਕੇ ਵੱਡੇ ਸ਼ਹਿਰਾਂ ਤੇ ਹੁਣ ਇਸ ਦਾ ਪ੍ਰਕੋਪ ਕਸਬਿਆਂ ਤੱਕ ਆਣ ਪਹੁੰਚਿਆ ਹੈ। ਵੂਹਾਨ, ਵਾਸ਼ਿੰਗਟਨ, ਪੈਰਿਸ, ਦਿੱਲੀ, ਇੰਦੌਰ ਅਤੇ ਮੁੰਬਈ ਵਰਗੇ ਸ਼ਹਿਰਾਂ ਵਿਚ ਸੰਘਣੀਆਂ ਆਬਾਦੀਆਂ ਵਿਚ ਇਸ ਦੀ ਲਾਗ ਨਾਲ ਸਭ ਤੋਂ ਵੱਧ ਮੌਤਾਂ ਹੋਈਆਂ।

ਕੋਰੋਨਾ ਦੇ ਪ੍ਰਕੋਪ ਨੇ ਸਰਕਾਰਾਂ ਦੇ ਆਰਥਿਕ ਢਾਂਚੇ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਹਾਲਾਤ ਇਹ ਬਣ ਗਏ ਹਨ ਕਿ ਸਟੇਟ ਸਰਕਾਰਾਂ ਕੇਂਦਰ ਸਰਕਾਰ ਕੋਲ ਸ਼ਰਾਬ ਵੇਚਣ ਦੀ ਇਜਾਜ਼ਤ ਦੇਣ ਲਈ ਗੁਹਾਰ ਲਗਾ ਰਹੀਆਂ ਹਨ। ਕਰੀਬ ਡੇਢ ਮਹੀਨੇ ਦੀ ਤਾਲਾਬੰਦੀ ਨਾਲ ਸਰਕਾਰਾਂ ਦੀ ਹਾਲਤ ਏਨੀ ਪਤਲੀ ਕਿਉਂ ਹੋ ਗਈ। ਇਸ ਦਾ ਜਵਾਬ ਇਹ ਹੈ ਸਰਕਾਰਾਂ ਦੀ ਹਾਲਤ ਪਹਿਲਾਂ ਵੀ ਕੋਈ ਬਾਹਲੀ ਚੰਗੀ ਨਹੀਂ ਸੀ। ਪਿਛਲੇ ਅਰਸੇ ਤੋਂ ਨਿੱਜੀਕਰਨ ਅਤੇ ਪੂੰਜੀਵਾਦੀ ਨੀਤੀਆਂ ‘ਤੇ ਚਲਦਿਆਂ ਸਰਕਾਰਾਂ ਅਤੇ ਆਮ ਲੋਕਾਂ ਦੀ ਹਾਲਤ ਲਗਾਤਾਰ ਪਤਲੀ ਹੁੰਦੀ ਗਈ ਜਦਕਿ ਧਨਾਢ ਪੂੰਜੀਪਤੀਆਂ ਅਤੇ ਰਾਜ ਨੇਤਾਵਾਂ ਅਤੇ ਰਾਜ ਘਰਾਣਿਆਂ ਕੋਲ ਬੇਤਹਾਸ਼ਾ ਧਨ ਜਮਾਂ ਹੁੰਦਾ ਗਿਆ। ਪੂੰਜੀਵਾਦੀ ਪ੍ਰਬੰਧ ਦੇ ਨਿਚੋੜੇ ਹੋਏ ਦੇਸ਼ ਕੋਲ ਏਨੀ ਸਮਰੱਥਾ ਨਹੀਂ ਕਿ ਉਹ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾ ਸਕੇ। ਹਸਪਤਾਲਾਂ ਦੀ ਹਾਲਤ ਖ਼ਸਤਾ ਹੈ। ਸਰਕਾਰੀ ਹਸਪਤਾਲਾਂ ਅਤੇ ਡਾਕਟਰਾਂ ਕੋਲ ਬਿਮਾਰੀ ਨਾਲ ਲੜਨ ਲਈ ਲੋੜੀਂਦੇ ਸਾਧਨ ਨਹੀਂ ਹਨ। ਪੰਜਾਬ ਹੀ ਨਹੀਂ ਹੋਰ ਸੂਬਿਆਂ ਦੀਆਂ ਸਰਕਾਰਾਂ ਨੂੰ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਸ਼ਰਾਬ ਦਾ ਸਹਾਰਾ ਲੈਣਾ ਪੈ ਰਿਹਾ ਹੈ। ਤਾਲਾਬੰਦੀ ਦੌਰਾਨ ਉਹ ਲੋਕ ਜੋ ਜੜਾਂ ਤੋਂ ਉੱਖੜ ਕੇ ਸ਼ਹਿਰਾਂ ਜਾਂ ਹੋਰ ਰਾਜਾਂ ਵਿਚ ਗਏ ਸਨ ਉਨਾਂ ਨੂੰ ਇਕਦਮ ਇਸ ਗੱਲ ਦਾ ਅਹਿਸਾਸ ਹੋਇਆ ਕਿ ਜੇਕਰ ਤਾਲਾਬੰਦੀ ਕੁਝ ਸਮਾਂ ਹੋਰ ਵਧਦੀ ਹੈ ਤਾਂ ਮਹਾਂਨਗਰ ਦੀ ਚਕਾਚਾਧ ਉਨਾਂ ਨੂੰ ਰੋਜ਼ੀ-ਰੋਟੀ ਨਹੀਂ ਦੇ ਸਕਦੀ। ਇਸ ਸੰਕਟ ਦੀ ਘੜੀ ਵਿਚ ਆਮ ਲੋਕ ਹੀ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਸਰਕਾਰਾਂ ਅਤੇ ਰਾਜਨੀਤਕ ਨੇਤਾਵਾਂ ਤੋਂ ਆਮ ਲੋਕ ਜਿਸ ਤਰਾਂ ਦੀ ਆਸ ਉਮੀਦ ਕਰਦੇ ਹਨ ਉਹ ਕਿੱਧਰੇ ਨਜ਼ਰ ਨਹੀਂ ਆ ਰਹੀ। ਬਿਨਾਂ ਸੋਚੇ ਸਮਝੇ ਲਏ ਸਰਕਾਰੀ ਫ਼ੈਸਲਿਆਂ ਨਾਲ ਆਮ ਲੋਕਾਂ ਦੇ ਫ਼ਿਕਰ ਵਧ ਗਏ ਹਨ। ਜੇਕਰ ਸੋਚ ਸਮਝ ਕੇ ਲੋਕਾਂ ਦੀਆਂ ਮੁਸ਼ਕਿਲਾਂ ਸਮੱਸਿਆਵਾਂ ਨੂੰ ਹੱਲ ਕੀਤਾ ਜਾਂਦਾ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਸੀ। ਸਰਕਾਰ ਨੂੰ ਭਵਿੱਖ ਦੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਅਗਾਊਂ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ। ਮਰੀਜ਼ਾਂ ਦੇ ਢੁਕਵੇਂ ਇਲਾਜ ਪ੍ਰਬੰਧ, ਪੁਲਿਸ ਅਤੇ ਸਿਹਤ ਕਰਮੀਆਂ ਲਈ ਲੋੜੀਂਦੇ ਸਾਜ਼ੋ-ਸਾਮਾਨ ਅਤੇ ਤਨਖ਼ਾਹਾਂ ਦਾ ਵਿਸ਼ੇਸ਼ ਧਿਆਨ ਰੱਖੇ ਜਾਣ ਦੀ ਲੋੜ ਹੈ। ਸੰਕਟ ਵਿਚ ਆਮ ਲੋਕਾਂ ਦੀ ਬਾਂਹ ਫੜਨ ਅਤੇ ਬਿਮਾਰੀ ਪ੍ਰਤੀ ਲੋਕਾਂ ਵਿਚ ਜਾਗਿਤੀ ਪੈਦਾ ਕਰਨ ਲਈ ਸਰਕਾਰੀ ਮੁਲਾਜ਼ਮਾਂ ਜਿਨਾਂ ਤੋਂ ਕੋਈ ਖਾਸ ਕੰਮ ਨਹੀਂ ਲਿਆ ਜਾ ਰਿਹਾ, ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ। ਇਸ ਦੇ ਨਾਲ-ਨਾਲ ਸਰਕਾਰਾਂ ਨੂੰ ਅਜਿਹੇ ਭਵਿੱਖਮੁਖੀ ਪ੍ਰੋਗਰਾਮਾਂ ਨੂੰ ਤਰਜੀਹ ਦੇਣ ਦੀ ਲੋੜ ਹੈ, ਜਿਨਾਂ ਦੀ ਬਦੌਲਤ ਦੇਸ਼ ਵਿਚ ਮਾਨਵੀ ਕਦਰਾਂ-ਕੀਮਤਾਂ ਅਤੇ ਲੋਕ-ਪੱਖੀ ਨਿਜ਼ਾਮ ਦੀ ਉਸਾਰੀ ਹੋ ਸਕੇ।

---

# ਵਿਸ਼ਵ ਵੱਧ ਰਿਹਾ ਏ ਮਨੁੱਖੀ ਅਧਿਕਾਰਾਂ ਦੇ ਘਾਣ ਵਲ

- ਰਜਿੰਦਰ ਸਿੰਘ

ਦੁਨੀਆ ਵਿਚ ਧਾਰਮਿਕ ਆਜ਼ਾਦੀਆਂ ਦੀ ਨਿਗਰਾਨੀ ਕਰਨ ਵਾਲੇ ਅਮਰੀਕੀ ਕਮਿਸ਼ਨ ਨੇ ਆਪਣੇ ਵਿਦੇਸ਼ ਵਿਭਾਗ ਨੂੰ ਭਾਰਤ ਸਣੇ 14 ਦੇਸ਼ਾਂ ਨੂੰ ‘ਖਾਸ ਚਿੰਤਾ ਵਾਲੇ ਦੇਸ਼ਾਂ’ ਵਜੋਂ ਨਾਮਜ਼ਦ ਕਰਨ ਦੀ ਸਿਫਾਰਸ਼ ਕੀਤੀ ਹੈ, ਜਿੱਥੇ ਧਾਰਮਿਕ ਘੱਟਗਿਣਤੀਆਂ ’ਤੇ ਹਮਲੇ ਵਧਦੇ ਜਾ ਰਹੇ ਹਨ। ਇਨਾਂ ਦੇਸ਼ਾਂ ਵਿਚ ਭਾਰਤ ਤੋਂ ਇਲਾਵਾ ਮੀਆਂਮਾਰ, ਚੀਨ, ਐਰੀਟ੍ਰਿਆ, ਈਰਾਨ, ਉੱਤਰ ਕੋਰੀਆ, ਸਾਊਦੀ ਅਰਬ, ਤਾਜ਼ਿਕਸਤਾਨ, ਤੁਰਕਮੇਨਿਸਤਾਨ, ਪਾਕਿਸਤਾਨ, ਨਾਈਜੀਰੀਆ, ਰੂਸ, ਸੀਰੀਆ ਤੇ ਵੀਅਤਨਾਮ ਨੂੰ ਸ਼ਾਮਲ ਕੀਤਾ ਗਿਆ ਹੈ। ‘ਅਮਰੀਕੀ ਕੌਮਾਂਤਰੀ ਧਾਰਮਿਕ ਆਜ਼ਾਦੀ ਕਮਿਸ਼ਨ’ ਨੇ 2020 ਦੀ ਸਾਲਾਨਾ ਰਿਪਰੋਟ ਵਿਚ ਦੋਸ਼ ਲਾਇਆ ਹੈ ਕਿ 2019 ਵਿਚ ਭਾਰਤ ਵਿਚ ਧਾਰਮਿਕ ਆਜ਼ਾਦੀ ਦੀ ਹਾਲਤ ਵਿਚ ਵੱਡੀ ਗਿਰਾਵਟ ਆਈ ਤੇ ਘੱਟਗਿਣਤੀ ਕੌਮਾਂ ’ਤੇ ਹਮਲੇ ਤੇਜ਼ ਹੋ ਗਏ। ਇਹ ਉਹ ਸਮਾਂ ਹੈ ਜਦੋਂ ਨਰਿੰਦਰ ਮੋਦੀ ਦੂਜੀ ਵਾਰ ਕੇਂਦਰੀ ਸੱਤਾ ਵਿਚ ਆਏ ਸਨ। 2004 ਦੇ ਬਾਅਦ ਇਹ ਪਹਿਲੀ ਵਾਰ ਹੈ ਕਿ ਅਮਰੀਕੀ ਕਮਿਸ਼ਨ ਨੇ ਭਾਰਤ ਨੂੰ ਖਾਸ ਸੂਚੀ ਵਿਚ ਸ਼ਾਮਲ ਕੀਤਾ ਹੈ। ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਨੇ ਪੂਰੇ ਭਾਰਤ ਵਿਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਕੀਤੀ, ਖਾਸਕਰ ਕੌਮੀ ਪੱਧਰ ’ਤੇ ਨੀਤੀਆਂ ਬਣਾਉਂਦਿਆਂ ਆਪਣੇ ਸੰਸਦੀ ਬਹੁਮਤ ਦਾ ਇਸਤੇਮਾਲ ਕੀਤਾ। ਰਿਪੋਰਟ ਵਿਚ ਨਾਗਰਿਕਤਾ ਸੋਧ ਕਾਨੂੰਨ-2019 ਦਾ ਖਾਸ ਤੌਰ ’ਤੇ ਜ਼ਿਕਰ ਕੀਤਾ ਗਿਆ ਹੈ, ਜਿਹੜਾ ਅਫਗਾਨਿਸਤਾਨ, ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਸਤਾਈਆਂ ਗੈਰ-ਮੁਸਲਮ ਘੱਟ-ਗਿਣਤੀਆਂ ਨੂੰ ਤੇਜ਼ੀ ਨਾਲ ਨਾਗਰਿਕਤਾ ਪ੍ਰਦਾਨ ਕਰਦਾ ਹੈ। ਰਿਪੋਰਟ ਮੁਤਾਬਕ ਸਰਕਾਰੀ ਅਧਿਕਾਰੀਆਂ ਦੇ ਬਿਆਨਾਂ ਮੁਤਾਬਕ ਇਹ ਕਾਨੂੰਨ ਸੂਚੀਬੱਧ ਗੈਰ-ਮੁਸਲਮ ਧਾਰਮਿਕ ਭਾਈਚਾਰਿਆਂ ਲਈ ਦੇਸ਼ਵਿਆਪੀ ਕੌਮੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਨਾਲ ਸੁਰੱਖਿਆ ਪ੍ਰਦਾਨ ਕਰਨ ਲਈ ਹੈ, ਜਿਸਦੇ ਬਾਅਦ ਸੂਚੀ ਵਿਚੋਂ ਬਾਹਰ ਰਹਿ ਗਏ ਲੋਕਾਂ (ਮੁਸਲਮਾਨਾਂ) ਨੂੰ ਦੇਸ਼ ਵਿੱਚੋਂ ਕੱਢਿਆ ਜਾਵੇਗਾ। ਰਿਪੋਰਟ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂਅ ਲੈ ਕੇ ਕਿਹਾ ਗਿਆ ਹੈ ਕਿ ਉਨਾ ਪ੍ਰਵਾਸੀਆਂ ਨੂੰ ਸਿਓਂਕ ਕਿਹਾ ਤੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਤੋਂ ਬਦਲਾ ਲੈਣ ਦਾ ਪ੍ਰਣ ਕੀਤਾ।

ਰਿਪੋਰਟ ਵਿਚ ਭਾਜਪਾ ਹਕੂਮਤ ਵਾਲੇ ਸੂਬਿਆਂ ਵਿਚ ਲਿੰਚਿੰਗ, ਕਸ਼ਮੀਰ ਦੀ ਤਾਲਾਬੰਦੀ ਅਤੇ ਰਾਸ਼ਟਰਪਤੀ ਟਰੰਪ ਦੇ ਭਾਰਤ ਦੌਰੇ ਦੌਰਾਨ ਦਿੱਲੀ ਵਿਚਲੀ ਹਿੰਸਾ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਕਹਿੰਦੀ ਹੈ ਕਿ 2019 ਦੌਰਾਨ ਨਾਗਰਿਕਤਾ ਸੋਧ ਕਾਨੂੰਨ, ਗਊ ਹੱਤਿਆ ਖਿਲਾਫ ਤੇ ਧਰਮ ਪਰਿਵਰਤਨ ਖਿਲਾਫ ਕਾਨੂੰਨਾਂ ਦੀ ਵਰਤੋਂ ਤੇ ਨਵੰਬਰ ਵਿਚ ਬਾਬਰੀ ਮਸਜਿਦ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਧਾਰਮਿਕ ਘੱਟਗਿਣਤੀਆਂ ਨੂੰ ਤੰਗ ਕਰਨ ਤੇ ਹਿੰਸਾ ਕਰਨ ਦੀਆਂ ਦੇਸ਼ਵਿਆਪੀ ਮੁਹਿੰਮਾਂ ਨੇ ਧਾਰਮਿਕ ਘੱਟਗਿਣਤੀ ਵਿਰੋਧੀਆਂ ਨੂੰ ਖੁੱਲੀ ਛੋਟ ਵਾਲਾ ਸਭਿਆਚਾਰ ਪੈਦਾ ਕਰ ਦਿੱਤਾ। ਰਿਪੋਰਟ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਧਾਰਮਿਕ ਘੱਟਗਿਣਤੀਆਂ ਖਿਲਾਫ ਹਿੰਸਾ ਵਿਚ ਸਰਕਾਰ ਤੇ ਫਾਸ਼ੀਵਾਦੀ ਤੱਤਾਂ ਨੇ ਵੀ ਅਹਿਮ ਭੂਮਿਕਾ ਨਿਭਾਈ। ਬਹੁਤ ਸਾਰੇ ਦੇਸ਼ਾਂ ਨੇ ਇਸ ਵਿਸ਼ਵਵਿਆਪੀ ਮਹਾਂਮਾਰੀ ਕੋਰੋਨਾ ਵਾਇਰਸ ਦੇ ਪਰਦੇ ਹੇਠ ਮੀਡੀਆ ਦੀ ਆਜ਼ਾਦੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸਦਾ ਵਿਸ਼ਵ ਪ੍ਰੈਸ ਅਜ਼ਾਦੀ ਸੂਚੀ ਵਿੱਚ ਉਨਾਂ ਦੀ ਰੈਂਕਿੰਗ ਉੱਤੇ ਵੀ ਮਾੜਾ ਪ੍ਰਭਾਵ ਪਿਆ ਹੈ। ਵੂਹਾਨ ਵਿਚ ਕੋਰੋਨਾ ਦੇ ਸ਼ੁਰੂਆਤੀ ਹਮਲੇ ਨਾਲ ਸਬੰਧਿਤ ਖ਼ਬਰਾਂ ਦੇ ਪ੍ਰਸਾਰ ਨੂੰ ਰੋਕਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 180 ਦੇਸ਼ਾਂ ਵਿਚੋਂ ਚੀਨ 177 ਵੇਂ ਨੰਬਰ ’ਤੇ ਹੈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਦਾ ਮੰਨਣਾ ਹੈ ਕਿ ਚੀਨ ਨੇ ਡਾਕਟਰਾਂ ਤੇ ਮੀਡੀਆ ਕਰਮਚਾਰੀਆਂ ਤੇ ਦਬਾਅ ਪਾਇਆ ਤੇ ਵਾਇਰਸ ਨਾਲ ਹੋਈਆਂ ਮੌਤਾਂ ਦੇ ਅੰਕੜਿਆਂ ਨੂੰ ਲੁਕਾਉਣ ਲਈ ਦਮਨਕਾਰੀ ਤਰੀਕਿਆਂ ਦੀ ਵਰਤੋਂ ਕੀਤੀ। ਇਹੀ ਸਥਿਤੀ ਇਰਾਨ ਦੇ ਨਾਲ ਕੋਵਿਡ -19 ਦੀ ਖ਼ਬਰ ਨੂੰ ਸੈਂਸਰਸ਼ਿਪ ਲੈ ਕੇ ਆ ਰਹੀ ਹੈ ਜੋ ਤਿੰਨ ਸਥਾਨ ਹੇਠਾਂ 173 ਵੇਂ ਸਥਾਨ ’ਤੇ ਹੈ। ਇਰਾਕ ਵਿਚ ਰੋਇਟਰਜ਼ ਲਾਇਸੈਂਸ ਨੂੰ ਤਿੰਨ ਮਹੀਨਿਆਂ ਲਈ ਛੁੱਟੀ ਕਰ ਦਿੱਤੀ ਗਈ ਸੀ ਜਦੋਂ ਏਜੰਸੀ ਨੇ ਕੋਵਿਡ -19 ਤੋਂ ਮਾਰੇ ਗਏ ਅਤੇ ਮਾਰੇ ਗਏ ਲੋਕਾਂ ਦੇ ਬਾਰੇ ਇਰਾਕੀ ਸਰਕਾਰ ਦੁਆਰਾ ਮੁਹੱਈਆ ਕਰਵਾਏ ਗਏ ਅੰਕੜਿਆਂ ਉੱਤੇ ਪ੍ਰਸ਼ਨ ਪੁੱਛੇ ਜਾਣ ਦੀਆਂ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ। ਇਰਾਕ 156 ਵੇਂ ਤੋਂ 162 ਵੇਂ ਨੰਬਰ ’ਤੇ ਆ ਗਿਆ ਹੈ। ਯੂਰਪੀਅਨ ਦੇਸ਼ਾਂ ਵਿਚ ਭਾਰੀ ਵਿਰੋਧ ਪ੍ਰਦਰਸ਼ਨਾਂ ਅਤੇ ਅਲੋਚਨਾਵਾਂ ਦੇ ਦੌਰਾਨ ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਦੁਆਰਾ ਸਿਰਫ ਕੋਰੋਨਾ ਵਾਇਰਸ ਕਾਨੂੰਨ ਪਾਸ ਕੀਤਾ ਗਿਆ ਸੀ, ਜਿਸ ਦੁਆਰਾ ਕੋਰੋਨਾ ਨਾਲ ਜੁੜੀ ਗਲਤ ਜਾਣਕਾਰੀ ਦੇ ਪ੍ਰਕਾਸ਼ਤ ਕਰਨ ’ਤੇ 5 ਸਾਲ ਤੱਕ ਦੀ ਕੈਦ ਦਾ ਪ੍ਰਬੰਧ ਕੀਤਾ ਗਿਆ ਹੈ। ਹੰਗਰੀ ਦੀ ਰੈਂਕਿੰਗ 2 ਸਥਾਨ ਹੇਠਾਂ 89 ਵੇਂ ਸਥਾਨ ’ਤੇ ਆ ਗਈ ਹੈ। ਮੀਡੀਆ ਜਬਰ ਦਾ ਇਹ ਰੁਝਾਨ ਕਈ ਦੇਸ਼ਾਂ ਵਿੱਚ ਫੈਲ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਵੀ ਮੀਡੀਆ ਪ੍ਰਤੀ ਆਪਣੇ ਅਸਹਿਣਸ਼ੀਲ ਰਵੱਈਏ ਕਾਰਨ ਸੁਰਖੀਆਂ ਵਿੱਚ ਰਹੇ ਹਨ। ਟਰੰਪ ਦੀ ਇਹ ਆਦਤ ਰਹੀ ਹੈ ਕਿ ਉਹ ਉਨਾਂ ਖਬਰਾਂ ਨੂੰ ਜਾਇਜ਼ ਖ਼ਬਰਾਂ ਦਾ ਦਰਜਾ ਦੇਵੇਗਾ ਜੋ ਉਸ ਨੂੰ ਨਾਪਸੰਦ ਹੈ। ਬਹੁਤ ਸਾਰੇ ਮਾਹਿਰ ਮੰਨਦੇ ਹਨ ਕਿ ਟਰੰਪ ਦੀ ਆਪਣੀ ਜਵਾਬਦੇਹੀ ਤੋਂ ਬਚਣ ਲਈ ਮੀਡੀਆ ਨੂੰ ਝਿੜਕਣ ਦੀ ਨੀਤੀ ਨਾ ਸਿਰਫ ਅਮਰੀਕੀ ਲੋਕਤੰਤਰ ਲਈ ਖ਼ਤਰਨਾਕ ਹੈ, ਬਲਕਿ ਦੁਨੀਆਂ ਦੀ ਕਈ ਚੋਟੀ ਦੀ ਲੀਡਰਸ਼ਿਪ ਨੂੰ ਵੀ ਮੀਡੀਆ ਨਾਲ ਗਲਤ ਵਿਵਹਾਰ ਕਰਨ ਲਈ ਪ੍ਰੇਰਿਤ ਕੀਤਾ ਹੈ। ਕੋਰੋਨਾ ਵਰਗੇ ਸੰਕਟ ਦੌਰਾਨ ਐਮਰਜੈਂਸੀ ਹਾਲਾਤ ਲੋਕਤੰਤਰੀ ਹਕੂਮਤ ਦੇ ਸੱਤਾਧਾਰੀਆਂ ਨੂੰ ਨਿਰਕੁੰਸ਼ ਸ਼ਾਸਕਾਂ ਵਾਂਗ ਬੇਅੰਤ ਤਾਕਤਾਂ ਦੀ ਵਰਤੋਂ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਪਰ ਜੇ ਲੋਕ ਜਾਗੇ ਹੋਣ ਇਹ ਕੁਝ ਨਹੀਂ ਵਾਪਰਦਾ। ਬੇਬਾਕ ਮੀਡੀਆ ਲੋਕਾਂ ਨੂੰ ਜਾਗ੍ਰਿਤ ਕਰਦਾ ਰਹਿੰਦਾ ਹੈ। ਕਾਰਪੋਰੇਟ ਪੱਖੀ ਏਜੰਡਾ ਹੀ ਮਨੁੱਖ ਅਤੇ ਦੇਸ ਨੂੰ ਗੁਲਾਮੀ ਵਲ ਲੈ ਜਾਂਦਾ ਹੈ। ਹਾਲ ਹੀ ਵਿਚ ਭਾਰਤ ਵਿਚ ਪੱਤਰਕਾਰਾਂ ‘ਤੇ ਭਾਰਤੀ ਦੰਡਾਵਲੀ ਦੀ ਧਾਰਾ 124 ਏ (ਦੇਸ਼ ਧ੍ਰੋਹ) ਦੀ ਵਰਤੋਂ ਦੇ ਕਈ ਮਾਮਲੇ ਸਾਹਮਣੇ ਆਏ ਹਨ। ਰਿਪੋਰਟਰਜ਼ ਬੌਰਡ ਬਾਰਡਰਜ਼ ਨੇ ਆਪਣੀ ਰਿਪੋਰਟ ਵਿਚ ਕਸ਼ਮੀਰ ਵਿਚ ਪ੍ਰੈਸ ਦੀ ਆਜ਼ਾਦੀ ਦੇ ਸੰਕਟ ਦਾ ਜ਼ਿਕਰ ਵੀ ਕੀਤਾ ਹੈ। ਰਾਜ ਵਿਚ ਧਾਰਾ 370 ਨੂੰ ਹਟਾਉਣ ਦੀ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਆਲੋਚਨਾ ਵੀ ਕੀਤੀ ਹੈ। ਅਸਲ ਮੱਸਲਾ ਮਨੁੱਖੀ ਅਜ਼ਾਦੀ ਦਾ ਹੈ। ਸਾਰੇ ਸੰਸਾਰ ਵਿਚ ਸਰਬੱਤ ਅਜ਼ਾਦੀ ਤੇ ਬੋਲਣ ਦੀ ਅਜ਼ਾਦੀ ਕਾਇਮ ਰਹਿਣੀ ਚਾਹੀਦੀ ਹੈ।

# ਭਾਰਤ ਅਤੇ ਵਿਸ਼ਵ ਹਵਾਬਾਜ਼ੀ ’ਤੇ ਕੋਰੋਨਾਵਾਇਰਸ ਦਾ ਪ੍ਰਭਾਵ

**- ਰਵਰੀਤ ਸਿੰਘ**

ਹਵਾਬਾਜ਼ੀ ਵਿਸ਼ਵ ਭਰ ਵਿੱਚ ਸਭ ਤੋਂ ਮਹੱਤਵਪੂਰਨ ਉਦਯੋਗਾਂ ਵਿੱਚੋਂ ਇੱਕ ਹੈ। ਇਸ ਉਦਯੋਗ ਵਿਚ ਵਰਤੇ ਜਾਣ ਵਾਲੇ ਜਹਾਜਾਂ ਦਾ ਵਰਤੋਂ ਸਿਰਫ ਯਾਤਰੀਆਂ ਨੂੰ ਇਕ ਜਗਾ ਤੋਂ ਦੂਜੀ ਜਗਾ ਲਿਜਾਣ ਤੱਕ ਸੀਮਿਤ ਨਹੀਂ ਹੈ ਬਲਕਿ ਦੁਨੀਆ ਭਰ ਵਿਚ ਇਕ ਜਗਾ ਤੋਂ ਦੂਜੀ ਜਗਾ ’ਤੇ ਮਾਲ ਲਿਜਾਣਾ ਵੀ ਹੈ। ਪੂਰੀ ਦੁਨੀਆ ਵਿੱਚ ਕੋਰੋਨਾ ਵਾਇਰਸ ਫੈਲਣ ਕਾਰਨ, ਹਵਾਬਾਜ਼ੀ ਉਦਯੋਗ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ।

ਇਸ ਦੇ ਨਤੀਜੇ ਵਜੋਂ ਭਾਰਤ ਸਮੇਤ ਕਈ ਦੇਸ਼ਾਂ ਨੇ ਹਵਾਈ ਉਡਾਣਾਂ ਰੱਦ ਕਰ ਦਿੱਤੀਆਂ ਹਨ। ਦੁਨੀਆ ਭਰ ਦੀਆਂ ਏਅਰਲਾਈਨਾਂ ਦੁਆਰਾ ਲਗਭਗ ਸਾਰੀਆਂ ਉਡਾਣਾਂ ਦਾ ਬੰਦ ਹੋਣਾ ਕੋਰੋਨਾ ਵਾਇਰਸ ਤੋਂ ਹਵਾਬਾਜ਼ੀ ਉਦਯੋਗਾਂ ਨੂੰ ਹੋ ਰਹੇ ਨੁਕਸਾਨ ਦੀ ਵਿਸ਼ਾਲਤਾ ਨੂੰ ਉਜਾਗਰ ਕਰ ਰਿਹਾ ਹੈ। ਇਸ ਨੇ ਸਿਰਫ ਸੜਕਾ ਨੂੰ ਹੀ ਨਹੀਂ ਬਲਕਿ ਦੁਨੀਆ ਭਰ ਦੇ ਅਸਮਾਨ ਨੂੰ ਵੱਡੀ ਗਿਣਤੀ ਵਿੱਚ ਉੱਡ ਰਹੇ ਹਵਾਈ ਜਹਾਜ਼ਾਂ ਤੋਂ ਵੀ ਖਾਲੀ ਕਰ ਦਿੱਤਾ ਹੈ। ਦੁਨੀਆ ਦੇ ਕਈ ਸ਼ਹਿਰ ਜਿਵੇਂ ਕਿ ਨਿਉਯਾਰਕ ਜਿਸ ਨੂੰ ਉਸਿਟੀ ਨੈਵਰ ਸਲੀਪਸ (ਕਦੀ ਨਾਂ ਸੌਣ ਵਾਲਾ ਸ਼ਹਿਰ) ” ਕਿਹਾ ਜਾਂਦਾ ਹੈ, ਹੁਣ ਸੁਨਸਾਨ ਨਜਰ ਆ ਰਿਹਾ ਹੈ।

ਵੈਬਸਾਈਟ ਫਲਾਈਟਰੇਡਾਰ24 ਜੋ ਕਿ ਵਿਸ਼ਵ ਦੀਆ ਓਡਾਣਾਂ ਨੂੰ ਟਰੈਕ ਕਰਦੀ ਹੈ ਅਤੇ ਦੁਨੀਆ ਭਰ ਦੇ ਹਜ਼ਾਰਾਂ ਹਵਾਈ ਜਹਾਜ਼ਾਂ ਬਾਰੇ ਰੋਜ਼ਾਨਾ ਅਸਲ-ਸਮੇਂ ਦੀ ਜਾਣਕਾਰੀ ਓਪ੍ਰਦਾਨ ਕਰਦੀ ਹੈ ਤੋਂ ਪ੍ਰਾਪਤ ਕੀਤੇ ਗਏ ਅੰਕੜਿਆਂ ਅਨੁਸਾਰ, ਦਸੰਬਰ 2019 ਵਿਚ ਰੋਜਾਨਾਂ ਲਗਭਗ 2 ਲੱਖ ਉਡਾਣਾਂ ਹੁੰਦੀਆਂ ਸਨ ਅਤੇ ਲੱਖਾਂ ਯਾਤਰੀਆਂ ਨੂੰ ਲੈ ਕੇ ਜਾਂਦੀਆਂ ਸਨ। ਇਸ ਦੀ ਔਸਤ ਜਨਵਰੀ ਦੇ ਮਹੀਨੇ ਵਿਚ ਘਟ ਕੇ ਰੋਜਾਨਾਂ 1.8 ਲੱਖ, ਫਰਵਰੀ ਵਿਚ 1.7 ਲੱਖ ਸੀ। ਇਹ ਮਾਰਚ ਦੇ ਅੰਤ ਵਿਚ ਲਗਭਗ ਇਕ ਤਿਹਾਈ ਘੱਟ ਕੇ ਸਿਰਫ 69,000 ਰਹਿ ਗਈ ਅਤੇ ਹਰ ਦਿਨ ਹੋਰ ਵੀ ਘੱਟ ਰਹੀ ਹੈ।

ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ (ਆਈ.ਏ.ਟੀ.ਏ.) ਦੁਆਰਾ ਜਾਰੀ ਕੀਤੇ ਤਾਜ਼ਾ ਅੰਕੜਿਆਂ ਦੇ ਅਨੁਸਾਰ ਵਿਸ਼ਵ ਭਰ ਦੀਆਂ ਏਅਰਲਾਈਨਾਂ ਨੂੰ ਲਗਭਗ 252 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਅਮੀਰਾਤ, ਇਤੀਹਾਦ, ਲੁਫਥਾਂਸਾ, ਸਿੰਗਾਪੁਰ ਏਅਰਲਾਇੰਸ ਵਰਗੀਆਂ ਕਈ ਦੁਨੀਆ ਦੀਆਂ ਪ੍ਰਮੁੱਖ ਏਅਰਲਾਇਨਾਂ ਨੂੰ ਆਪਣੇ ਜਹਾਜ਼ ਹਵਾਈ ਅੱਡਿਆਂ ਤੇ ਖੜੇ ਕਰਨੇ ਪੈ ਗਏ ਹਨ। ਇਹ ਘੱਟ ਰਹੀ ਹਵਾਈ ਆਵਾਜਾਈ ਕਾਰਨ ਨਹੀਂ ਹੋਇਆ ਬਲਕਿ ਬਹੁਤ ਸਾਰੇ ਦੇਸ਼ਾਂ ਦੀ ਸਰਕਾਰ ਨੇ ਸਾਰੀਆਂ ਘਰੇਲੂ ਅਤੇ



ਅੰਤਰਰਾਸ਼ਟਰੀ ਉਡਾਣਾਂ ਤੇ ਪਾਬੰਦੀ ਵੀ ਲਗਾ ਦਿੱਤੀ ਹੈ। ਭਾਰਤ ਨੇ ਵੀ ਸਾਰੇ ਘਰੇਲੂ ਅਤੇ ਅੰਤਰਰਾਸ਼ਟਰੀ ਫਲਾਈਟਾਂ ਨੂੰ ਪਹਿਲਾਂ 24 ਮਾਰਚ ਤੋਂ 30 ਮਾਰਚ ਤੱਕ ਬੰਦ ਕਰ ਦਿੱਤਾ ਸੀ ਜੋ ਕਿ ਪਹਿਲਾਂ 14 ਅਪ੍ਰੈਲ, ਫਿਰ 3 ਮਈ ਤੋਂ ਵਧਾ ਕੇ 17 ਮਈ 2020 ਦੀ ਅੱਧੀ ਰਾਤ ਤੱਕ ਵਧਾ ਦਿੱਤਾ ਗਿਆ। ਸਾਰੀਆਂ ਭਾਰਤੀ ਏਅਰਲਾਈਨਾਂ ਏਅਰ ਇੰਡੀਆ, ਇੰਡੀਗੋ, ਵਿਸਤਾਰਾ, ਸਪਾਈਸਜੈੱਟ, ਗੋਏਅਰ ਨੂੰ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰਨੀਆਂ ਪਈਆਂ। ਉਨਾਂ ਨੂੰ ਭਾਰਤ ਦੇ ਵੱਖ-ਵੱਖ ਹਵਾਈ ਅੱਡਿਆਂ ’ਤੇ ਪਾਰਕਿੰਗ ਸਥਾਨਾਂ ਦੀ ਵੀ ਭਾਲ ਕਰਨੀ ਪਈ ਅਤੇ ਕਈ ਸਟਾਫ ਮੈਂਬਰ ਵੱਖ-ਵੱਖ ਸ਼ਹਿਰਾਂ ਵਿਚ ਫਸੇ ਹੋਏ ਹਨ।

ਸੈਂਟਰ ਫਾਰ ਏਵੀਏਸ਼ਨ (ਸੀ.ਏ.ਪੀ.ਏ.) ਦੀ ਭਾਰਤ ਦੀ ਸ਼ਾਖਾ, ਜੋ ਕਿ ਹਵਾਬਾਜ਼ੀ ਅਤੇ ਯਾਤਰਾ ਉਦਯੋਗ ਦੇ ਅਨੁਮਾਨਾਂ ਲਈ ਜਾਣਕਾਰੀ ਪ੍ਰਦਾਨ ਕਰਦਾ ਹੈ, ਨੇ ਇਹ ਅਨੁਮਾਨ ਲਗਾਇਆ ਹੈ ਕਿ ਭਾਰਤ ਦੀ ਰਾਸ਼ਟਰੀ ਏਅਰਲਾਈਨ ਏਅਰ ਇੰਡੀਆ ਨੂੰ ਰੋਜ਼ਾਨਾ 30-35 ਕਰੋੜ ਦਾ ਘਾਟਾ ਹੋ ਰਿਹਾ ਹੈ। ਉਡਾਣਾਂ ਬੰਦ ਹੋਣ ਨਾਲ ਇਹ ਘਾਟਾ ਦਿਨੋ ਦਿਨ ਵੱਧ ਰਿਹਾ ਹੈ ਤੇ ਕੁੱਝ ਏਅਰਲਾਈਨ ਕੰਪਨੀਆਂ ਨੂੰ ਅਕਾਸ਼ ਵੱਲ ਨੂੰ ਉਡਾਣ ਭਰਨਾ ਮੁਸ਼ਕਲ ਹੋ ਸਕਦਾ ਹੈ। ਇਹ ਬਹੁਤ ਸਾਰੀਆਂ ਹੋਰ ਏਅਰਲਾਈਨਾਂ ਦੇ ਭਵਿੱਖ ’ਤੇ ਵੀ ਇਕ ਵੱਡਾ ਸਵਾਲ ਖੜਾ ਕਰਦਾ ਹੈ।

ਮਾਰਚ ਵਿਚ, ਫਲਾਈਬੀ, ਜੋ ਕਿ ਯੂਰਪ ਦੀ ਸਭ ਤੋਂ ਵੱਡੀ ਖੇਤਰੀ ਏਅਰਲਾਈਨ ਹੈ, ਵਾਇਰਸ ਦੇ ਕਾਰਨ ਵਿੱਤੀ ਘਾਟੇ ਨੂੰ ਪੂਰਾ ਨਾ ਕਰ ਸਕੀ ਤੇ ਜਿਸ ਕਾਰਨ ਦੀਵਾਲੀਆ ਨਿਕਲ ਗਿਆ। ਆਈ.ਏ.ਟੀ.ਏ ਦਾ ਅਨੁਮਾਨ ਹੈ ਕਿ ਕਈ ਹੋਰ ਏਅਰਲਾਇੰਸ ਇਸ ਸਥਿਤੀ ਵਿਚ ਜਾ ਸਕਦੀਆਂ ਹਨ ਜੇਕਰ ਜਲਦੀ ਤੋਂ ਜਲਦੀ ਉਡਾਣਾਂ ਸ਼ੁਰੂ ਨਹੀਂ ਹੁੰਦੀਆਂ।

ਸਿਰਫ ਏਅਰਲਾਇੰਸ ਹੀ ਨਹੀਂ, ਇਹ ਸਥਿਤੀ ਜਹਾਜ਼ ਨਿਰਮਾਤਾਵਾਂ ’ਤੇ ਵੀ ਸਖਤ ਪ੍ਰਭਾਵ ਪਾ ਰਹੀ ਹੈ। ਏਅਰਬੱਸ ਅਤੇ ਬੋਇੰਗ, ਵਿਸ਼ਵ ਦੇ ਸਭ ਤੋਂ ਵੱਡੇ ਏਅਰਕ੍ਰਾਫਟ ਨਿਰਮਾਣਕਾਂ ਨੇ ਆਪਣੇ ਬਹੁਤ ਸਾਰੇ ਜਹਾਜ਼ਾਂ ਦੇ ਉਤਪਾਦਨ ਲਈ ਅਸਥਾਈ ਮੁਅੱਤਲੀ ਦੀ ਘੋਸ਼ਣਾ ਕੀਤੀ ਹੈ। ਉਤਪਾਦਨ ਵਿਚ ਰੁਕਾਵਟ, ਏਅਰਲਾਈਨਾਂ ਦੁਆਰਾ ਨਵੇਂ ਜਹਾਜ਼ਾਂ ਨੂੰ ਨਾ ਖਰੀਦਣਾ, ਇਕ ਵੱਡਾ ਵਿੱਤੀ ਘਾਟਾ ਪਾ ਰਹੇ ਹਨ।

ਇਨਾਂ ਸਾਰੀਆਂ ਘਟਨਾਵਾਂ ਦੇ ਕਾਰਨ, ਉਦਯੋਗ ਦੇ ਸਾਰੇ ਕਰਮਚਾਰੀਆਂ ਦੇ ਭਵਿੱਖ ’ਤੇ ਵੀ ਇਕ ਵੱਡਾ ਪ੍ਰਸ਼ਨ ਹੈ। ਫਲਾਈਬੀ ਦੇ ਬੰਦ ਹੋਣ ਨਾਲ ਇਸਦੇ ਹਜ਼ਾਰਾਂ ਕਰਮਚਾਰੀ ਬੇਰੁਜ਼ਗਾਰ ਹੋ ਗਏ। ਜੇ ਇਹ ਸਥਿਤੀ ਜਾਰੀ ਰਹਿੰਦੀ ਹੈ, ਤਾਂ ਹੋ ਸਕਦਾ ਹੈ ਕਿ ਲੱਖਾਂ ਲੋਕ ਭਾਰਤ ਅਤੇ ਵਿਸ਼ਵ ਭਰ ਵਿਚ ਬੇਰੁਜ਼ਗਾਰ ਹੋਣਗੇ। ਜਿਵੇਂ ਕਿ ਏਅਰ ਲਾਈਨਜ਼ ਨਵੇਂ ਕਰਜ਼ੇ ਲੈਣ ਲਈ ਸੰਘਰਸ਼ ਕਰ ਰਹੀਆਂ ਹਨ, ਉਨਾਂ ਵਿਚੋਂ ਬਹੁਤ ਸਾਰੇ ਉਨਾਂ ਲਈ ਸਰਕਾਰੀ ਮਦਦ ’ਤੇ ਨਿਰਭਰ ਕਰ ਰਹੇ ਹਨ। ਇਸ ਵਕਤ ਵਧੀਆ ਵਿੱਤੀ ਸੰਤੁਲਨ ਵਾਲੀਆਂ ਏਅਰਲਾਈਨਾਂ ਇਹਨਾਂ ਹਲਾਤਾਂ ਤੋਂ ਬਚ ਸਕਦੀਆਂ ਹਨ।

ਭਾਰਤ ਅਤੇ ਵਿਸ਼ਵ ਦੇ ਹਵਾਈ ਅੱਡਿਆਂ ਨੂੰ ਵੀ ਫਲਾਈਟਾਂ ਰੱਦ ਹੋਣ ਕਾਰਨ, ਫੀਸ ਦੇ ਰੂਪ ਵਿੱਚ ਹੋ ਰਹੀ ਆਮਦਨੀ ਨਾ ਹੋਣ ਕਾਰਨ ਭਾਰੀ ਘਾਟਾ ਹੋ ਰਿਹਾ ਹੈ। ਇਕ ਵਾਰ ਜਦੋਂ ਸਥਿਤੀ ਆਮ ਵਾਂਗ ਹੋ ਜਾਂਦੀ ਹੈ, ਤਾਂ ਇਹ ਉਦਯੋਗ ਇਕਸਾਰ ਨਹੀਂ ਦਿਖਾਈ ਦੇਵੇਗਾ।

ਪੰਜਾਬ ਲਈ, ਅੰਮ੍ਰਿਤਸਰ ਆਪਣੇ ਕੁਝ ਮੌਜੂਦਾ ਰੂਟਾਂ ’ਤੇ ਅਸਥਾਈ ਤੌਰ’ ਤੇ ਆਪਣਾ ਅੰਤਰਰਾਸ਼ਟਰੀ ਸੰਪਰਕ ਗੁਆ ਸਕਦਾ ਹੈ। ਏਅਰਲਾਈਨਾਂ ਵੱਡੇ ਹਵਾਈ ਅੱਡਿਆਂ ਤੋਂ ਰੂਟ ਮੁੜ ਸ਼ੁਰੂ ਕਰਨ ’ਤੇ ਧਿਆਨ ਕੇਂਦਰਤ ਕਰਣਗੀਆ, ਇਸ ਤੋਂ ਬਾਅਦ ਅੰਮ੍ਰਿਤਸਰ ਵਰਗੇ ਟੀਅਰ -2 ਹਵਾਈ ਅੱਡੇ ਤੋਂ ਸ਼ੁਰੂ ਕਰਣਗੀਆਂ। ਅੰਮ੍ਰਿਤਸਰ ਤੋਂ ਉਡਾਣਾਂ ਬੰਦ ਹੋਣ ਤੋਂ ਪਹਿਲਾਂ 9 ਅੰਤਰਰਾਸ਼ਟਰੀ ਅਤੇ 9 ਘਰੇਲੂ ਸ਼ਹਿਰਾਂ ਲਈ ਉਡਾਣਾਂ ਸਨ ਅਤੇ ਇੱਥੋਂ ਰੋਜ਼ਾਨਾਂ 25 ਤੋਂ 30 ਉਡਾਣਾਂ ਸਨ। ਉਡਾਣਾਂ ਬੰਦ ਹੋਣ ਨਾਲ ਵਿਦੇਸ਼ਾ ਵਿਚ ਵਸੇ ਕਈ ਭਾਰਤੀ ਅਤੇ ਸੈਲਾਨੀ ਭਾਰਤ ਵਿਚ ਅਤੇ ਭਾਰਤੀ ਵਿਦੇਸ਼ੀ ਮੁਲਕਾਂ ਵਿਚ ਫਸ ਗਏ ਹਨ। ਸਰਕਾਰਾਂ ਵਲੋਂ ਵਿਸ਼ੇਸ਼ ਰਾਹਤ ਵਾਲੀਆਂ ਉਡਾਣਾਂ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਨਾਗਰਿਕ ਆਪਣਾ ਮੁਲਕ ਵਾਪਸ ਪਰਤ ਸਕਣ। ਇਸ ਲੇਖ ਦੇ ਲਿਖੇ ਜਾਣ ਤੱਕ ਭਾਰਤ ਅਤੇ ਵਿਦੇਸ਼ੀ ਮੁਲਕਾਂ ਦਰਮਿਆਨ ਆਮ ਵਾਂਗ ਉਡਾਣਾਂ ਦਾ ਜਲਦੀ ਸ਼ੁਰੂ ਹੋਣਾ ਬਹੁਤ ਮੱਧਮ ਜਾਪ ਰਿਹਾ ਹੈ।

# ਤਾਲਾਬੰਦੀ ਦੇ ਦਰਮਿਆਨ ਨਸ਼ਿਆਂ ਨਾਲ ਸਬੰਧਤ ਮਾਰੂ ਅਤੇ ਦਿਲ ਕੰਬਾਊ ਘਟਨਾਵਾਂ

**- ਮੋਹਨ ਸ਼ਰਮਾ**

ਪੰਜਾਬ ਵਿੱਚ ਤਾਲਾਬੰਦੀ ਦੇ ਦਰਮਿਆਨ ਨਸ਼ਿਆਂ ਦੀ ਸਪਲਾਈ ਲਾਈਨ ਬਹੁਤ ਹੱਦ ਤਕ ਟੁੱਟੀ ਹੈ। ਪੰਚਾਇਤਾਂ ਅਤੇ ਨੌਜਵਾਨਾਂ ਵੱਲੋਂ ਆਪਣੇ ਆਪਣੇ ਪਿੰਡਾਂ ਵਿੱਚ ਠੀਕਰੀ ਪਹਿਰੇ ਭਾਵੇਂ ਇਸ ਕਰਕੇ ਦਿੱਤੇ ਗਏ ਕਿ ਕਿਸੇ ਬਾਹਰਲੇ ਵਿਅਕਤੀ ਰਾਹੀਂ ਇਸ ਬਿਮਾਰੀ ਦੇ ਕਿਟਾਣੂਆਂ ਦਾ ਸ਼ਿਕਾਰ ਕੋਈ ਪਿੰਡ ਵਾਸੀ ਨਾ ਬਣ ਜਾਵੇ ਅਤੇ ਫਿਰ ਇਸ ਘਾਤਕ ਬਿਮਾਰੀ ਦਾ ਹੋਰ ਪਿੰਡ ਵਾਸੀ ਵੀ ਸ਼ਿਕਾਰ ਨਾ ਬਣ ਜਾਣ। ਪਰ ਕਰੜੇ ਪਹਿਰਿਆਂ ਦਰਮਿਆਨ ਪਹਿਰਾ ਦੇਣ ਵਾਲਿਆਂ ਦੀ ਨਾਕਾਬੰਦੀ ਅਤੇ ਬਾਜ਼ ਅੱਖ ਨੇ ਨਾ ਹੀ ਬਾਹਰਲੇ ਵਿਅਕਤੀ ਨੂੰ ਅੰਦਰ ਜਾਣ ਦਿੱਤਾ ਅਤੇ ਨਾ ਹੀ ਅੰਦਰਲੇ ਵਿਅਕਤੀ ਨੂੰ ਬਾਹਰ ਜਾਣ ਦੀ ਖੁੱਲ ਦਿੱਤੀ। ਇਹ ਸਮਾਜਿਕ ਦਬਾ ਅਤੇ ਠੀਕਰੀ ਪਹਿਰੇ ਪੰਜਾਬ ਦੇ ਕਾਫੀ ਪਿੰਡਾਂ ਵਿੱਚ ਹੁਣ ਵੀ ਚੱਲ ਰਹੇ ਹਨ ਅਤੇ ਇਸ ਨੇ ਨਾ ਤਾਂ ਪਿੰਡ ਵਿੱਚ ਪੰਜ-ਸੱਤ ਨਸ਼ਾ ਵੇਚਣ ਵਾਲਿਆਂ ਨੂੰ ਬਾਹਰ ਜਾਣ ਦਿੱਤਾ ਅਤੇ ਨਾ ਹੀ ਨਸ਼ੇ ਦੀ ਪੂਰਤੀ ਲਈ ਤਸਕਰਾਂ ਦੇ ਕਦਮ ਪਿੰਡ ਦੀ ਫਿਰਨੀ ਟੱਪ ਸਕੇ। ਇੰਜ ਇਨਾਂ ਠੀਕਰੀ ਪਹਿਰਿਆਂ ਰਾਹੀਂ ਇੱਕ ਪੰਥ ਦੋ ਕਾਜ ਦੇ ਸਾਰਥਕ ਨਤੀਜੇ ਸਾਹਮਣੇ ਵੀ ਆਏ।

ਇਸ ਤੋਂ ਬਿਨਾਂ ਸ਼ਹਿਰਾਂ, ਜ਼ਿਲਿਆਂ ਦੀਆਂ ਹੱਦਾਂ ਅਤੇ ਪ੍ਰਾਂਤਕ ਹੱਦਾਂ ਸੀਲ ਕਰਨ ਦੇ ਨਾਲ ਨਾਲ ਸਰਹੱਦਾਂ ‘ਤੇ ਵੀ ਚੌਕਸੀ ਵਧਾਈ ਗਈ। ਇਹ ਸਭ ਕੁਝ ਦੇ ਪ੍ਰਤੀਕਰਮ ਵਜੋਂ ਨਸ਼ਿਆਂ ਦੀ ਰੋਕ ਥਾਮ ਅਤੇ ਕਰਾਈਮ ਗਰਾਫ਼ ਨੂੰ ਬਹੁਤ ਹੱਦ ਤਕ ਠੱਲ ਪਈ ਹੈ। ਸਪਲਾਈ ਲਾਈਨ ‘ਤੇ ਸੱਟ ਵੱਜਣ ਕਾਰਨ ਤਸਕਰਾਂ ਦਾ ਪੁਰਾਣਾ ਸਟਾਕ ਖਤਮ ਹੋ ਗਿਆ ਅਤੇ ਹੋਰ ਮਿਲਿਆ ਨਹੀਂ। ਸ਼ਰਾਬ ਦੇ ਠੇਕੇ ਵੀ ਬੰਦ ਹੋਣ ਕਾਰਨ ਠੇਕਿਆਂ ਤੇ ਵੀ ਸੁੰਨ ਪਸਰੀ ਰਹੀ। ਨਸ਼ਿਆਂ ਅਤੇ ਜੁਰਮ ਦਾ ਆਪਸ ਵਿੱਚ ਡੂੰਘਾ ਰਿਸ਼ਤਾ ਹੈ। ਨਸ਼ੇ ਦੀ ਪ੍ਰਾਪਤੀ ਲਈ ਉਹ ਝਪਟਮਾਰੀ, ਲੁੱਟਾਂ-ਖੋਹਾਂ, ਠੱਗੀਆਂ, ਪਰਚੂਨ ਵਿੱਚ ਨਸ਼ੇ ਦੀ ਤਸਕਰੀ, ਚੋਰੀਆਂ ਅਤੇ ਲੜਾਈ-ਝਗੜੇ ਕਰਦਾ ਹੈ। ਪ੍ਰਤੀ ਸਾਲ ਆਬਾਦੀ ਵਿੱਚ ਜਿੱਥੇ ਅੰਦਾਜ਼ਨ 1.3 ਫੀਸਦੀ ਦਾ ਵਾਧਾ ਹੁੰਦਾ ਹੈ, ਉੱਥੇ ਹੀ ਨਸ਼ਾ ਖੋਰੀ ਵਿੱਚ 18-20 ਫੀਸਦੀ ਦਾ ਵਾਧਾ ਹੋਣਾ ਪੰਜਾਬ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿੱਚ 2008 ਤੋਂ 2018 ਤਕ 10 ਸਾਲਾਂ ਵਿੱਚ ਡਰੱਗਜ਼ ਨਾਲ ਸਬੰਧਤ 25000 ਤੋਂ ਜ਼ਿਆਦਾ ਆਤਮ ਹੱਤਿਆਵਾਂ ਹੋਈਆਂ ਜਿਨਾਂ ਵਿੱਚੋਂ 74 ਫੀਸਦੀ ਇਕੱਲੇ ਪੰਜਾਬ ਨਾਲ ਸਬੰਧਤ ਹਨ। ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਲੋਂ ਓਟ ਕੇਂਦਰਾਂ ਰਾਹੀਂ ਨਸ਼ੱਈਆਂ ਨੂੰ ਬੁਪਰੀਨੌਰਫੀਨ ਦੇ ਕੇ ਉਨਾਂ ਦੀ ਸਮੱਸਿਆਂ ਨੂੰ ਹੱਲ ਕਰਨ ਦਾ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। 198 ਓਟ ਕਲੀਨਿਕਾਂ, 30 ਨਸ਼ਾ ਛੁਡਾਊ ਕੇਂਦਰਾਂ ਅਤੇ 108 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵੱਲੋਂ ਪੰਜਾਬ ਦੇ 4, 37, 407 ਨਸ਼ਈ ਮਰੀਜ਼ਾਂ ਨੂੰ ਇਹ ਨਸ਼ਾ ਛੱਡਣ ਦੀ ਦਵਾਈ ਮੁਫਤ ਦਿੱਤੀ ਜਾ ਰਹੀ ਹੈ। ਤਾਲਾਬੰਦੀ ਤੋਂ ਪਹਿਲਾਂ 4, 14, 167 ਨਸ਼ਈ ਮਰੀਜ਼ ਇਹ ਦਵਾਈ ਰੋਜ਼ਾਨਾ ਲੈ ਕੇ ਜਾਂਦੇ ਸਨ ਅਤੇ ਮਨੋਵਿਗਿਆਨਕ ਡਾਕਟਰਾਂ ਵੱਲੋਂ ਨਸ਼ਈ ਮਰੀਜ਼ ਦੀ ਸਥਿਤੀ ਅਨੁਸਾਰ ਗੋਲੀ ਪੀਸ ਕੇ ਮੌਕੇ ›ਤੇ ਖਵਾਈ ਜਾਂਦੀ ਸੀ, ਪਰ ਤਾਲਾਬੰਦੀ ਕਾਰਨ ਹੁਣ ਇਹ ਦਵਾਈ ਨਸ਼ਈ ਮਰੀਜ਼ਾਂ ਨੂੰ 21 ਦਿਨਾਂ ਦੀ ਇਕੱਠੀ ਦਿੱਤੀ ਜਾ ਰਹੀ ਹੈ। ਕੁਲ ਨਸ਼ਈ ਮਰੀਜ਼ਾਂ ਵਿੱਚੋਂ 74 ਫੀਸਦੀ ਨਸ਼ਈ ਮਰੀਜ਼ ਮਾਲਵਾ ਇਲਾਕੇ ਨਾਲ ਸਬੰਧਤ ਹਨ।

ਸਾਡੇ ਅੱਗੇ ਗੰਭੀਰ ਪ੍ਰਸ਼ਨ ਹੈ ਕਿ ਤਾਲਾਬੰਦੀ ਖੁੱਲਣ ਉਪਰੰਤ ਕੀ ਨਸ਼ਿਆਂ ਦੀ ਰੋਕਥਾਮ ਇੰਜ ਹੀ ਘੱਟ ਹੋ ਸਕੇਗੀ ? ਨੈਪੋਲੀਅਨ ਬੋਨਾਪਾਰਟ ਨੇ ਲਿਖਿਆ ਹੈ, ਸਾਰੀਆਂ ਪ੍ਰਾਪਤੀਆਂ ਅਤੇ ਧਰਤੀ ਦੀਆਂ ਸਾਰੀਆਂ ਅਮੀਰੀਆਂ ਦੀ ਸ਼ੁਰੂਆਤ ਵਿਚਾਰ ਕਰਨ ਅਤੇ ਸੋਚਣ ਨਾਲ ਹੀ ਸ਼ੁਰੂ ਹੁੰਦੀ ਹੈ। ਨਸ਼ਿਆਂ ਦੇ ਭਵਿੱਖ ਵਿੱਚ ਰੋਕਥਾਮ ‘ਤੇ ਚਰਚਾ ਕਰਨ ਤੋਂ ਪਹਿਲਾਂ ਤਾਲਾਬੰਦੀ ਦੇ ਦਰਮਿਆਨ ਨਸ਼ਿਆਂ ਨਾਲ ਸਬੰਧਤ ਜੋ ਮਾਰੂ ਅਤੇ ਦਿਲ ਕੰਬਾਊ ਘਟਨਾਵਾਂ ਸਾਡੇ ਸਾਹਮਣੇ ਆਈਆਂ ਹਨ ਉਨਾਂ ਵਿੱਚੋਂ ਕੁਝ ‘ਤੇ ਚਰਚਾ ਕਰਨੀ ਜ਼ਰੂਰੀ ਹੈ। 20.4.2020 ਨੂੰ ਮਾਨਸਾ ਦੇ ਪੁਲੀਸ ਮੁਲਾਜ਼ਮ ਦਾ ਪੁੱਤਰ ਪਹਿਲਾਂ ਸਰਦੂਲਗੜ ਲਾਗੇ ਪਿੰਡ ਕੋਟੜਾ ਪੁੱਜਿਆ। ਉੱਥੋਂ ਆਪਣੇ ਦੋਸਤ ਨੂੰ ਨਾਲ ਲੈ ਕੇ ਹਰਿਆਣਾ ਦੇ ਪਿੰਡ ਰੋੜੀ ਵਿਖੇ ਨਸ਼ਾ ਤਸ਼ਕਰ ਦੇ ਘਰ ਗਿਆ। ਉੱਥੇ ਹੀ ਨਸ਼ਾ ਕੀਤਾ ਅਤੇ ਓਵਰਡੋਜ਼ ਨਾਲ ਦੋਨਾਂ ਦੀ ਮੌਤ ਹੋ ਗਈ। ਬਿਨਾਂ ਕਰਫਿਊ ਪਾਸ ਤੋਂ ਦੋਨਾਂ ਦਾ ਪੰਜਾਬ ਦੀ ਸਰਹੱਦ ਪਾਰ ਕਰਕੇ ਹਰਿਆਣੇ ਪ੍ਰਾਂਤ ਦੇ ਪਿੰਡ ਵਿੱਚ ਜਾਣਾ ਅਮਨ ਕਾਨੂੰਨ ਦੀ ਸਥਿਤੀ ‘ਤੇ ਪ੍ਰਸ਼ਨ ਚਿੰਨ ਲਾਉਂਦਾ ਹੈ। ਇਹ ਤਾਂ ਉਨਾਂ ਦੀ ਬਦਕਿਸਮਤੀ ਹੈ ਕਿ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਨਹੀਂ ਹੋ ਸਕਦਾ ਸੀ ਕਿ ਉਨਾਂ ਨੇ ਤਸ਼ਕਰ ਕੋਲੋਂ ਹੋਰ ਨਸ਼ਾ ਵੀ ਲੈ ਕੇ ਆਉਣਾ ਸੀ। ਇੱਦਾਂ ਹੀ ਤਾਲਾਬੰਦੀ ਦੇ ਦਰਮਿਆਨ ਮਖੂ ਦੇ ਲਾਗੇ ਇੱਕ ਪਿੰਡ ਵਿੱਚ ਨੌਜਵਾਨਾਂ ਨੇ ਗੈਰ ਵਿਅਕਤੀਆਂ ਦੇ ਪਿੰਡ ਵਿੱਚ ਦਾਖ਼ਲਾ ਰੋਕਣ ਲਈ ਪਹਿਰਾ ਲਾਇਆ ਹੋਇਆ ਸੀ। ਬਾਹਰਲੇ ਦੋ ਵਿਅਕਤੀ ਜਦੋਂ ਨਸ਼ੇ ਦੀ ਸਪਲਾਈ ਲਈ ਪਿੰਡ ਵਿੱਚ ਜਾਣ ਲੱਗੇ ਤਾਂ ਉਨਾਂ ਨੂੰ ਰੋਕਿਆ ਗਿਆ। ਨਸ਼ੇ ਦੇ ਤਸਕਰਾਂ ਨੇ ਬਿਨਾਂ ਕਿਸੇ ਡਰ-ਭੈਅ ਤੋਂ ਉਨਾਂ ਉੱਤੇ ਗੋਲੀ ਚਲਾ ਦਿੱਤੀ। ਪਹਿਰਾ ਦੇਣ ਵਾਲਿਆਂ ਵਿੱਚੋਂ ਇੱਕ ਦੀ ਮੌਤ ਹੋ ਗਈ ਅਤੇ ਦੂਜਾ ਜਖ਼ਮੀ ਹੋ ਗਿਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਅਜਿਹੇ ਅਣਮਨੁੱਖੀ ਵਰਤਾਰੇ ਨੂੰ ਰੋਕਣ ਲਈ ਚਾਰ ਦਿਨ ਪਹਿਲਾਂ ਮਖੂ ਥਾਣੇ ਵਿੱਚ ਲਿਖਤੀ ਤੌਰ ਉੱਤੇ ਦਰਖਾਸਤ ਦਿੱਤੀ ਗਈ ਸੀ।

ਇਸ ਤਰੀਕੇ ਨਾਲ ਹੀ ਬਠਿੰਡਾ ਦੇ ਚਾਰ ਤਸਕਰ ਕਾਰ ਰਾਹੀਂ ਦਿੱਲੀ ਤੋਂ ਬਠਿੰਡਾ ਹੈਰੋਇਨ ਲਿਆਉਣ ਵਿੱਚ ਕਾਮਯਾਬ ਹੋ ਗਏ। ਉਨਾਂ ਵਿੱਚੋਂ ਇੱਕ ਦੀ ਲੱਤ ਤੇ ਪਲੱਸਤਰ ਲਾ ਕੇ ਉਸ ਨੂੰ ਮਰੀਜ਼ ਬਣਾਇਆ ਗਿਆ ਅਤੇ ਦੂਜੇ ਤਿੰਨ ਉਸਦੀ ਦੇਖ ਭਾਲ ਦੀ ਆੜ ਲੈ ਕੇ ਬਠਿੰਡੇ ਤੋਂ ਦਿੱਲੀ ਜਾਕੇ ਹੈਰੋਇਨ ਖਰੀਦ ਲਿਆਏ। ਦਿੱਲੀ, ਹਰਿਆਣਾ ਅਤੇ ਪੰਜਾਬ ਦੀ ਪੁਲੀਸ ਨੂੰ ਉਹ ਧੋਖਾ ਦੇਣ ਵਿੱਚ ਕਾਮਯਾਬ ਹੋ ਗਏ ਪਰ ਆਖ਼ਰ ਬਠਿੰਡਾ ਲਾਗੇ ਪਿੰਡ ਨੰਦਗੜ ਕੋਲ ਉਹ ਪੁਲੀਸ ਦੇ ਕਾਬੂ ਆ ਗਏ। ਇੱਦਾਂ ਹੀ ਦੋ ਹੋਰ ਤਸਕਰ ਜਾਅਲੀ ਕਰਫਿਊ ਪਾਸ ਬਣਾ ਕੇ ਦਿੱਲੀ ਤੋਂ ਹੈਰੋਇਨ ਲੈ ਆਏ ਅਤੇ ਬਠਿੰਡਾ ਪਹੁੰਚਣ ‘ਤੇ ਉਨਾਂ ਨੂੰ ਪੁਲਿਸ ਨੇ ਹੈਰੋਇਨ ਸਮੇਤ ਦਬੋਚ ਲਿਆ। ਅਜਿਹੇ ਹੀ ਕਈ ਕੇਸ ਸੰਗਰੂਰ, ਲੁਧਿਆਣਾ, ਜਗਰਾਉਂ, ਮੋਗਾ ਆਦਿ ਸ਼ਹਿਰਾਂ ਵਿੱਚ ਵੀ ਸਾਹਮਣੇ ਆਏ ਹਨ। ਇਸ ਤਰੀਕੇ ਨਾਲ ਹੀ ਖੰਨਾ ਲਾਗੇ ਕਰਫਿਊ ਦਰਮਿਆਨ ਜਾਅਲੀ ਸ਼ਰਾਬ ਦੀ ਫੈਕਟਰੀ ਫੜਨਾ ਜਿਸ ਵਿੱਚ ਬੋਟਲਿੰਗ ਪਲਾਂਟ ਵੀ ਲੱਗਿਆ ਹੋਇਆ ਸੀ, ਗੰਭੀਰ ਚਿੰਤਾ ਦਾ ਵਿਸ਼ਾ ਹੈ।

ਤਾਲਾਬੰਦੀ ਦੇ ਦਰਮਿਆਨ ਜਦੋਂ ਕਿ ਚੱਪੇ ਚੱਪੇ ਤੇ ਪੁਲੀਸ ਖੜੀ ਹੈ, ਪਿੰਡਾਂ ਵਿੱਚ ਵੀ ਲੋਕ ਪਹਿਰੇਦਾਰੀ ਕਰ ਰਹੇ ਹਨ, ਇਸ ਸਭ ਕੁਝ ਦੇ ਬਾਵਜੂਦ ਜੇਕਰ ਸਮਾਜ ਦੋਖੀ ਅਜਿਹੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ, ਫਿਰ ਭਲਾ ਤਾਲਾਬੰਦੀ ਉਪਰੰਤ ਜੋ ਸਥਿਤੀ ਹੋਵੇਗੀ, ਉਸਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ।

ਮਨੋਵਿਗਿਆਨੀਆਂ ਅਤੇ ਸਮਾਜ ਚਿੰਤਕਾਂ ਨੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਦੋ ਤਰਾਂ ਦੇ ਸੁਝਾਅ ਦਿੱਤੇ ਹਨ:

ੳ) ਪੂਰਨ ਤੌਰ ਉੱਤੇ ਸਖ਼ਤੀ ਅਤੇ ਸਪਲਾਈ ਲਾਈਨ ਕੱਟੀ ਜਾਵੇ। ਪਰ ਇਹ ਹੱਲ ਸਥਾਈ ਨਹੀਂ ਹੈ। ਸਖ਼ਤੀ ਵਿੱਚ ਥੋੜੀ ਜਿਹੀ ਢਿੱਲ ਨਾਲ ਹੀ ਮੰਗ ਅਤੇ ਸਪਲਾਈ ਲਾਈਨ ਵਿੱਚ ਵਾਧਾ ਹੋ ਜਾਵੇਗਾ।

ਅ) ਨਸ਼ੱਈਆਂ ਨੂੰ ਜ਼ਿੰਦਗੀ ਦਾ ਖਲਨਾਇਕ ਨਹੀਂ, ਪੀੜਤ ਸਮਝਕੇ ਉਨਾਂ ਦਾ ਇਲਾਜ ਕੀਤਾ ਜਾਵੇ।

ਨਸ਼ੇ ਦੇ ਤਸਕਰਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ। ਜਿਹੜੇ ਫਿਰ ਵੀ ਬਾਜ਼ ਨਹੀਂ ਆਉਂਦੇ ਉਨਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣ ਅਤੇ ਕਾਨੂੰਨ ਅਨੁਸਾਰ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਵੇ। ਦਰਅਸਲ ਸਮਾਜ ਉਨਾਂ ਦੀ ਚਿੰਤਾ ਨਹੀਂ ਕਰਦਾ ਜਿਹੜੇ ਜੇਲਾਂ ਵਿੱਚ ਹਨ, ਸਗੋਂ ਉਨਾਂ ਦੀ ਚਿੰਤਾ ਕਰਦਾ ਹੈ ਜਿਹੜੇ ਹੋਣੇ ਜੇਲਾਂ ਵਿੱਚ ਚਾਹੀਦੇ ਹਨ ਪਰ ‘ਸਮਾਜ ਸੇਵਕ’ ਜਾਂ ਫਿਰ ‘ਸਿਆਸੀ ਆਗੂ’ ਦਾ ਮੁਖੌਟਾ ਲਾ ਕੇ ਦਨਦਨਾਉਂਦੇ ਫਿਰਦੇ ਹਨ। ਅਸਲ ਵਿੱਚ ਨਸ਼ਿਆਂ ਤੋਂ ਆਜ਼ਾਦੀ ਪ੍ਰਾਪਤ ਕਰਨ ਨਾਲ ਹੀ ਭੁੱਖਮਰੀ ਤੋਂ ਆਜ਼ਾਦੀ, ਤਸਕਰੀ ਤੋਂ ਆਜ਼ਾਦੀ, ਪਰਿਵਾਰ ਦੀ ਤਬਾਹੀ ਤੋਂ ਆਜ਼ਾਦੀ, ਬਿਮਾਰੀਆਂ ਤੋਂ ਆਜ਼ਾਦੀ ਅਤੇ ‘ਜਿਤੁ ਪੀਤੈ ਮਤਿ ਦੂਰ ਹੋਇ।।’ ਤੋਂ ਆਜ਼ਾਦੀ ਪ੍ਰਾਪਤ ਹੋਵੇਗੀ।

ਪਰ ਜੇਕਰ ਅਜਿਹਾ ਸੰਭਵ ਨਾ ਹੋਇਆ ਅਤੇ ਚਿਹਰੇ ਉੱਤੇ ਪਈ ਧੂੜ ਨੂੰ ਸਾਫ ਕਰਨ ਦੀ ਥਾਂ ਸੀਸ਼ਾ ਸਾਫ ਕਰਦੇ ਰਹੇ, ਸਿਰ ਉੱਤੇ ਲੱਗੀ ਸੱਟ ਦੇ ਇਲਾਜ ਦੀ ਥਾਂ ਪੈਰ ਉੱਤੇ ਮਰਮ ਪੱਟੀ ਕਰਦੇ ਰਹੇ ਤਾਂ ਪੰਜਾਬ ਦਾ ਭਵਿੱਖ ਸਾਡੀ ਹੋਣੀ ਉੱਤੇ ਕੀਰਨੇ ਪਾਉਂਦਾ ਰਹੇਗਾ ਅਤੇ ਅਸੀਂ ਬੁਜ਼ਦਿਲਾਂ ਦੀ ਕਤਾਰ ਵਿੱਚ ਸ਼ਾਮਲ ਹੋਵਾਂਗੇ। ਸਿਆਸੀ ਆਗੂ, ਸਮਾਜ ਸੇਵੀ, ਧਾਰਮਿਕ ਆਗੂ, ਅਧਿਆਪਕ, ਬੁੱਧੀਜੀਵੀ ਵਰਗ, ਪੱਤਰਕਾਰ ਭਾਈਚਾਰਾ, ਵੱਖ ਵੱਖ ਜਥੇਬੰਦੀਆਂ ਇਸ ਗੱਲ ‘ਤੇ ਗੰਭੀਰ ਚਿੰਤਨ ਕਰਨ ਕਿ ਹੋਰ ਮਸਲਿਆਂ ਨੂੰ ਲੈ ਕੇ ਧਰਨੇ, ਮੁਜ਼ਾਹਰੇ ਹੁੰਦੇ ਰਹਿੰਦੇ ਹਨ, ਕ੍ਰਿਕਟ ਦਾ ਮੈਚ ਜਿਤਾਉਣ ਲਈ ਅਰਦਾਸਾਂ, ਪਾਠ, ਹਵਨ ਆਦਿ ਕਰਵਾਉਣ ਦੀ ਚਰਚਾ ਵੀ ਸੁਣੀ ਜਾਂਦੀ ਹੈ, ਪਰ ਕੀ ਕਦੇ ਨਸ਼ਿਆਂ ਦੇ ਹੜ ਵਿੱਚ ਰੁੜਦੀ ਜਵਾਨੀ ਨੂੰ ਬਚਾਉਣ ਲਈ ਹਾਅ ਦਾ ਨਾਅਰਾ ਮਾਰਿਆ ਹੈ ? ਜੇਕਰ ਅਜਿਹਾ ਸੰਭਵ ਹੋਇਆ ਫਿਰ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ, ਵਖਤੁ ਵੀਚਾਰੈ ਸੁ ਬੰਦਾ ਹੋਇ॥ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇਗਾ।

## ਡੇਂਗੂ ਦਿਵਸ ਤੇ ਵਿਸ਼ੇਸ਼

# ਡੇਂਗੂ ਬੁਖਾਰ ਦੀ ਰੋਕਥਾਮ ਲਈ ਜਾਣਕਾਰੀ ਅਤੇ ਜਾਗਰੂਕਤਾ ਜ਼ਰੂਰੀ

## ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਦੇ ਤੌਰ ਤੇ ਮਨਾਓ



- ਚਾਨਣ ਦੀਪ ਸਿੰਘ ਔਲਖ

9876888177

ਡੇਂਗੂ ਦਾ ਸੰਚਾਰਿਤ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਦੇਸ਼ ਵਿੱਚ ਡੇਂਗੂ ਦੇ ਕੰਟਰੋਲ , ਬਚਾਅ ਦੇ ਇਲਾਜ ਦੀਆਂ ਤਿਆਰੀਆਂ ਨੂੰ ਤੇਜ਼ ਕਰਨ ਅਤੇ ਡੇਂਗੂ ਬਾਰੇ ਹੋਰ ਜ਼ਿਆਦਾ ਜਾਗਰੂਕਤਾ ਪੈਦਾ ਕਰਨ ਲਈ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਭਾਰਤ ਸਾਰਕਾਰ ਦੀ ਸਿਫ਼ਾਰਸ਼ ਨਾਲ ਹਰ ਸਾਲ 16 ਮਈ ਨੂੰ ਕੌਮੀ ਡੇਂਗੂ ਦਿਵਸ ਮਨਾਇਆ ਜਾਂਦਾ ਹੈ ਤਾਂ ਕਿ ਲੋਕਾਂ ਵਿੱਚ ਡੇਂਗੂ ਪ੍ਰਤੀ ਜਾਗਰੂਕਤਾ ਲਿਆਂਦੀ ਜਾ ਸਕੇ। ਡੇਂਗੂ ਦਾ ਇਲਾਜ ਸਮੇਂ ਸਿਰ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜਾਣਕਾਰੀ ਦੀ ਘਾਟ ਕਾਰਣ ਹਰ ਸਾਲ ਹਜ਼ਾਰਾਂ ਲੋਕ ਡੇਂਗੂ ਬੁਖਾਰ ਦੀ ਲਪੇਟ ਵਿੱਚ ਆ ਜਾਂਦੇ ਹਨ। ਡੇਂਗੂ ਤੋਂ ਪੀੜਤ ਮਰੀਜ਼ਾਂ ਵਿੱਚੋਂ ਇੱਕ ਤੋਂ ਲੈ ਕੇ ਪੰਜ ਫੀਸਦੀ ਦੀ ਇਲਾਜ ਨਾ ਹੋਣ ਕਰਕੇ ਮੌਤ ਹੋ ਜਾਂਦੀ ਹੈ। ਡੇਂਗੂ 110 ਤੋਂ ਜ਼ਿਆਦਾ ਦੇਸ਼ਾਂ ਵਿੱਚ ਜ਼ਿਆਦਾ ਹੁੰਦਾ ਹੈ। ਹਰ ਸਾਲ ਸੰਸਾਰ ਦੇ 50 ਤੋਂ 100 ਮਿਲੀਅਨ ਲੋਕ ਇਸ ਤੋਂ ਪ੍ਰਭਾਵਿਤ ਹੋ ਜਾਂਦੇ ਹਨ।

### ਡੇਂਗੂ ਕੀ ਹੈ ?

ਡੇਂਗੂ ਇੱਕ ਵਾਇਰਲ ਬੁਖਾਰ ਹੈ ਡੇਂਗੂ ਬੁਖਾਰ ਫਲੈਵੀਵਾਇਰਸ ਨਾਂ ਦੇ ਚਾਰ ਅਲੱਗ-ਅਲੱਗ ਡੇਂਗੂ ਵਾਇਰਸਾਂ ਦੇ ਕਾਰਨ ਹੁੰਦਾ ਹੈ । ਡੇਂਗੂ ਏਡੀਜ਼ ਏਜੀਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ । ਏਡੀਜ਼ ਏਜੀਪਟੀ ਮੱਛਰ ਦਿਨ ਦੇ ਸਮੇਂ ਹੀ ਕੱਟਦਾ ਹੈ। ਪਹਿਲਾਂ ਮੱਛਰ ਦੁਆਰਾ ਡੇਂਗੂ ਸੰਕ੍ਰਮਿਤ ਵਿਅਕਤੀ ਨੂੰ ਕੱਟ ਲਿਆ ਜਾਂਦਾ ਹੈ । ਜਦੋਂ ਸੰਕ੍ਰਮਿਤ ਮੱਛਰ ਕਿਸੇ ਦੂਸਰੇ ਤੰਦਰੁਸਤ ਵਿਅਕਤੀ ਨੂੰ ਕੱਟਦਾ ਹੈ ਤਾਂ ਡੇਂਗੂ ਵਾਇਰਸ ਮੱਛਰ ਦੀ ਲਾਰ ਨਾਲ ਉਸ ਵਿਅਕਤੀ ਦੇ ਸਰੀਰ ਵਿੱਚ ਦਾਖਲ ਹੋ ਜਾਂਦਾ ਹੈ। ਇਹ ਵਾਇਰਸ ਵਿਅਕਤੀ ਦੇ ਵਾਈਟ ਬਲੱਡ ਸੈੱਲਜ਼ ਨਾਲ ਜੁੜ ਕੇ ਅੰਦਰ ਚਲਾ ਜਾਂਦਾ ਹੈ। ਜਦੋਂ ਬਲੱਡ ਸੈੱਲਜ਼ ਸਰੀਰ ਵਿੱਚ ਇਧਰ-ਉਧਰ ਜਾਂਦੇ ਹਨ ਤਾਂ ਵਾਇਰਸ ਆਪਣੇ 'ਅੰਸ਼' ਪੈਦਾ ਕਰਦਾ ਹੈ। ਜਿਸ ਕਾਰਨ ਡੇਂਗੂ ਰੋਗ ਹੋ ਜਾਂਦਾ ਹੈ ਅਤੇ ਵਿਅਕਤੀ ਬੁਖਾਰ, ਫਲੂ ਵਰਗੇ ਲੱਛਣਾਂ ਅਤੇ ਗੰਭੀਰ ਦਰਦ ਤੋਂ ਪੀੜਤ ਹੋ ਜਾਂਦਾ ਹੈ। ਮੱਛਰ ਦੁਆਰਾ ਕੱਟਣ ਦੇ ਲਗਭਗ 3-14 ਦਿਨਾਂ ਅੰਦਰ ਹੀ ਵਿਅਕਤੀ ਵਿੱਚ ਲੱਛਣ ਵਿਕਸਿਤ ਹੋਣ ਲੱਗ ਪੈਂਦੇ ਹਨ। ਜੇ ਕਿਸੇ ਵਿਅਕਤੀ ਨੂੰ ਗੰਭੀਰ ਇਨਫੈਕਸ਼ਨ ਹੈ ਤਾਂ ਵਾਇਰਸ ਉਸ ਦੇ ਸਰੀਰ ਅੰਦਰ ਹੋਰ ਜ਼ਿਆਦਾ ਤੇਜ਼ੀ ਨਾਲ ਵਧਦਾ ਹੈ ।ਕਿਉਂਕਿ ਵਾਇਰਸ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ, ਇਸ ਲਈ ਇਹ ਕਈ ਅੰਗਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਡੇਂਗੂ ਬੁਖਾਰ ਬੱਚਿਆਂ ਵਿੱਚ ਜ਼ਿਆਦਾ ਹੁੰਦਾ ਹੈ। ਖ਼ਾਸ ਕਰਕੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਇਹ ਜ਼ਿਆਦਾ ਪਾਇਆ ਜਾਂਦਾ ਹੈ। ਇਸ ਬੁਖਾਰ ਵਿੱਚ ਹੱਡੀਆਂ ਦੇ ਟੁੱਟਣ ਜਿਹੀ ਪੀੜ ਹੁੰਦੀ ਹੈ। ਇਸ ਲਈ ਇਸ ਨੂੰ ਹੱਡੀ ਤੋੜ ਬੁਖਾਰ ਵੀ ਕਿਹਾ ਜਾਂਦਾ ਹੈ।

### ਡੇਂਗੂ ਦੇ ਲੱਛਣ :

ਡੇਂਗੂ ਬੁਖਾਰ ਦੇ ਮੁੱਖ ਲੱਛਣ ਤੇਜ ਬੁਖਾਰ, ਸਿਰਦਰਦ, ਚਮੜੀ 'ਤੇ ਚੇਚਕ ਵਰਗੇ ਲਾਲ ਧੱਬੇ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਆਦਿ ਹਨ। ਮਰੀਜ਼ ਦੇ ਮੂੰਹ, ਗਲੇ ਜਾਂ ਛਾਤੀ ਉੱਤੇ ਲਾਲ ਰੰਗ ਦੇ ਦਾਣੇ ਦਿਖਾਈ ਦਿੰਦੇ ਹਨ। ਇੱਕ-ਦੋ ਦਿਨ ਬਾਅਦ ਦਾਣੇ ਮਿਟ ਜਾਂਦੇ ਹਨ। ਤੀਜੇ ਜਾਂ ਚੌਥੇ ਦਿਨ ਜਦੋਂ ਬੁਖਾਰ ਦੁਬਾਰਾ ਚੜਦਾ ਹੈ ਤਾਂ ਇਹ ਦਾਣੇ ਉੱਪਰੋਕਤ ਅੰਗਾਂ ਦੇ ਨਾਲ-ਨਾਲ ਹੱਥਾਂ ਅਤੇ ਪੈਰਾਂ ਦੀਆਂ ਤਲੀਆਂ 'ਤੇ ਵੀ ਨਿਕਲ ਆਉਂਦੇ ਹਨ। ਕੁਝ ਲੋਕਾਂ ਨੂੰ ਡੇਂਗੂ ਬੁਖਾਰ ਇਕ ਜਾਂ ਦੋ ਅਜਿਹੇ ਰੂਪਾਂ ਵਿੱਚ ਹੋ ਸਕਦਾ ਹੈ, ਜੋ ਜਾਨ ਲਈ ਖਤਰਾ ਹੋ ਸਕਦੇ ਹਨ। ਪਹਿਲਾ ਹੈ ਡੇਂਗੂ ਦੇ ਖ਼ੂਨ ਦੇ ਰਿਸਾਅ ਵਾਲਾ ਬੁਖਾਰ, ਜਿਸ ਕਾਰਨ ਖ਼ੂਨ ਦੀਆਂ ਨਾੜੀਆਂ 'ਚੋਂ ਖ਼ੂਨ ਰਿਸਦਾ ਹੈ ਅਤੇ ਬਲੱਡ ਪਲੇਟਲੈੱਟਸ (ਜਿਨਾਂ ਕਾਰਨ ਖ਼ੂਨ ਜੰਮਦਾ ਹੈ) ਦਾ ਪੱਧਰ ਘੱਟ ਜਾਂਦਾ ਹੈ ਅਤੇ ਦੂਸਰੇ ਰੂਪ ਦਾ ਡੇਂਗੂ ਹੈ ਸ਼ੌਕ ਸਿੰਡਰੋਮ, ਜਿਸ ਨਾਲ ਬਲੱਡ ਪ੍ਰੈਸ਼ਰ ਖਤਰਨਾਕ ਹੱਦ ਤੱਕ ਹੇਠਾਂ ਚਲਾ ਜਾਂਦਾ ਹੈ। ਪਲੇਟਲੈੱਟਸ ਨਾ ਬਣਨ ਕਰਕੇ ਵਿਅਕਤੀ ਨੂੰ ਖ਼ੂਨ ਰਿਸਣ ਦੀ ਸਮੱਸਿਆ ਹੋਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ। ਖ਼ੂਨ ਰਿਸਣਾ ਡੇਂਗੂ ਕਾਰਨ ਪੈਦਾ ਹੋਣ ਵਾਲੀ ਮੁੱਖ ਸਮੱਸਿਆ ਹੈ। ਮਰੀਜ਼ ਦਾ ਜਿਗਰ ਅਤੇ ਤਿੱਲੀ ਵਧ ਜਾਂਦੇ ਹਨ।

**ਰੋਕਥਾਮ ਅਤੇ ਨਿਯੰਤਰਣ:**

ਡੇਂਗੂ ਵਾਇਰਸ ਤੋਂ ਬਚਾਉਣ ਲਈ ਕੋਈ ਵੈਕਸੀਨ ਮੁਹੱਈਆ ਨਹੀਂ ਹੈ। ਵਿਗਿਆਨੀ ਡੇਂਗੂ ਬੁਖਾਰ ਦੇ ਹਮਲੇ ਦਾ ਇਲਾਜ ਕਰਨ ਲਈ ਵਾਇਰਸ ਵਿਰੋਧੀ ਦਵਾਈਆਂ ਬਣਾਉਣ ਅਤੇ ਲੋਕਾਂ ਨੂੰ ਗੰਭੀਰ ਸਮੱਸਿਆਵਾਂ ਤੋਂ ਬਚਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੇ ਹਨ । ਉਹ ਇਸ ਗੱਲ ਉੱਤੇ ਤੇ ਵੀ ਧਿਆਨ ਦੇ ਰਹੇ ਹਨ ਕਿ ਵਾਇਰਸ ਦੀ ਪ੍ਰੋਟੀਨ ਰਚਨਾ ਕਿਹੋ ਜਿਹੀ ਹੈ। ਇਸ ਨਾਲ ਡੇਂਗੂ ਵਿਰੁੱਧ ਦਵਾਈਆਂ ਬਣਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ। ਡੇਂਗੂ ਤੋਂ ਬਚਾਅ ਦਾ ਸਭ ਤੋਂ ਅਸਰਦਾਰ ਤਰੀਕਾ ਮੱਛਰਾਂ ਦੀ ਗਿਣਤੀ ਵਧਣ ਉੱਤੇ ਕਾਬੂ ਪਾਉਣਾ ਹੈ। ਇਸ ਦੇ ਲਈ ਜਾਂ ਤਾਂ ਮੱਛਰਾਂ ਦੇ ਲਾਰਵੇ ਉੱਤੇ ਜਾਂ ਬਾਲਗ ਮੱਛਰਾਂ ਦੀ ਆਬਾਦੀ ਉੱਤੇ ਕੰਟਰੋਲ ਕਰਨਾ ਪੈਂਦਾ ਹੈ । ਏਡੀਜ਼ ਮੱਛਰ ਟਾਇਰਾਂ, ਬੋਤਲਾਂ, ਕੂਲਰਾਂ, ਗੁਲਦਸਤਿਆਂ ਆਦਿ ਵਿੱਚ ਖੜੇ ਪਾਣੀ ਵਿੱਚ ਫੈਲਦੇ ਹਨ, ਇਸ ਲਈ ਇਨਾਂ ਨੂੰ ਅਕਸਰ ਖਾਲੀ ਕਰਦੇ ਰਹਿਣਾ ਚਾਹੀਦਾ ਹੈ ਤਾਂ ਹੀ ਮੱਛਰਾਂ ਦਾ ਲਾਰਵਾ ਕੰਟਰੋਲ ਹੋਵੇਗਾ। ਇਸ ਤੋਂ ਇਲਾਵਾ ਬਾਲਗ ਮੱਛਰਾਂ ਨੂੰ ਕਾਬੂ ਕਰਨ ਲਈ ਕੀੜੇਮਾਰ ਧੂੰਆਂ ਕਿਸੇ ਹੱਦ ਤਕ ਅਸਰਦਾਰ ਸਿੱਧ ਹੋ ਸਕਦਾ ਹੈ।

ਭਾਰਤ ਵਿਚ ਡੇਂਗੂ ਦੀ ਨਿਗਰਾਨੀ ਅਤੇ ਰੋਕਥਾਮ ਲਈ ਨੈਸ਼ਨਲ ਵੈਕਟਰ ਬੋਰਨ ਡਜੀਜ਼ ਕੰਟਰੋਲ ਪ੍ਰੋਗਰਾਮ ਕਰਦਾ ਹੈ ? ਦੇਸ਼ ਵਿਚ ਇਨਟੈਗਰੇਟਿਡ ਬਿਮਾਰੀ ਸਰਵੇਲੈਂਜ ਪ੍ਰੋਗਰਾਮ, ਡੇਂਗੂ ਦੀ ਬਿਮਾਰੀ ਦੀ ਨਿਗਰਾਨੀ ਅਤੇ ਫੈਲਾਅ ਖੋਜ/ਜਾਂਚ ਵਿਚ ਮਦਦ ਕਰਦਾ ਹੈ। ਭਾਰਤ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਡੇਂਗੂ ਦੇ ਮਾਮਲਿਆਂ ਦੀ ਸੂਚਨਾ ਜ਼ਰੂਰੀ ਬਣਾ ਦਿੱਤੀ ਹੈ। ਸੰਚਾਰਤ ਸੀਜ਼ਨ ਦੌਰਾਨ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ, ਪ੍ਰਾਈਵੇਟ ਹਸਪਤਾਲਾਂ ਅਤੇ ਕਲਿਨਿਕਾਂ ਨੂੰ ਸਬੰਧਤ ਜ਼ਿਲਿਆਂ ਦੇ ਜ਼ਿਲਾ ਸਿਹਤ ਅਧਿਕਾਰੀਆਂ ਦੇ ਦਫ਼ਤਰ ਵਿਚ ਹਰ ਹਫ਼ਤੇ ਜਾਂ ਰੋਜ਼ਾਨਾ ਪੱਧਰ 'ਤੇ ਆਪਣੇ ਸਿਹਤ ਸੰਸਥਾਨ 'ਤੇ ਅਨੁਮਾਨਿਤ ਡੇਂਗੂ ਮਾਮਲਿਆਂ ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ ?

### ਵਰਤਣਯੋਗ ਸਾਵਧਾਨੀਆਂ :

×ਡੇਂਗੂ ਬੁਖਾਰ ਦਾ ਸ਼ੱਕ ਪੈ ਜਾਣ ਦੀ ਸੂਰਤ ਵਿੱਚ ਕਿਸੇ ਚੰਗੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

×ਇਲਾਜ ਪੱਖੋਂ ਇਸ ਬਿਮਾਰੀ ਵਿੱਚ ਜ਼ਿਆਦਾ ਅਰਾਮ ਕਰਨਾ ਅਤੇ ਦਵਾਈਆਂ ਦਾ ਜ਼ਿਆਦਾ ਇਸਤੇਮਾਲ ਨਾ ਕਰਨਾ ਹੀ ਫਾਇਦੇਮੰਦ ਹੁੰਦਾ ਹੈ।

×ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ।

×ਦੁੱਧ, ਫਲ, ਹਰੀਆਂ ਸਬਜ਼ੀਆਂ, ਜੂਸ ਆਦਿ ਦਾ ਸੇਵਨ ਵੱਧ ਮਾਤਰਾ ਵਿੱਚ ਕਰਨਾ ਚਾਹੀਦਾ ਹੈ।

×ਕੂਲਰਾਂ, ਗਮਲਿਆਂ ਆਦਿ ਵਿੱਚ ਖੜੇ ਗੰਦੇ ਪਾਣੀ ਨੂੰ ਡੋਲ ਦੇਣਾ ਚਾਹੀਦਾ ਹੈ।

×ਤਰਲ ਪਦਾਰਥ ਜ਼ਿਆਦਾ ਪੀਣੇ ਚਾਹੀਦੇ ਹਨ।

ਡੇਂਗੂ ਦੇ ਰੋਗੀ ਨੂੰ ਭੁੱਖ ਘੱਟ ਲੱਗਦੀ ਹੈ ਤੇ ਇਸ ਰੋਗ 'ਚ ਪਾਚਨ ਸ਼ਕਤੀ ਵੀ ਕਮਜ਼ੋਰ ਹੋ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਰੋਗੀ ਨੂੰ ਸੰਤੁਲਿਤ ਭੋਜਨ ਦਿੱਤਾ ਜਾਵੇ ਅਤੇ ਭੋਜਨ ਅਜਿਹਾ ਹੋਣਾ ਚਾਹੀਦਾ ਹੈ ਕਿ ਆਸਾਨੀ ਨਾਲ ਹਜ਼ਮ ਹੋ ਸਕੇ। ਪਲੇਟਲੈੱਟਸ ਦੀ ਗਿਣਤੀ ਘਟਣ ਨਾਲ ਰੋਗੀ ਨੂੰ ਬਦਹਜ਼ਮੀ ਦੀ ਸਮੱਸਿਆ ਹੋ ਸਕਦੀ ਹੈ, ਇਸ ਲਈ ਰੋਗੀ ਨੂੰ ਤਿੱਖਾ, ਤਲਿਆ ਤੇ ਮਸਾਲੇਦਾਰ ਭੋਜਨ ਬਿਲਕੁਲ ਨਹੀਂ ਦੇਣਾ ਚਾਹੀਦਾ।

ਇਸ ਤੋਂ ਇਲਾਵਾ ਡੇਂਗੂ ਦੀ ਰੋਕਥਾਮ ਲਈ ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀਆਂ ਜਾਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ । ਸਰੀਰ ਨੂੰ ਮੱਛਰ ਦੇ ਕੱਟਣ ਤੋਂ ਬਚਾਉਣ ਲਈ ਪੂਰੇ ਕਪੜੇ ਪਹਿਨਣੇ ਚਾਹੀਦੇ ਹਨ। ਵਿਸ਼ੇਸ਼ ਰੂਪ ਵਿਚ ਜਦੋਂ ਤੁਸੀਂ ਡੇਂਗੂ ਪ੍ਰਭਾਵਿਤ ਖੇਤਰ ਵੱਲ ਜਾਂਦੇ ਹੋ ਤਾਂ ਸਰੀਰ ਦੇ ਹਿੱਸਿਆਂ ਨੂੰ ਢੱਕ ਕੇ ਰੱਖੋ। ਪਾਣੀ ਨੂੰ ਇੱਕ ਜਗਾਹ ਇਕੱਠਾ ਖੜਾ ਨਾ ਹੋਣ ਦੇਵੋ । ਆਮ ਤੌਰ 'ਤੇ ਮੱਛਰਾਂ ਦੇ ਪ੍ਰਜਨਣ ਦਾ ਸਥਾਨ ਪਲਾਸਟਿਕ ਦੇ ਭਾਂਡੇ, ਬਾਲਟੀਆਂ, ਮੋਟਰ-ਗੱਡੀਆਂ ਦੇ ਟਾਇਰ, ਵਾਟਰ ਕੂੱਲਰ, ਪਾਲਤੂ ਜਾਨਵਰਾਂ ਦੇ ਪਾਣੀ ਪੀਣ ਵਾਲੇ ਭਾਂਡੇ ਅਤੇ ਫੁੱਲਦਾਨ ਹਨ। ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਇਨਾਂ ਨੂੰ ਸਾਫ਼ ਕੀਤਾ ਜਾਵੇ। ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਦੇ ਤੌਰ ਤੇ ਮਨਾਇਆ ਜਾਣਾ ਚਾਹੀਦਾ ਹੈ। । ਆਪਣੇ ਆਲੇ-ਦੁਆਲੇ ਧੂੰਆ ਤੇ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰੋ। ਮੱਛਰਾਂ ਦੀ ਗਿਣਤੀ ਨੂੰ ਘੱਟ ਕਰਨ ਲਈ ਮੱਛਰਾਂ ਦੇ ਆਂਡਿਆਂ ਅਤੇ ਲਾਰਵਾ ਨੂੰ ਖ਼ਤਮ ਕਰਨਾ ਚਾਹੀਦਾ ਹੈ । ਘਰਾਂ ਦੀਆਂ ਖਿੜਕੀਆਂ ਅਤੇ ਦਰਵਾਜਿਆਂ 'ਤੇ ਜਾਲੀ ਲੱਗਵਾਉਣੀ ਚਾਹੀਦੀ ਹੈ । ਇਸ ਤੋਂ ਇਲਾਵਾ ਬਾਲਗ ਮੱਛਰਾਂ ਨੂੰ ਕਾਬੂ ਕਰਨ ਲਈ ਕੀੜੇਮਾਰ ਧੂੰਆਂ ਕਾਫੀ ਹੱਦ ਤਕ ਅਸਰਦਾਰ ਸਾਬਿਤ ਹੁੰਦਾ ਹੈ।

ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਕੌਮੀ ਡੇਂਗੂ ਦਿਵਸ ਉੱਤੇ ਡੇਂਗੂ ਬੁਖਾਰ ਬਾਰੇ ਜਾਣਕਾਰੀ ਲੈ ਕੇ ਖੁਦ ਜਾਗਰੂਕ ਹੋਣ ਅਤੇ ਇਸ ਬਿਮਾਰੀ ਨਾਲ ਲੜਣ ਲਈ ਸਿਹਤ ਵਿਭਾਗ ਦੇ ਨਿਰਦੇਸ਼ਾਂ ਦੀ ਪਾਲਣਾ ਕਰਕੇ ਡੇਂਗੂ ਬੁਖਾਰ ਦੀ ਰੋਕਥਾਮ ਵਿੱਚ ਪੂਰਨ ਸਹਿਯੋਗ ਕਰਨ। ਤਾਂ ਕਿ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਇਸ ਨਾਮੁਰਾਦ ਬੀਮਾਰੀ ਨਾਲ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ।

# ਬੱਚਿਓ ਧਿਆਨ ਦੇਣਾ

- ਮਾਸਟਰ ਸੰਜੀਵ ਧਰਮਾਣੀ

ਪਿਆਰੇ ਬੱਚਿਓ !

ਸਤ ਸ਼੍ਰੀ ਅਕਾਲ , ਰਾਮ - ਰਾਮ , ਗੁੱਡ ਮਾਰਨਿੰਗ , ਨਮਸਤੇ , ਸਲਾਮ

ਸਭ ਤੋਂ ਪਹਿਲਾਂ ਮੈਂ ਆਪਣੇ ਸਤਿਕਾਰਯੋਗ ਪਾਠਕਾਂ ਅਤੇ ਬਹੁਤ ਹੀ ਪਿਆਰੇ - ਪਿਆਰੇ ਬੱਚਿਆਂ ਨੂੰ ਜੋ ਕਿ ਮੇਰੀਆਂ ਰਚਨਾਵਾਂ ਪੜ ਕੇ ਫੋਨ ਕਰਕੇ ਮੇਰੇ ਬਾਰੇ ਪੁੱਛਦੇ ਹਨ , ਉਨਾਂ ਨੂੰ ਆਪਣੇ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਮੈਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਹੇਠਲਾ , ਨਜ਼ਦੀਕ ਸ੍ਰੀ ਅਨੰਦਪੁਰ ਸਾਹਿਬ , ਜ਼ਿਲਾ ਰੂਪਨਗਰ ਵਿਖੇ ਪੜਾਉਂਦਾ ਹਾਂ ਅਤੇ ਮੈਂ ਸੱਧੇਵਾਲ ਪਿੰਡ ਦਾ ਵਸਨੀਕ ਹਾਂ। ਪਿਆਰੇ ਬੱਚਿਓ ! ਅੱਜ ਤੁਹਾਨੂੰ ਇੱਕ ਅਤਿ ਜ਼ਰੂਰੀ ਅਤੇ ਮਹੱਤਵ ਰੱਖਣ ਵਾਲੀ ਸਿੱਖਿਆ ਦੇਣ ਜਾ ਰਿਹਾ ਹਾਂ । ਬੱਚਿਓ ! ਸਾਡੀ ਜ਼ਿੰਦਗੀ ਦੇ ਵਿੱਚ ਸਾਡੇ ਮਾਤਾ - ਪਿਤਾ ਅਤੇ ਸਾਡੇ ਅਧਿਆਪਕ ਜੀ ਸਾਡੇ ਸਭ ਤੋਂ ਵੱਡੇ ਹਿਤੈਸ਼ੀ ਅਤੇ ਸੱਚੇ ਸਾਥੀ ਹੁੰਦੇ ਹਨ । ਬੱਚਿਓ ! ਜਿਹੜਾ ਬੱਚਾ ਆਪਣੇ ਮਾਤਾ - ਪਿਤਾ ਜੀ ਅਤੇ ਆਪਣੇ ਅਧਿਆਪਕਾਂ ਦਾ ਜੀਵਨ ਭਰ ਸਤਿਕਾਰ ਕਰਦਾ ਹੈ , ਉਨਾਂ ਦੀ ਦੱਸੀ ਗੱਲ ਨੂੰ ਧਿਆਨ ਨਾਲ ਸੁਣਦਾ ਹੈ ਅਤੇ ਉਸ ਉੱਤੇ ਅਮਲ ਵੀ ਕਰਦਾ ਹੈ , ਅਜਿਹਾ ਬੱਚਾ ਜਾਂ ਵਿਅਕਤੀ ਜੀਵਨ ਵਿੱਚ ਹਮੇਸ਼ਾ ਕਾਮਯਾਬੀ ਪ੍ਰਾਪਤ ਕਰਦਾ ਹੈ , ਉੱਚੀਆਂ ਮੰਜ਼ਿਲਾਂ ਸਰ ਕਰ ਲੈਂਦਾ ਹੈ ਅਤੇ ਅਜਿਹੇ ਬੱਚੇ ਨੂੰ ਆਪਣੇ ਜੀਵਨ ਵਿੱਚ ਅਨਮੋਲ ਗਿਆਨ , ਖ਼ੁਸ਼ੀ , ਕਾਮਯਾਬੀ , ਆਨੰਦ ਤੇ ਸਕੂਨ ਮਿਲਦਾ ਹੈ । ਮਾਤਾ - ਪਿਤਾ ਅਤੇ ਅਧਿਆਪਕਾਂ ਦਾ ਕਹਿਣਾ ਮੰਨਣ ਵਾਲਾ ਵਿਅਕਤੀ ਜੀਵਨ ਵਿੱਚ ਦੁੱਖਾਂ , ਮੁਸੀਬਤਾਂ, ਕਸ਼ਟਾਂ, ਸਮੱਸਿਆਵਾਂ, ਪ੍ਰੇਸ਼ਾਨੀਆਂ , ਚਿੰਤਾਵਾਂ, ਡਰ - ਭੈਅ ਅਤੇ ਅਨੇਕਾਂ ਪ੍ਰਕਾਰ ਦੀਆਂ ਔਕੜਾਂ ਤੋਂ ਬਚਿਆ ਰਹਿੰਦਾ ਹੈ ; ਕਿਉਂਕਿ ਤੁਹਾਡੀ ਖ਼ੁਸ਼ੀ, ਤੁਹਾਡੀ ਕਾਮਯਾਬੀ ਤੇ ਤੁਹਾਡੀ ਤੰਦਰੁਸਤੀ ਵਿੱਚ ਹੀ ਤੁਹਾਡੇ ਮਾਤਾ - ਪਿਤਾ ਤੇ ਤੁਹਾਡੇ ਅਧਿਆਪਕਾਂ ਨੂੰ ਸੱਚੀ - ਸੁੱਚੀ ਖ਼ੁਸ਼ੀ ਮਿਲਦੀ ਹੈ । ਮਾਤਾ - ਪਿਤਾ ਤੇ ਅਧਿਆਪਕ ਸਾਡੇ ਅਜਿਹੇ ਸੱਚੇ - ਸੁੱਚੇ ਤੇ ਪਾਕਿ - ਪਵਿੱਤਰ ਰਿਸ਼ਤੇ ਹੁੰਦੇ ਹਨ , ਜੋ ਹਰ ਸਮੇਂ , ਹਰ ਥਾਂ ਅਤੇ ਹਰ ਕਿਸੇ ਪਾਸੋਂ ਤੁਹਾਡੀ ਖ਼ੁਸ਼ੀ ਤੇ ਖ਼ੁਸ਼ਹਾਲੀ ਦੀ ਹੀ ਸੱਚੀ ਕਾਮਨਾ ਕਰਦੇ ਹਨ । ਪਿਆਰੇ ਬੱਚਿਓ ! ਅੱਜ ਤੋਂ ਹੀ ਇਹ ਇੱਕ ਸੱਚਾ ਪ੍ਰਣ ਕਰ ਲਓ ਕਿ ਜ਼ਿੰਦਗੀ ਵਿੱਚ ਹਮੇਸ਼ਾ ਆਪਣੇ ਮਾਤਾ - ਪਿਤਾ ਤੇ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨਾ , ਉਨਾਂ ਨੂੰ ਪ੍ਰਣਾਮ ਕਰਨਾ ਅਤੇ ਮਾਤਾ - ਪਿਤਾ ਅਤੇ ਆਪਣੇ ਅਧਿਆਪਕਾਂ ਦੀ ਦੱਸੀ ਸਿੱਖਿਆ ਨੂੰ ਯਾਦ ਰੱਖਣਾ ਤੇ ਉਸ ਉੱਤੇ ਅਮਲ ਜ਼ਰੂਰ ਕਰਨਾ । ਪਿਆਰੇ ਬੱਚਿਓ ! ਇਸ ਛੋਟੀ ਜਿਹੀ ਲੱਗਣ ਵਾਲੀ ਮੇਰੀ ਸਿੱਖਿਆ ਦੀ ਸਾਡੀ ਜ਼ਿੰਦਗੀ ਵਿੱਚ ਕਿੰਨੀ ਮਹੱਤਤਾ ਹੈ , ਇਸ ਗੱਲ ਦਾ ਅਨੁਮਾਨ ਸਾਨੂੰ ਬਹੁਤ ਸਾਲਾਂ ਬਾਅਦ ਵੱਡੇ ਹੋ ਕੇ ਪਤਾ ਲੱਗਦਾ ਹੈ । ਪਿਆਰੇ ਬੱਚਿਓ ! ਤੁਸੀਂ ਅੱਜ ਹੀ ਮੇਰੇ ਨਾਲ ਇਹ ਵਾਅਦਾ ਕਰਨਾ ਹੈ ਕਿ ਤੁਸੀਂ ਹਮੇਸ਼ਾ ਆਪਣੇ ਮਾਤਾ - ਪਿਤਾ ਅਤੇ ਆਪਣੇ ਸਤਿਕਾਰਯੋਗ ਅਧਿਆਪਕਾਂ ਦਾ ਜੀਵਨ ਭਰ ਸਤਿਕਾਰ ਕਰੋਗੇ ਅਤੇ ਉਨਾਂ ਦੀ ਦੱਸੀ ਸਿੱਖਿਆ 'ਤੇ ਜੀਵਨ ਭਰ ਅਮਲ ਕਰੋਗੇ । ਫਿਰ ਤੁਸੀਂ ਦੇਖਣਾ ਕਿ ਅਧਿਆਪਕਾਂ ਅਤੇ ਮਾਤਾ - ਪਿਤਾ ਦੇ ਆਸ਼ੀਰਵਾਦ , ਦੁਆਵਾਂ ਅਤੇ ਭਾਵਨਾਵਾਂ ਨਾਲ ਤੁਸੀਂ ਜ਼ਿੰਦਗੀ ਵਿੱਚ ਹਮੇਸ਼ਾ ਚੜਦੀ ਕਲਾ ਵਿੱਚ ਰਹੋਗੇ ਤੇ ਤੱਤੀ - ਵਾਹ ਵੀ ਤੁਹਾਨੂੰ ਨਹੀਂ ਲੱਗੇਗੀ। ਇਹੋ ਜੀਵਨ ਦੀ ਸਫ਼ਲਤਾ ਦਾ ਭੇਤ ਹੈ ਅਤੇ ਸੁਚੱਜੇ , ਸ਼ਾਂਤ ਤੇ ਸਫਲ ਜੀਵਨ ਦਾ ਅਹਿਮ ਰਾਜ਼ ਹੈ। ਪਿਆਰੇ ਬੱਚਿਓ ! ਭੁੱਲ ਕੇ ਵੀ ਕਦੇ ਆਪਣੇ ਪੂਜਣਯੋਗ ਮਾਤਾ - ਪਿਤਾ ਅਤੇ ਸਤਿਕਾਰਯੋਗ ਅਧਿਆਪਕਾਂ ਦਾ ਦਿਲ ਨਾ ਦੁਖਾਇਓ , ਸਦਾ ਉਨਾਂ ਦੀ ਇੱਜ਼ਤ - ਮਾਣ ਤੇ ਸਤਿਕਾਰ ਕਰਿਓ ; ਕਿਉਂਕਿ ਆਪਣੇ ਮਾਤਾ - ਪਿਤਾ ਅਤੇ ਅਧਿਆਪਕਾਂ ਦੇ ਮਨ ਨੂੰ ਠੇਸ ਪਹੁੰਚਾਉਣ ਵਾਲਾ ਵਿਅਕਤੀ ਜ਼ਿੰਦਗੀ ਵਿੱਚ ਹਮੇਸ਼ਾ ਦੁਖੀ, ਪ੍ਰੇਸ਼ਾਨ , ਉਦਾਸ ਰਹਿੰਦਾ ਹੈ ਤੇ ਦੁੱਖਾਂ ਅਤੇ ਚਿੰਤਾਵਾਂ ਵਿੱਚ ਘਿਰਿਆ ਹੋਇਆ ਰਹਿੰਦਾ ਹੈ ਅਤੇ ਉਸ ਨੂੰ ਸਥਾਈ ਤੌਰ 'ਤੇ ਕਦੇ ਵੀ ਸ਼ਾਂਤੀ, ਸਕੂਨ ਤੇ ਕਾਮਯਾਬੀ ਨਹੀਂ ਮਿਲਦੀ , ਉਸ ਨੂੰ ਜ਼ਿੰਦਗੀ ਵਿੱਚ ਅਸਹਿਣਯੋਗ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਲਈ ਆਪਣੇ ਮਾਤਾ - ਪਿਤਾ ਅਤੇ ਅਧਿਆਪਕ ਸਾਹਿਬਾਨ ਦਾ ਸਤਿਕਾਰ ਜ਼ਰੂਰ ਕਰਨਾ , ਉਨਾਂ ਦਾ ਕਹਿਣਾ ਮੰਨਣਾ ਅਤੇ ਉਨਾਂ ਦਾ ਅਸ਼ੀਰਵਾਦ ਹਮੇਸ਼ਾ ਲੈਂਦੇ ਰਹਿਣਾ ; ਕਿਉਂਕਿ ਜਿਸ ਦੇ ਸਿਰ 'ਤੇ ਮਾਤਾ - ਪਿਤਾ ਅਤੇ ਗੁਰੂਜਨਾਂ (ਅਧਿਆਪਕਾਂ )ਦੀਆਂ ਸੱਚੀਆਂ ਅਤੇ ਪ੍ਰਬਲ ਦੁਆਵਾਂ ਹੋਣ , ਉਸ ਨੂੰ ਦੁੱਖ , ਸੰਕਟ ਤੇ ਤਕਲੀਫਾਂ ਨਹੀਂ ਛੂਹ ਸਕਦੀਆਂ । ਹਰ ਸਮੇਂ , ਹਰ ਥਾਂ ਅਜਿਹੇ ਮਹਾਨ ਵਿਅਕਤੀ ਦੇ ਯਸ਼, ਕੀਰਤੀ, ਸਮਰਿੱਧੀ, ਖ਼ੁਸ਼ੀ , ਖ਼ੁਸ਼ਹਾਲੀ, ਧਨ ਅਤੇ ਉਮਰ ਵਿੱਚ ਵਾਧਾ ਹੁੰਦਾ ਹੈ ਤੇ ਦੁੱਖਾਂ ਦੇ ਝੱਖੜ ਅਜਿਹੇ ਵਿਅਕਤੀ ਤੋਂ ਕੋਹਾਂ ਦੂਰ ਰਹਿੰਦੇ ਹਨ । ਪਰਮਾਤਮਾ ਤੁਹਾਨੂੰ ਹਮੇਸ਼ਾ ਹਮੇਸ਼ਾ ਹਮੇਸ਼ਾ ਤੰਦਰੁਸਤੀ , ਕਾਮਯਾਬੀ , ਤਰੱਕੀ , ਸੁੱਖ - ਸਕੂਨ ਤੇ ਖ਼ੁਸ਼ੀ - ਖ਼ੁਸ਼ਹਾਲੀ ਪ੍ਰਦਾਨ ਕਰੇ !

# ਕੌਮਾਂਤਰੀ ਕਬੱਡੀ ਖਿਡਾਰੀ ਦਾ ਗੋਲ਼ੀਆਂ ਮਾਰ ਕੇ ਕਤਲ ਕਰਨ ਵਾਲਾ ਥਾਣੇਦਾਰ ਸਾਥੀ ਸਣੇ ਗ੍ਰਿ.ਫ਼ਤਾਰ

**ਕਪੂਰਥਲਾ/ਏ.ਟੀ.ਨਿਊਜ਼** : ਕਪੂਰਥਲਾ ਵਿਚ ਬੀਤੀ ਵੀਰਵਾਰ ਰਾਤ ਪੰਜਾਬ ਪੁਲਿਸ ਦੇ ਇੱਕ ਏਐਸਆਈ ਨੇ ਪਿੰਡ ਲਖਨ ਵਿਚ ਠੀਕਰੀ ਪਹਿਰਾ ਦੇ ਰਹੇ ਰਾਸ਼ਟਰੀ ਕਬੱਡੀ ਖਿਡਾਰੀ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਹਮਲੇ ਵਿਚ ਕਬੱਡੀ ਖਿਡਾਰੀ ਦਾ ਸਾਥੀ ਵੀ ਜ਼ਖਮੀ ਹੋ ਗਿਆ। ਪੁਲਿਸ ਨੇ ਆਪਣੇ ਹੀ ਵਿਭਾਗ ਦੇ ਮੁਲਜ਼ਮ ਏਐਸਆਈ ਨੂੰ ਸਾਥੀ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਏਐਸਆਈ ਢਿੱਲਵਾਂ ਪੁਲਿਸ ਥਾਣੇ ਵਿਚ ਤਾਇਨਾਤ ਹੈ। ਜਾਣਕਾਰੀ ਮੁਤਾਬਕ ਪੰਜਾਬ ਵਿਚ ਕਰਫਿਊ ਕਾਰਨ ਜ਼ਿਆਦਾਤਰ ਪਿੰਡਾਂ ਵਿਚ ਠੀਕਰੀ ਪਹਿਰਾ ਲੱਗਿਆ ਹੋਇਆ ਹੈ। ਬੀਤੀ ਰਾਤ ਕਪੂਰਥਲਾ ਦੇ ਪਿੰਡ ਲੱਖਣ ਵਿਚ ਅਰਵਿੰਦਰ ਸਿੰਘ ਆਪਣੇ ਸਾਥੀਆਂ ਨਾਲ ਪਹਿਰਾ ਦੇ ਰਹੇ ਸੀ। ਇਸੇ ਦੌਰਾਨ ਏਐਸਆਈ ਪਰਮਜੀਤ ਸਿੰਘ ਆਪਣੇ ਸਾਥੀ ਮੰਗੂ ਨਾਲ ਉੱਥੇ ਆਇਆ। ਪਰਮਜੀਤ ਸਿੰਘ ਪਿੰਡ ਬਾਹਮੂਵਾਲ ਦਾ ਵਸਨੀਕ ਹੈ, ਜਦਕਿ ਮੰਗੂ ਇਸੇ ਪਿੰਡ ਲਖਨ ਵਿਚ ਰਹਿੰਦਾ ਹੈ।

ਠੀਕਰੀ ਪਹਿਰਾ ਦੇ ਰਹੇ ਨੌਜਵਾਨਾਂ ਨੇ ਏਐਸਆਈ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਹ ਨਾ ਰੁਕਿਆ। ਇਸ ਗੱਲ ’ਤੇ ਨੌਜਵਾਨਾਂ ਅਤੇ ਏਐਸਆਈ ਵਿਚਕਾਰ ਵਿਵਾਦ ਸ਼ੁਰੂ ਹੋ ਗਿਆ। ਏਐਸਆਈ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਅਰਵਿੰਦਰ ਨੂੰ ਗੋਲੀ ਮਾਰ ਦਿੱਤੀ। ਏਐਸਆਈ ਨੇ ਇੱਕ ਹੋਰ ਫ਼ਾਇਰ ਕੀਤਾ, ਜੋ ਅਰਵਿੰਦਰ ਦੇ ਨਾਲ ਮੌਜੂਦ ਉਸ ਦੇ ਸਾਥੀ ਨੂੰ ਲੱਗਿਆ। ਮੌਕੇ ’ਤੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਦੋਹਾਂ ਨੂੰ ਜਲੰਧਰ ਦੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਅਰਵਿੰਦਰ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ, ਜਦਕਿ ਉਸ ਦਾ ਸਾਥੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਕਪੂਰਥਲਾ ਦੇ ਐਸਐਸਪੀ ਸਤਿੰਦਰ ਸਿੰਘ ਅਨੁਸਾਰ ਪੀੜਤ ਤੇ ਮੁਲਾਜ਼ਮ ਆਹਮੋ-ਸਾਹਮਣੇ ਦੇ ਪਿੰਡਾਂ ਦੇ ਰਹਿਣ ਵਾਲੇ ਹਨ। ਜ਼ਖਮੀ ਦਾ ਇਲਾਜ ਜਲੰਧਰ ਵਿਚ ਜਾਰੀ ਹੈ। ਪੁਲਿਸ ਨੇ ਮੁਲਜ਼ਮ ਏਐਸਆਈ ਨੂੰ ਹਿਰਾਸਤ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਪੁਲੀਸ ਮਨੁੱਖੀ ਅਧਿਕਾਰਾਂ ਦਾ ਕਰ ਰਹੀ ਏ ਘਾਣ

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਜੋ ਨਸ਼ਿਆਂ ਦੀ ਹਨੇਰੀ ਚਲ ਰਹੀ ਹੈ, ਉਸ ਨੂੰ ਨਾ ਬਾਦਲ ਦਲ ਕਾਬੂ ਕਰ ਸਕਿਆ ਤੇ ਨਾ ਹੀ ਕੈਪਟਨ ਸਰਕਾਰ। ਇਹ ਦਾਅਵੇ ਝੂਠੇ ਹਨ ਕਿ ਪੰਜਾਬ ਵਿਚ ਨਸ਼ਾ ਸਮੱਗਲਰ ਮੁੱਕ ਚੁੱਕੇ ਹਨ ਤੇ ਨਸ਼ੇ ਖਤਮ ਹੋ ਚੁੱਕੇ ਹਨ। ਅੱਜ ਪੰਜਾਬ ਵਿਚ ਅਨੇਕਾਂ ਨੌਜਵਾਨ ਡਰੱਗ ਰੋਗੀ ਹਨ। ਜਿੰਨਾ ਚਿਰ ਤੱਕ ਭ੍ਰਿਸ਼ਟ ਪੁਲੀਸ ਅਫ਼ਸਰਾਂ, ਸਿਆਸਤਦਾਨਾਂ ਅਤੇ ਡਰੱਗ ਸਮੱਗਲਰਾਂ ਦਾ ਆਪਸੀ ਗੱਠਜੋੜ ਨਹੀਂ ਟੁੱਟਦਾ ਤਾਂ ਇਹ ਉਪਰੋਕਤ ਘਟਨਾ ਵਾਪਰਦੀਆਂ ਰਹਿਣਗੀਆਂ। ਇਕ ਸਰਵੇਖਣ ਅਨੁਸਾਰ ਇਹ ਗੱਲ ਸਪਸ਼ਟ ਹੋਈ ਹੈ ਕਿ ਨਸ਼ੇ ਦੇ ਤਸਕਰ ਨਸ਼ੇ ਦੀ ਵਿਕਰੀ ਵਿਚ ਵਾਧਾ ਕਰਨ ਲਈ ਚਿੱਟੇ ਵਿਚ ਖ਼ਤਰਨਾਕ ਰਸਾਇਣ ਦੀ ਵਰਤੋਂ ਕਰ ਰਹੇ ਹਨ। ਇਸ ਵਿਚ ਬੈਟਰੀਆਂ ਵਿਚੋਂ ਨਿਕਲਣ ਵਾਲਾ ਚਿੱਟਾ ਪਾਊਡਰ, ਬਰਾਊਨ ਸ਼ੂਗਰ ਅਤੇ ਹਾਥੀ ਨੂੰ ਬੇਹੋਸ਼ ਕਰਨ ਵਾਲੇ ਇਕ ਫੈਨਾਈਟ ਇੰਜੈਕਸ਼ਨ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਸਰੀਰ ਲਈ ਬਹੁਤ ਜਾਨਲੇਵਾ ਹੈ। ਗੁਰਦਾਸਪੁਰ ‘ਚ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਨੇ ਇਕ ਅਧਿਐਨ ਦੌਰਾਨ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਫੈਨਾਈਟ ਸਿਟਰੇਟ ਇਕ ਅਜਿਹਾ ਇੰਜੈਕਸ਼ਨ ਹੈ ਜਿਸ ਦੀ ਵਰਤੋਂ ਡਾਕਟਰਾਂ ਦੁਆਰਾ ਕੈਂਸਰ ਜਾ ਲੰਮੀ ਸਰਜਰੀ ਦੌਰਾਨ ਮਰੀਜ਼ ਦੇ ਦਰਦ ਨੂੰ ਘੱਟ ਕਰਨ ਲਈ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਪੂਰੇ ਭਾਰਤ ਵਿਚ ਸਭ ਤੋਂ ਜ਼ਿਆਦਾ ਨਸ਼ਾ ਤਸਕਰ ਪੰਜਾਬ ਵਿਚ ਹਨ।

ਰਿਪੋਰਟ ਅਨੁਸਾਰ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਵਿਚੋਂ 46,909 ਨਸ਼ਾ ਤਸਕਰ ਗ੍ਰਿਫਤਾਰ ਹੋਏ ਹਨ। ਨਸ਼ਾ ਤਸਕਰਾਂ ਦੀਆਂ ਗ੍ਰਿਫਤਾਰੀਆਂ ਸਾਲ 2015 ਤੋਂ 2018 ਵਿਚ ਹੋਈਆਂ ਹਨ। ਰਿਪੋਰਟ ਅਨੁਸਾਰ 20 18 ਵਿਚ ਨਸ਼ਾ ਤਸਕਰਾਂ ਕੋਲੋਂ 21199 ਕਿਲੋ ਗਾਂਜਾ, 127 ਕਿਲੋ ਹਸ਼ੀਸ਼, 481 ਕਿਲੋ ਹੈਰੋਇਨ, 57,400 ਕਿਲੋ ਚੂਰਾ ਪੋਸਤ ਅਤੇ 83 ਲੱਖ ਦੇ ਕਰੀਬ ਨਸ਼ੇ ਦੇ ਕੈਪਸੂਲ ਫੜੇ ਗਏ। ਇਸੇ ਤਰਾਂ ਸਾਲ 2017 ਵਿਚੋਂ ਨਸ਼ਾ ਤਸਕਰਾਂ ਕੋਲੋਂ 1871 ਕਿਲੋ ਗਾਂਜਾ, 406 ਕਿਲੋ ਹੈਰੋਇਨ, 129 ਕਿਲੋ ਹਸੀਸ, 505 ਕਿਲੋ ਅਫੀਮ, 41,746 ਕਿਲੋ ਭੁਕੀ ਅਤੇ 35 ਲੱਖ ਦੇ ਕਰੀਬ ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਇਹ ਰਿਪੋਰਟ ਪੰਜਾਬ ਸਰਕਾਰ ਦੇ ਉਹਨਾਂ ਦਾਅਵਿਆਂ ਦੀ ਪੋਲ ਖੋਲਦੀ ਹੈ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਨਸ਼ੇ ਦਾ ਲੱਕ ਤੋੜਨ ਦੀ ਗੱਲ ਕਹਿੰਦੇ ਨੇ। ਸਰਹਦ




ਪਾਰ ਪਾਕਿਸਤਾਨ ਵਲੇ ਪਾਸੇ ਤੋਂ ਲਗਾਤਾਰ ਨਸ਼ੇ ਦੀ ਸਪਲਾਈ ਹੋ ਰਹੀ ਹੈ ਅਤੇ ਦੇਸ਼ ਵਿਚ ਡਰੱਗਜ਼ ਸਪਲਾਈ ਲਈ ਪੰਜਾਬ ਟ੍ਰਾਂਜੀਟ ਪੁਆਇੰਟ ਬਣਿਆ ਹੋਇਆ ਹੈ, ਪੂਰੇ ਦੇਸ਼ ਵਿਚ ਨਸ਼ਾ ਸਪਲਾਈ ਲਈ ਪੰਜਾਬ ਬਦਨਾਮ ਹੋ ਰਿਹਾ ਹੈ।

ਸਮੁੱਚੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਪੰਜਾਬ ਪਿਛਲੇ ਕਈ ਦਹਾਕਿਆਂ ਤੋਂ ਮਾਨਵੀ ਹੱਕਾਂ ਤੋਂ ਵਾਂਝਾ ਰਿਹਾ ਹੈ। ਸਿੱਖਾਂ ਨੂੰ ‘ਅੱਤਵਾਦੀ’ ਤੇ ‘ਵੱਖਵਾਦੀ’ ਕਹਿ ਕੇ ਥਾਣਿਆਂ ਵਿੱਚ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਅਜਿਹੇ ਪੁਲਿਸ ਅਤਿਆਚਾਰ ਨੂੰ ਸਾਰੇ ਮੁਲਕ ਸਾਹਮਣੇ ਪੇਸ਼ ਕਰਨ ਲਈ ਮਾਨਵ ਅਧਿਕਾਰ ਸੰਗਠਨਾਂ ਨੇ ਕਈ ਰਿਪੋਰਟਾਂ ਪੇਸ਼ ਕੀਤੀਆਂ, ਜਿਨਾਂ ਵਿਚੋ ‘ਰਿਪੋਰਟ ਟੂ ਨੇਸ਼ਨ-ਅਪਰੇਸ਼ਨ ਪੰਜਾਬ’ ਤੇ ‘ਸਟੇਟ ਟੈਰਰਿਜ਼ਮ ਇਨ ਪੰਜਾਬ’ ਪ੍ਰਮੁੱਖ ਹਨ। ਇਹਨਾਂ ਰਿਪੋਰਟਾਂ ਵਿੱਚ ਪੁਲਸ ਤੇ ਅਰਧ- ਸੈਨਿਕ ਦਲਾਂ ਦੁਆਰਾ ਬੇਕਸੂਰ ਲੋਕਾਂ ਤੇ ਕੀਤੇ ਤਸ਼ੱਦਦ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਦੌਰਾਨ ਅੰਮ੍ਰਿਤਸਰ ਦੇ ਪਾਲ ਇੰਟਰਨੈਸ਼ਨਲ ਹਾਲ ਵਿਚ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਦੀ ਹੋਈ ਨਿਆਂ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ ਵਿਚੋਂ ਇਕ ਮਹੱਤਵਪੂਰਨ ਇਹ ਵੀ ਹੈ ਕਿ ਸੀਬੀਆਈ ਦੁਆਰਾ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ ਰਿਪੋਰਟ ਦੇ ਆਧਾਰ ’ਤੇ ਲਾਸ਼ਾਂ ਨੂੰ ਸਮੂਹਿਕ ਤੌਰ ’ਤੇ ਸਾੜਨ ਦੇ ਦੋਸ਼ ਵਿੱਚ, ਪੰਜਾਬ ਪੁਲਸ ਦੇ ਸਾਬਕਾ ਮੁੱਖੀ ਕੇਪੀ ਗਿੱਲ ਤੇ ਉਸ ਵੇਲੇ ਦੇ ਸਿਆਸੀ ਪ੍ਰਭੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵੱਡੇ ਪੱਧਰ ’ਤੇ ਹੋਏ ਇਸ ਕਤਲੇਆਮ ਬਦਲੇ ਉਹਨਾਂ ਉਪਰ ਨਿਊਰਮਬਰਗ ਟਰਾਇਲ ਵਾਂਗ ਮੁਕੱਦਮੇ ਚਲਾਏ ਜਾਣ, ਜਿਵੇਂ ਇੰਗਲੈਂਡ ਨੇ ਸਾਬਕਾ ਤਾਨਾਸ਼ਾਹ ਜਨਰਲ ਅਗਸਤੋ-ਪਿਨੋਸ਼ੋ ਨੂੰ ਗ੍ਰਿਫ਼ਤਾਰ ਕੀਤਾ, ਉਵੇਂ ਹੀ ਇਹਨਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ, ਪਰ ਅਫਸੋਸ ਕਿ ਗਿੱਲ ਵਰਗਿਆਂ ਮਾਨਵੀ ਹੱਕਾਂ ਦੇ ਅਪਰਾਧੀਆਂ ਨੂੰ ਭਾਰਤੀ ਕਾਨੂੰਨ ਨੇ ਸਜ਼ਾਵਾਂ ਨਾ ਦਿੱਤੀਆਂ, ਬਲਕਿ ਉਹ ਕੁਦਰਤੀ ਮੌਤ ਮਰਿਆ। ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਸਮੇਤ ਖੱਬੇ ਪੱਖੀ ਪਾਰਟੀਆਂ ਨੇ ਵੀ ‘ਕੇਪੀ ਗਿੱਲ’ ਦੀ ਮੌਤ ’ਤੇ ਕਸੀਦੇ ਪੜ੍ਹੇ ਤੇ ਮਨੁੱਖੀ ਹੱਕਾਂ ਦੇ ਸਿਧਾਂਤਾਂ ਨੂੰ ਕਲੰਕਿਤ ਕੀਤਾ। ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਘਾਣ ਪੁਲਿਸ ਵਲੋਂ ਹੀ ਕੀਤਾ ਜਾਂਦਾ ਹੈ। ਇਹੀ ਨਹੀਂ, ਸੀਨੀਅਰ ਪੁਲਿਸ ਅਫ਼ਸਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਮੁਲਾਜ਼ਮ ਤੇ ਅਫ਼ਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿਚ ਉਜਾਗਰ ਕੀਤੇ ਗਏ ਹਨ ਜੋ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੇਸ਼ ਕੀਤੀ ਗਈ ਸੀ। ਆਪਣੀ 19ਵੀਂ ਸਾਲਾਨਾ ਰਿਪੋਰਟ ਮੁਤਾਬਕ ਕਮਿਸ਼ਨ ਨੂੰ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨਾਂ ਵਿਚੋਂ 55 ਫ਼ੀਸਦ ਸ਼ਿਕਾਇਤਾਂ ਹਿਰਾਸਤੀ ਮੌਤਾਂ, ਤਸ਼ੱਦਦ, ਪੁਲਿਸ ਤੇ ਜੇਲ ਅਧਿਕਾਰੀਆਂ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਦੇ ਸੰਗੀਨ ਮਾਮਲੇ ਸ਼ਾਮਲ ਹਨ। ਵਧੀਕੀਆਂ ਨਾਲ ਸਬੰਧਤ 52 ਫੀਸਦ ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲਿਸ ਨਾਲ ਸਬੰਧਿਤ ਹਨ। ਕਮਿਸ਼ਨ ਨੂੰ 28 ਫ਼ੀਸਦ (30 15) ਸ਼ਿਕਾਇਤਾਂ ਮਿਲੀਆਂ ਹਨ ਕਿ ਪੁਲਿਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨਾਂ ਤੋਂ ਇਲਾਵਾ ਪੁਲਿਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲਿਸ ਵਲੋਂ ਝੂਠੇ ਕੇਸਾਂ ਵਿਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ। ਜੇਲ ਅਧਿਕਾਰੀਆਂ ਖਿਲਾਫ਼ ਨਿਆਇਕ ਹਿਰਾਸਤ ਦੌਰਾਨ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ।

ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਰੁਝਾਨ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਵੀ ਉਸ ਵਲੋਂ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਸਬੰਧੀ ਦੋਸ਼ੀ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਖਿਲਾਫ਼ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਆਮ ਦੇਖਣ ਵਿਚ ਆਇਆ ਹੈ ਕਿ ਸੀਨੀਅਰ ਪੁਲਿਸ ਅਧਿਕਾਰੀ ਆਪਣੇ ਮਾਤਹਿਤ ਅਫ਼ਸਰਾਂ ਨੂੰ ਬਚਾਉਣ ਲਈ ਹਰ ਵਾਹ ਲਾਉਂਦੇ ਹਨ। ਲਿਹਾਜਾ ਕਮਿਸ਼ਨ ਨੇ ਕੁਝ ਕੇਸਾਂ ਵਿਚ ਆਪਣੇ ਤਹਿਕੀਕਾਤ ਵਿੰਗ ਰਾਹੀਂ ਅਜ਼ਾਦਾਨਾ ਜਾਂਚ ਕਰਵਾਈ ਹੈ। ਜ਼ਿਆਦਾਤਰ ਕੇਸਾਂ ਵਿਚ ਦੇਖਣ ਨੂੰ ਮਿਲਿਆ ਕਿ ਤਹਿਕੀਕਾਤ ਵਿੰਗ ਵਲੋਂ ਕੀਤੀ ਜਾਂਚ ਅਤੇ ਪੁਲਿਸ ਅਧਿਕਾਰੀਆਂ ਦੀ ਜਾਂਚ ਵਿਚਕਾਰ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ। ਜ਼ਿਲਾਵਾਰ ਲੇਖੇ ਜੋਖੇ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਜ਼ਿਲੇ ਵਿਚ ਅਤੇ ਉਸ ਤੋਂ ਬਾਅਦ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨਤਾਰਨ ਵਿਚ 709 ਅਤੇ ਬਠਿੰਡਾ ਵਿਚ 674 ਸ਼ਿਕਾਇਤਾਂ ਆਈਆਂ ਸਨ। ਇਸ ਦੌਰਾਨ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚਾ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ ਹੈ। ਕਮਿਸ਼ਨ ਆਮ ਤੌਰ ’ਤੇ ਪੁਲਿਸ ਖਿਲਾਫ਼ ਸ਼ਿਕਾਇਤਾਂ ’ਤੇ ਕਾਰਵਾਈ ਲਈ ਪੁਲਿਸ ਨੂੰ ਹੀ ਵਾਪਸ ਭੇਜ ਦਿੰਦਾ ਹੈ ਅਤੇ ਪੁਲਿਸ ਅਫ਼ਸਰ ਸਾਰੇ ਨੇਮ ਛਿੱਕੇ ਟੰਗ ਕੇ ਆਪਣੇ ਸਾਥੀ ਅਫ਼ਸਰਾਂ ਨੂੰ ਬਚਾਉਂਦੇ ਹਨ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ 26 ਜਨਵਰੀ 1950 ਨੂੰ ਲਾਗੂ ਹੋਇਆ ਭਾਰਤੀ ਸੰਵਿਧਾਨ ਬਸਤੀਵਾਦੀ ਬਰਤਾਨਵੀ ਰਾਜ ਦੇ ਕਿੰਨੇ ਹੀ ਜਾਬਰ ਕਾਨੂੰਨਾਂ ਨੂੰ ਨਾਲ ਲੈ ਕੇ ਜੰਮਿਆ। ਇੰਡੀਅਨ ਪੈਨਲ ਕੋਡ, ਕਰਿਮੀਨਲ ਪਰੋਸੀਜ਼ਰ ਕੋਡ, 1861 ਦਾ ਪੁਲੀਸ ਐਕਟ, ਡਿਫੈਂਸ ਆਫ ਇੰਡੀਆ ਰੂਲਜ਼ ਅਤੇ ਕਈ ਇਹਤਿਆਤੀ ਨਜ਼ਰਬੰਦੀ ਕਾਨੂੰਨ ਕਾਇਮ ਰੱਖੇ ਗਏ। ਕਾਲੇ ਕਾਨੂੰਨ ਬਣਾਉਣ ਦੀਆਂ ਸੰਵਿਧਾਨਕ ਸ਼ਕਤੀਆਂ ਨੂੰ ਵਰਤਦਿਆਂ, ਕਿੰਨੇ ਹੀ ਨਵੇਂ ਕਾਨੂੰਨ ਬਣਾਏ ਗਏ। ਪਹਿਲਿਆਂ ਨੂੰ ਸਖਤ ਕੀਤਾ ਗਿਆ ਤੇ ਜਾਬਰ ਰਾਜ ਮਸ਼ੀਨਰੀ ਦੇ ਦੰਦ ਤਿੱਖੇ ਕੀਤੇ ਗਏ। ਪੁਲਸ ਤੇ ਕਾਰਜਕਰਨੀ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਨ ਲਈ ਅੰਨੇ ਅਧਿਕਾਰਾਂ ਨਾਲ ਲੈਸ ਕੀਤਾ ਗਿਆ।

ਪ੍ਰਸ਼ਨ ਇਹ ਹੈ ਕਿ ਅਜਿਹੀ ਸਥਿਤੀ ਕਿੰਨੀ ਦੇਰ ਤਕ ਕਾਇਮ ਰੱਖੀ ਜਾ ਸਕਦੀ ਹੈ? ਅਜਿਹੀ ਅਰਾਜਕਤਾ ਸਮਾਜਿਕ ਅਰਾਜਕਤਾ ਨੂੰ ਜਨਮ ਦੇ ਸਕਦੀ ਹੈ। ਹਾਲਾਤ ਨੇ ਬਦਲਣਾ ਹੈ ਪਰ ਜਿੰਨਾ ਚਿਰ ਇਹ ਲੌਕਡਾਊਨ ਦੀ ਸਥਿਤੀ ਚੱਲਦੀ ਹੈ, ਉਸ ਵਿਚ ਮਨੁੱਖੀ ਅਧਿਕਾਰ ਕਾਇਮ ਰਹਿਣੇ ਚਾਹੀਦੇ ਹਨ। ਅਜਿਹੇ ਵਰਤਾਰੇ ਬਾਰੇ ਡਾ. ਅੰਬੇਦਕਰ ਨੇ ਬੀ.ਬੀ.ਸੀ ਨੂੰ ਇਕ ਵਿਸ਼ੇਸ਼ ਗਲਬਾਤ ਵਿਚ 1953 ਵੇਲੇ ਕਿਹਾ ਸੀ ਕਿ ਸਮਾਜਿਕ ਅਤੇ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਤੋਂ ਬਗੈਰ ਦੇ ਭਾਰਤ ਵਿਚ ਲੋਕਤੰਤਰ ਕੋਈ ਲਾਭ ਨਹੀਂ ਹੋਵੇਗਾ ਕੇਵਲ ਰਾਜਨੀਤਿਕ ਲੋਕਤੰਤਰ ਦੀ ਬਾਹਰੀ ਦਿਖ ਚੋਣਾਂ ਦੁਆਰਾ ਹਾਕਮਾਂ ਦੀ ਸਮੇਂ-ਸਮੇਂ ਤੇ ਤਬਦੀਲੀ ਹੀ ਕਰ ਸਕਦੀ ਹੈ ਜਿਸ ਨਾਲ ਅਸਲ ਲੋਕਤੰਤਰ ਨਹੀਂ ਆ ਸਕਦਾ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਰੁਪਿੰਦਰ ਗਾਂਧੀ, ਵਿੱਕੀ ਗੌਂਡਰ, ਜੈਪਾਲ ਸਿੰਘ ਆਦਿ ਚੰਗੇ ਪਰਿਵਾਰਾਂ ਦੇ ਮਿਹਨਤੀ ਮੁੰਡੇ ਸਨ। ਇਨਾਂ ਵਿਚੋਂ ਕਈ ਵਧੀਆ ਖਿਡਾਰੀ ਵੀ ਸਨ। ਕਈ ਤਾਂ ਵਿਦੇਸ਼ ਜਾਣ ਦੀ ਤਿਆਰੀ ਵਿਚ ਵੀ ਸਨ। ਇਹ ਮੁੰਡੇ ਸਾਡੇ ਪੰਜਾਬ ਵਿਚ ਫੈਲੇ ਨਸ਼ੇ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰੀ ਰਾਜਨੀਤੀ ਦੇ ਪੀੜਤ ਸਨ ਜਿਨਾਂ ਅਪਣੀ ਨਿਰਾਸ਼ ਜ਼ਿੰਦਗੀ ਨੂੰ ਗ਼ਲਤ ਰਸਤੇ ਪਾ ਦਿਤਾ। ਉਨਾਂ ਵਿਚੋਂ ਕਈਆਂ ਦਾ ਨਾਮ ਇਕ ਸਿਆਸੀ ਪਾਰਟੀ ਦੇ ਨੌਜਵਾਨ ਵਿੰਗ ਨਾਲ ਜੋੜਿਆ ਜਾਂਦਾ ਹੈ। ਸਾਰੇ ਦੇ ਸਾਰੇ ਆਪ ਨਸ਼ੇ ਕਰਦੇ ਹਨ। ਇਹ ਮੁੰਡੇ ਸਾਡੇ ਸਮਾਜ ਵਿਚ ਸਿਆਸੀ ਤੇ ਅਫ਼ਸਰਸ਼ਾਹੀ ਦੀ ਅੰਨੀ ਲੁੱਟ ਵਿਚੋਂ ਜਨਮੇ ਹਨ। ਇਹ ਭ੍ਰਿਸ਼ਟਾਚਾਰੀ ਸਿਆਸੀ ਪ੍ਰਬੰਧ ਕੌਣ ਤੋੜੇਗਾ? ਆਖਿਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਤੇ ਨਸ਼ਿਆਂ ਨੂੰ ਨੱਥ ਪਾਉਣ ਲਈ ਲੋਕਾਂ ਨੂੰ ਸਾਹਮਣੇ ਆਉਣਾ ਪਵੇਗਾ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ।।ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।।

## ਅਮਰੀਕਾ ਦੇ ਉਘੇ ਸਿੱਖ ਹੰਸਰਾ ਪਰਿਵਾਰ ਨੂੰ ਭਾਰੀ ਸਦਮਾ

### ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸਿੱਖ ਚਿੰਤਕ ਇਤਿਹਾਸਕਾਰ, ਉਘੇ ਸਿੱਖ ਆਗੂ, ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਨਹੀਂ ਰਹੇ



ਪ੍ਰਿੰਸੀਪਲ ਸ: ਬਲਬੀਰ ਸਿੰਘ ਜੀ ਜਗਰਾਉਂ (M.A. Hons.,BT)

ਯੂਨੀਅਨ ਸਿਟੀ, ਕੈਲੀਫੋਰਨੀਆ : ਸਿੱਖ ਪੰਥ ਦੇ ਮਹਾਨ ਚਿੰਤਕ, ਇਤਿਹਾਸਕਾਰ, ਉੱਘੇ ਸਮਾਜ ਸੇਵਕ, ਪੁਖਤਾ ਪ੍ਰਬੰਧਕ ਬਹੁਤ ਨਿਰਛਲ ਦਿਆਲੂ ਇਨਸਾਨ, ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ, ਅਮਰੀਕਾ ਦੇ ਉਘੇ ਆਗੂ ਸਿੱਖ ਆਗੂ ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਅਚਾਨਕ ਸਦੀਵੀ ਵਿਛੋੜਾ ਦੇ ਗਏ। ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ, ਗੁਰ ਸਿੱਖੀ ਨੂੰ ਸਮਰਪਿਤ, ਕੌਮੀ ਸੇਵਕ ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਹਮੇਸ਼ਾ ਹੀ ਅਕਾਲ ਪੁਰਖ ਦਾ ਨਾਮ ਲੈਣ ਵਾਲੇ, ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਪੰਥ ਅਤੇ ਕਮਿਊਨਿਟੀ ਦੀ ਵਡਮੁੱਲੀ ਸੇਵਾ ਕੀਤੀ। ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਜੀ ਸਾਰੀ ਜਿੰਦਗੀ ਭਗਤੀ ਦੇ ਘਰ ਨਾਨਕਸਰ ਸੰਪਰਦਾ ਨਾਲ ਜੁੜੇ ਰਹੇ ਅਤੇ ਹਮੇਸ਼ਾ ਹੀ ਸਿੱਖੀ ਦੇ ਇੱਕ ਅੰਨਿਨ ਸੇਵਕ ਦੀ ਤਰ੍ਹਾਂ ਸੇਵਾ ਕਰਦੇ ਰਹੇ ਉਨ੍ਹਾਂ ਨੇ ਜਿਥੇ ਅਪਣੇ ਬੱਚਿਆਂ ਨੂੰ ਉੱਚ ਦਰਜੇ ਦੀ ਵਿੱਦਿਆ ਦਿੱਤੀ ਉਥੇ ਅਪਣੇ ਪੂਰੇ ਇਲਾਕੇ ਦੀ ਕਾਇਆਕਲਪ ਕਰ ਦਿੱਤੀ। ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਨੇ ਲੋੜਵੰਦਾਂ ਦੀ ਨਿਮਰਤਾ ਅਤੇ ਸੇਵਾਭਾਵਨਾ ਨਾਲ ਸੇਵਾ ਕੀਤੀ। ਸਾਰੀ ਉਮਰ ਮਦਦ ਕੀਤੀ। ਉਨ੍ਹਾਂ ਦੀ ਹਰਮਨ ਪਿਆਰਤਾ ਦੇ ਪ੍ਰਤੀਕ ਦੇ ਪਿਆਰਿਆਂ ਦੀ ਲਿਸਟ ਬਹੁਤ ਲੰਬੀ ਹੈ।

ਅਮਰੀਕਨ ਪੰਜਾਬੀ ਭਾਈਚਾਰੇ ਵਿਚ ਬਹੁਤ ਹੀ ਸਤਿਕਾਰਯੋਗ ਥਾਂ ਰੱਖਣ ਵਾਲੇ ਅਤੇ ਉਘੇ ਕਾਰੋਬਾਰੀ ਹੰਸਰਾਂ ਭਰਾਵਾਂ ਸ.ਆਲਮਜੀਤ ਸਿੰਘ ਹੰਸਰਾ-ਰੁਪਿੰਦਰ ਕੌਰ (ਪੁੱਤਰ ਨੂੰਹ), ਸ. ਬਲਜੀਤ ਸਿੰਘ ਹੰਸਰਾ ਇਕਬਾਲ ਕੌਰ (ਪੁੱਤਰ-ਨੂੰਹ), ਸ.ਗੁਰਪਾਲ ਸਿੰਘ ਹੰਸਰਾ-ਮਹਿੰਦਰ ਕੌਰ (ਪੁੱਤਰ-ਨੂੰਹ) ਸ. ਗੁਰਚਰਨ ਸਿੰਘ ਹੰਸਰਾ, ਬਲਵਿੰਦਰ ਕੌਰ (ਪੁੱਤਰ-ਨੂੰਹ), ਸ. ਗੁਰਪ੍ਰੀਤ ਸਿੰਘ ਹੰਸਰਾ-ਮਨਿੰਦਰ ਕੌਰ (ਪੁੱਤਰ-ਨੂੰਹ), ਸਾਰੇ ਪੋਤੇ ਪੋਤਰੀਆਂ ਸਮੇਤ ਇੱਕ ਵੱਡਾ ਖੁਸ਼ਹਾਲ ਪਰਿਵਾਰ ਪਿੱਛੇ ਛੱਡ ਗਏ। ਕੈਲੀਫੋਰਨੀਆ ਦੀਆਂ ਸਮਾਜਿਕ, ਧਾਰਮਿਕ ਅਤੇ ਖੇਡ ਸੰਸਥਾਵਾਂ ਤੋਂ ਸਿਵਾਏ ਹੰਸਰਾ ਪਰਿਵਾਰ ਨਾਲ ਨਜ਼ਦੀਕੀਆਂ ਰੱਖਣ ਵਾਲੇ ਮਿੱਤਰਾਂ,ਦੋਸਤਾਂ ਵੱਲੋਂ 'ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ ਹੈ ਉਨ੍ਹਾਂ ਦੇ ਜਾਣ ਨਾਲ ਪੂਰੀ ਕਮਿਊਨਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਨ੍ਹਾਂ ਦੀ ਸੱਚੀ ਮਿਹਨਤ ਗੁਰ ਸਿੱਖੀ ਦੇ ਆਚਰਣ ਦੀਆਂ ਉਚੀਆਂ ਸਿੱਖਿਆਵਾਂ ਨਾਲ ਅੱਜ ਇੱਕ ਵੱਡਾ ਹੰਸਰਾ ਪਰਿਵਾਰ ਸਿੱਖੀ ਦੀ ਅਤੇ ਮਨੁੱਖਤਾ ਦੀ ਸੇਵਾ ਕਰ ਰਿਹਾ ਹੈ। ਜੋ ਕਿ ਉਨ੍ਹਾਂ ਦੇ ਸੱਚੇ ਸੁੱਚੇ ਜੀਵਨ ਦੀ ਪਰਿਵਾਰ ਨੂੰ ਇਲਾਹੀ ਦੇਣ ਹੈ ਭਾਵੇਂ ਪ੍ਰਿੰਸੀਪਲ ਬਲਬੀਰ ਸਿੰਘ ਜੀ ਹੰਸਰਾ ਅੱਜ ਸਾਡੇ ਵਿੱਚ ਨਹੀ ਰਹੇ ਪਰ ਉਨ੍ਹਾਂ ਦੀਆਂ ਮਿੱਠੀਆਂ, ਨਿੱਘੀਆਂ ਯਾਦਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਹਮੇਸ਼ਾ ਹੀ ਪਰਿਵਾਰ ਨਾਲ ਰਹਿਣਗੀਆਂ। ਅਸੀ ਸਾਡੇ ਲੋਕ ਦੇ ਸਮੂਹ ਪਰਿਵਾਰ ਵੱਲੋਂ ਉਸ ਪਰਮ ਪਿਤਾ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਅਪਣੇ ਚਰਨਾਂ ਵਿੱਚ ਨਿਵਾਸ ਬੱਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਸਾਂਝ ਪਾਉਣ ਲਈ ਕਾਲ ਕਰ ਸਕਦੇ ਹੋ।**

**ਸ. ਆਲਮਜੀਤ ਸਿੰਘ ਹੰਸਰਾ, ਸ. ਬਲਜੀਤ ਸਿੰਘ ਹੰਸਰਾ, ਸ. ਗੁਰਪਾਲ ਸਿੰਘ ਹੰਸਰਾ, ਸ. ਗੁਰਚਰਨ ਸਿੰਘ ਹੰਸਰਾ, ਸ. ਗੁਰਪ੍ਰੀਤ ਸਿੰਘ ਹੰਸਰਾ**

(408) 661-5759---(510) 672-5720

# ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੇ ਸੇਵਕ ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਨਹੀਂ ਰਹੇ

**ਨਿਊਜ਼ੀਲੈਂਡ/ਰਾਜਪ੍ਰੀਤ ਸਿੰਘ ਕਾਉਂਕੇ ਕਲਾਂ:** ਨਾਨਕਸਰ ਕਲੇਰਾਂ ਸੰਪਰਦਾਇ ਦੇ ਪੁਰਾਣੇ ਸੰਗੀ ਅਤੇ ਸਭ ਤੋ ਸਤਿਕਾਰਤ ਸਖਸੀਅਤ ਪ੍ਰਿੰਸੀਪਲ ਬਲਬੀਰ ਸਿੰਘ ਹੰਸਰਾ ਅਮਰੀਕਾ ਵਿਖੇ ਅਕਾਲ ਚਲਾਣਾ ਕਰ ਗਏ ਹਨ, ਉਨਾਂ ਦੇ ਪਿਤਾ ਡਾਕਟਰ ਸੰਤ ਸਿੰਘ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਅਤੇ ਬਾਬਾ ਈਸਰ ਸਿੰਘ ਜੀ ਦੇ ਸੰਗੀ ਰਹੇ ਨੇ, ਪ੍ਰਿੰਸੀਪਲ ਬਲਵੀਰ ਸਿੰਘ ਜੀ ਨੇ ਬਾਬਾ ਈਸਰ ਸਿੰਘ ਜੀ ਤੋ ਅਨੇਕਾਂ ਬਖਸਿਸਾਂ ਹਾਸਲ ਕੀਤੀਆ, ਉਹਨਾ ਨੇ ਕਈ ਕਿਤਾਬਾਂ ਲਿਖੀਆਂ ਜਿੰਨਾ ਚੋ ਪ੍ਰਮੁਖ 'ਪ੍ਰਗਟ ਗੁਰਾਂ ਕੀ ਦੇਹ' ਹੈ ਬਾਬਾ ਈਸਰ ਸਿੰਘ ਜੀ ਨੇ ਉਹਨਾ ਨੂੰ ਆਪ ਝਾੜੂ ਦੀ ਸੇਵਾ ਬਖਸੀ ਸੀ ਜੋ ਉਹਨਾ ਦਾ ਪਰਿਵਾਰ ਨਾਨ ਕਸਰ ਦੇ ਹਜਾਰਾਂ ਸੰਗੀਆਂ ਨਾਲ ਅੱਜ ਵੀ ਨਿਭਾ ਰਿਹਾ। ਆਪ ਜੀ ਨੇ ਅਨੇਕਾਂ ਟੁਟਿਆ ਨੂੰ ਗੁਰੂ ਦੇ ਲੜ ਲਾਇਆ, ਉਹਨਾ ਨੇ ਹਜਾਰਾਂ ਬੱਚਿਆ ਨੂੰ ਦੁਨਿਆਵੀ ਵਿਦਿਆ ਦਿੱਤੀ ਉਥੇ ਬਾਬਾ ਈਸਰ ਸਿੰਘ ਜੀ ਨਾਨਕਸਰ ਕਲੇਰਾਂ ਦੇ ਹੁਕਮ ਚ ਪੰਜਾਬੀ ਸੂਬੇ ਮੋਰਚੇ ਦੌਰਾਨ ਗ੍ਰਿਫਤਾਰੀ ਦਿੱਤੀ ਅਤੇ ਜੇਲ ਵੀ ਕੱਟੀ, ਕਈ ਸਾਲ ਪਹਿਲਾਂ ਉਹਨਾ ਨੇ ਮੈਨੂੰ ਆਪਣੀਆ ਲਿਖੀਆਂ ਸਾਰੀਆ ਕਿਤਾਬਾਂ ਭੇਜੀਆਂ ਸਨ, ਜੋ ਸਾਡੇ ਕੋਲ ਅੱਜ ਵੀ ਮੌਜੂਦ ਨੇ। ਉਹਨਾ ਦੀ ਉਮਰ 90 ਸਾਲ ਦੇ ਕਰੀਬ ਸੀ, ਉਹ ਆਪਣਾ ਇਕ ਬਹੁਤ ਵੱਡਾ ਪਰਿਵਾਰ ਪਿਛੇ ਛੱਡ ਗਏ ਹਨ, ਜੋ ਅੱਜ ਵੀ ਬਾਬਾ ਜੀ ਦੇ ਬਚਨਾ ਤੇ ਪਹਿਰਾ ਦੇ ਕੇ ਸੇਵਾ ਅਤੇ ਗੁਰਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ। ਗੁਰੂ ਦੇ ਦਰ ਤੋ ਬਖਸੀ ਉਹ ਰੂਹ ਤਾ ਲੱਖਾਂ ਨੂੰ ਗੁਰੂ ਨਾਨਕ ਦੇ ਦਰ ਨਾਲ ਜੋੜਨ ਵਾਲੀ ਸੀ।

# ਪੰਜਾਬੀ ਗਾਇਕ ਆਰ ਨੇਤ ਨੇ ਅਰਵਿੰਦਰ ਭਲਵਾਨ ਦੀ ਮੌਤ ਤੇ ਡੂੰਘੇ ਦੁੱਖ ਪ੍ਰਗਟ ਕੀਤਾ

**ਨਿਊਯਾਰਕ/ਰਾਜ ਗੋਗਨਾ:** ਪੰਜਾਬੀ ਪ੍ਰਸਿੱਧ ਗਾਇਕ ਆਰ ਨੇਤ ਨੇ ਕੌਮਾਂਤਰੀ ਖਿਡਾਰੀ ਅਰਵਿੰਦਰ ਭਲਵਾਨ ਨਾਲ ਇਕ ਸ਼ੋਅ ਦੌਰਾਨ ਯਾਦਗਰੀ ਤਸਵੀਰ ਸਾਂਝੀ ਕਰਦਿਆਂ ਕਿਹਾ, ਬਹੁਤ ਮੁਸ਼ਕਿਲ ਹੋ ਜਾਣਾ ਤੈਨੂੰ ਭੁੱਲਣਾ ਵੀਰੇ ਤੇਰੇ ਏਰੀਏ ਦੇ ਹਰੇਕ ਸੋਅ ਉੱਤੇ ਮੋਢੇ ਨਾਲ ਮੋਢਾ ਲਾ ਕੇ ਖੜਦਾ ਸੀ ਕਬੱਡੀ ਖਿਡਾਰੀ ਦੇ ਨਾਲ ਨਾਲ ਇਨਸਾਨ ਬਹੁਤ ਵਧੀਆਂ ਸੀ ਭਲਵਾਨ ਵੀਰਾ ਤੇਰੇ ਸਦਾ ਲਈ ਜਾਣ ਵਾਲੀ ਗੱਲ ਹਾਲੇ ਵੀ ਝੂਠੀ ਜਿਹੀ ਲੱਗਦੀ ਐ ਭਰਾਂ ਤੈਨੂੰ ਵਾਪਿਸ ਲੈ ਕੇ ਆਉਣਾ



ਭਾਵੇਂ ਅਸੰਭਵ ਐ ਪਰ ਜਿੱਥੋਂ ਤੱਕ ਹੋਇਆ ਤੇਰੇ ਨਾਮ ਨੂੰ ਜਿਉਂਦਾ ਜ਼ਰੂਰ ਰੱਖਾਂਗੇ।


# Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



**Now we have two locations :**

**940, E. El Camino Real, Sunnyvale, CA 94087**

**Office : (408) 737-7100 Fax: (408) 737-7102**

**39039 Paseo Padre Pkwy Suite #209 (upstairs) Fremont CA 94538**

**www.homeopathicvibes.com**

*We sell and ship homeopathic remedies through out North America.*

**ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ**

**Harminder Singh Gill** D.H.M.S;B.C.I.H

*(Ex Homeopathic Medical officer Punjab Govt.)*

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS
CENSUS 2020

Message sponsored by the Kern Complete Count Committee.

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: KernCounts.org

#KernCounts

# ਜਦੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ

- ਡਾ. ਹਰਚੰਦ ਸਿੰਘ ਸਰਹਿੰਦੀ

ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇੱਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿੱਚ ਉਭਰ ਆਉਂਦਾ ਹੈ। ਸਰਹਿੰਦ ਦੀ 'ਖ਼ੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਲੈਂਦੀ ਹੈ, ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਜ਼ਿੰਦਾ ਦੀਵਾਰ ਵਿੱਚ ਚਿਣਵਾ ਦਿੱਤਾ ਸੀ।

ਬੰਦਾ ਬਹਾਦਰ ਵੱਲੋਂ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾਉਣ' ਦੀ ਘਟਨਾ ਤੇ ਸਾਕਾ ਸਰਹਿੰਦ ਦਾ ਆਪਸ ਵਿੱਚ ਬੜਾ ਨੇੜਲਾ ਤੇ ਅਟੁੱਟ ਰਿਸ਼ਤਾ ਹੈ, ਕਿਉਂਕਿ ਸਾਕਾ ਸਰਹਿੰਦ ਦੇ ਪ੍ਰਤੀਕਰਮ ਵਜੋਂ ਹੀ ਬੰਦਾ ਬਹਾਦਰ, ਸੂਬਾ ਸਰਹਿੰਦ ਨੂੰ ਲੋਹੇ ਦਾ ਸੁਹਾਗਾ ਬਣ ਕੇ ਟੱਕਰਿਆ ਤੇ ਉਸ ਨੂੰ ਭੋਇੰ ਵਿੱਚ ਮਿਲਾ ਦਿੱਤਾ। ਕਿਸੇ ਕਵੀਸ਼ਰ ਨੇ ਖ਼ੂਬ ਕਿਹਾ ਹੈ, "ਬੰਦਾ ਲੋਹੇ ਦਾ ਸੁਹਾਗਾ ਸੁਥਿਆ, ਤੇਰੀ ਦੇਵੇਗਾ ਓਏ ਅਲਖ ਮੁਕਾ।" ਪ੍ਰਸਿੱਧ ਉਰਦੂ ਸ਼ਾਇਰ ਅੱਲਾ ਯਾਰ ਖਾਂ ਜੋਗੀ ਵੀ ਸਰਹਿੰਦ ਦੀ ਜਿੱਤ ਨੂੰ ਸਾਕਾ ਸਰਹਿੰਦ ਦਾ ਹੀ ਸਿੱਧਾ ਪ੍ਰਤੀਕਰਮ ਦੱਸਦਾ ਹੈ:

'ਜੋਗੀ ਜੀ' ਇਸ (ਸਾਕਾ ਸਰਹਿੰਦ) ਕੇ ਬਾਅਦ ਹੂਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ,
ਈਂਟੋਂ ਕਾ ਢੇਰ ਥੀ।

ਦਰਅਸਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ-ਕੰਬਾਊ ਘਟਨਾ ਨੇ ਸਿੱਖ ਮਾਨਸਿਕਤਾ 'ਤੇ ਡੂੰਘਾ ਅਸਰ ਪਾਇਆ। ਬੇਸ਼ਕ, ਗੁਰੂ ਗੋਬਿੰਦ ਸਿੰਘ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਉਧਰ, ਸਿੱਖਾਂ ਦੇ ਮਨਾਂ ਵਿੱਚ ਵੀ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉੱਠੀ ਸੀ। ਮੌਕਾ ਮਿਲਦਿਆਂ ਹੀ ਗੁਰੂ ਸਾਹਿਬ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ 3 ਸਤੰਬਰ, 1708 ਨੂੰ ਨਾਂਦੇੜ ਵਿੱਚ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ। ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ (ਉਦੋਂ ਮਾਧੋ ਦਾਸ) ਨੂੰ ਅੰਮ੍ਰਿਤ ਛਕਾ ਕੇ 'ਬਹਾਦਰ' ਦਾ ਖ਼ਿਤਾਬ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ, ਅਕਤੂਬਰ 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ। ਦਿੱਲੀ ਪੁੱਜਣ ਤਕ ਉਸ ਨਾਲ ਗਿਣਤੀ ਦੇ ਸਿੰਘ ਸਨ। ਦਿੱਲੀ ਟੱਪਦਿਆਂ ਹੀ, ਗੁਰੂ ਸਾਹਿਬ ਦੇ ਹੁਕਮਨਾਮਿਆਂ ਅਤੇ ਬੰਦਾ ਸਿੰਘ ਬਹਾਦਰ ਦੀ ਚੁੰਬਕੀ ਖਿੱਚ ਕਾਰਨ ਮਾਲਵਾ ਖੇਤਰ ਦੇ ਲਿਤਾੜੇ ਹੋਏ ਹਲ-ਵਾਹਕ ਵੱਡੀ ਗਿਣਤੀ ਵਿੱਚ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਡਾ. ਗੋਕਲ ਚੰਦ ਨਾਰੰਗ ਅਨੁਸਾਰ 'ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਅੰਤ 40,000 ਤਕ ਪੁੱਜ ਗਈ।' ਘੋੜ ਸਵਾਰ ਸੈਨਿਕਾਂ ਦੀ ਗਿਣਤੀ ਬਾਰੇ ਮੁਹੰਮਦ ਕਾਸਮ ਲਿਖਦਾ ਹੈ, "ਥੋੜੇ ਅਰਸੇ ਦੌਰਾਨ ਹੀ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ 4000 ਘੋੜ-ਸਵਾਰ ਇਕੱਠੇ ਹੋ ਗਏ।"



ਬੰਦਾ ਸਿੰਘ ਬਹਾਦਰ ਦਾ ਸਿਦਕ, ਜੋਸ਼, ਹੌਂਸਲਾ ਤੇ ਗਤੀ ਬੇਮਿਸਾਲ ਸੀ। ਉਹ ਜਿੱਧਰ ਨੂੰ ਵੀ ਹੋ ਤੁਰਿਆ ਰਸਤਾ ਬਣਦਾ ਗਿਆ। ਸੋਨੀਪਤ, ਕੈਥਲ, ਸਮਾਣਾ, ਘੁੜਾਮ, ਠਸਕਾ, ਮੁਸਤਫਾਬਾਦ, ਕਪੂਰੀ, ਸਢੌਰਾ ਤੇ ਬਨੂੜ ਨੂੰ ਫ਼ਤਹਿ ਕਰਨ ਪਿੱਛੋਂ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਖਰੜ ਤੇ ਬਨੂੜ ਵਿਚਕਾਰ ਸਿੱਖਾਂ ਦਾ ਇੱਕ ਸ਼ਕਤੀਸ਼ਾਲੀ ਜਥਾ, ਜੋ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦਾ ਆ ਰਿਹਾ ਸੀ, ਬੰਦਾ ਸਿੰਘ ਬਹਾਦਰ ਦੇ ਦਲ ਨਾਲ ਆ ਰਲਿਆ। ਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਤੇ ਸੂਬਾ ਸਰਹਿੰਦ ਨਾਲ ਸਿੱਝਣ ਲਈ ਉਨ੍ਹਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ ਪਰ ਬੰਦਾ ਸਿੰਘ ਬਹਾਦਰ ਲਈ ਇਹ ਇਮਤਿਹਾਨ ਦੀ ਘੜੀ ਸੀ। ਹੁਣ ਉਹ ਸ਼ਕਤੀਸ਼ਾਲੀ ਫ਼ੌਜ ਨਾਲ ਸਾਹਮਣਿਓਂ ਟੱਕਰ ਲੈ ਰਿਹਾ ਸੀ, ਜਿਸ ਦੀ ਕਮਾਂਡ ਪਠਾਣ ਜਰਨੈਲ ਸੂਬੇਦਾਰ ਵਜ਼ੀਰ ਖਾਂ ਕਰ ਰਿਹਾ ਸੀ।

ਸੂਬੇਦਾਰ ਵਜ਼ੀਰ ਖਾਂ, ਲਗਪਗ 20 ਹਜ਼ਾਰ ਪੈਦਲ, ਘੋੜ ਸਵਾਰ ਸੈਨਿਕਾਂ, ਵੱਡੀ ਗਿਣਤੀ ਵਿੱਚ ਤੋਪਾਂ ਤੇ ਹਾਥੀ ਲੈ ਕੇ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਬਹੁਤ ਸਾਰੀਆਂ ਜੰਗਾਂ ਦੇ ਜੇਤੂ ਵਜ਼ੀਰ ਖਾਂ ਨੇ ਇੱਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਦੀ ਫ਼ੌਜ ਖੜੀ ਕਰ ਦਿੱਤੀ ਤੇ ਚੌਥੇ ਪਾਸੇ ਆਪਣੇ ਆਲੇ-ਦੁਆਲੇ ਛੋਟੀਆਂ ਤੋਪਾਂ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਇੱਕ ਉੱਚੇ ਹਾਥੀ ਉੱਤੇ ਚੜ ਗਿਆ। ਬੰਦਾ ਸਿੰਘ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਤੇ ਨਾ ਹੀ ਹਾਥੀ ਸਨ, ਇੱਥੋਂ ਤਕ ਕਿ ਚੰਗੇ ਘੋੜੇ ਵੀ ਕਾਫ਼ੀ ਗਿਣਤੀ ਵਿੱਚ ਨਹੀਂ ਸਨ। ਸਿੰਘਾਂ ਕੋਲ ਸਿਰਫ਼ ਲੰਬੇ ਨੇਜ਼ੇ, ਤੀਰ ਤੇ ਤਲਵਾਰਾਂ ਹੀ ਸਨ ਪਰ ਸਿਦਕ ਉਨ੍ਹਾਂ ਦੇ ਹੱਡੀਂ ਰਚਿਆ ਹੋਇਆ ਸੀ।

12 ਮਈ 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿੱਚ ਇੱਕ ਫ਼ੈਸਲਾਕੁਨ ਯੁੱਧ ਹੋਇਆ। ਜੰਗ ਦੇ ਪਹਿਲੇ ਪੜਾਅ ਵਿੱਚ ਸ਼ਾਹੀ ਫ਼ੌਜਾਂ ਦਾ ਪਲੜਾ ਭਾਰੀ ਰਿਹਾ। ਬਾਜ਼ੀ ਜਾਂਦੀ ਵੇਖ ਕੇ, ਨਿਹੱਥਾ ਬੈਠਾ ਬੰਦਾ ਸਿੰਘ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਆ ਗਿਆ। ਇਤਿਹਾਸਕਾਰ ਸੋਹਣ ਸਿੰਘ ਅਨੁਸਾਰ, "ਜਦੋਂ ਬੰਦਾ ਸਿੰਘ ਬਹਾਦਰ ਉੱਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫ਼ਾ ਵਿੱਚੋਂ ਨਿਕਲਿਆ ਹੋਵੇ ਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਖ਼ੂਨ ਡੋਲਵੀਂ ਲੜਾਈ ਵਿੱਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਵਜ਼ੀਰ ਖਾਂ ਦੀ ਮੌਤ ਕਿਵੇਂ ਤੇ ਕਿਸ ਹੱਥੋਂ ਹੋਈ, ਇਸ ਬਾਰੇ ਇਤਿਹਾਸਕਾਰਾਂ ਵਿੱਚ ਮਤਭੇਦ ਹਨ।

14 ਮਈ 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿੱਚ ਸਰਹਿੰਦ ਵਿੱਚ ਦਾਖ਼ਲ ਹੋਏ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਤੇ ਦੋਸ਼ੀਆਂ ਦਾ ਅਜਿਹਾ ਹਾਲ ਕੀਤਾ ਕਿ ਜ਼ੁਲਮ ਕਰਨ ਵਾਲੀਆਂ ਪੀੜ੍ਹੀਆਂ ਸਦਾ ਯਾਦ ਰੱਖਣਗੀਆਂ।

ਸਰਹਿੰਦ 'ਤੇ ਕਬਜ਼ਾ ਹੋਣ ਪਿੱਛੋਂ ਬੰਦਾ ਬਹਾਦਰ ਨੇ ਆਪਣੇ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਤੇ ਨਾਹਨ ਮੁਖਲਿਸਗੜ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਇਸ ਨੂੰ 'ਲੋਹਗੜ' ਦਾ ਨਾਂ ਦਿੱਤਾ। ਇਸੇ ਚੜਤ ਦੌਰਾਨ ਉਸ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕਰ ਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ। ਇਸ ਤਰਾਂ ਬੰਦਾ ਸਿੰਘ ਬਹਾਦਰ (1670-1716) ਨੇ ਸੱਤ ਸੌ ਸਾਲਾਂ ਤੋਂ ਪਏ ਗੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ।ਸਰਹਿੰਦ 'ਤੇ ਕਾਬਜ਼ ਹੋਣ ?ਪਿੱਛੋਂ ਬੰਦਾ ਬਹਾਦਰ ਨੇ ਆਪਣੇ ਇਕ ਪ੍ਰਮੁੱਖ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਤੇ ਨਾਹਨ ਵਿਚਕਾਰ ਮੁਖਲਿਸਗੜ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ' ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਉਸ ਨੇ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ। ਇਸ ਤਰਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸੱਤ ਸੌ ਸਾਲਾਂ ਤੋਂ ਪਏ ਗੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿੱਚ 'ਪਾਲਤੂ' ਬਣ ਗਿਆ। ਇਸ ਤਵਾਰੀਖੀ ਸਚਾਈ 'ਤੇ ਅੱਲਾ ਯਾਰ ਖਾਂ ਜੋਗੀ ਆਪਣੀ ਮੋਹਰ ਇਉਂ ਲਗਾਉਂਦਾ ਹੈ:

'ਜੋਗੀ ਜੀ ਕਹੋ ਪੰਥ ਸੇ, ਅਬ ਫਤਹਿ ਪੁਕਾਰੇ।'

ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਸ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵਾਰ ਇਕ ਰਾਜਸੀ ਤਾਕਤ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ, ਸਿੱਖ ਰਿਆਸਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿੱਚ ਆਈ। ਨਿਰਸੰਦੇਹ ਬੰਦਾ ਬਹਾਦਰ ਦੀ ਕਮਾਨ ਹੇਠ ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ ਪੱਥਰ ਦੀ ਹੈਸੀਅਤ ਰੱਖਦਾ ਹੈ

# ਇਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹਕੀਕਤ-ਏ-ਸਿੱਖਾਂ



- ਡਾ. ਪਰਮਵੀਰ ਸਿੰਘ

'ਹਕੀਕਤ-ਏ-ਬਿਨਾ-ਵ-ਉਰੂਜ-ਏ ਫ਼ਿਰਕਾ-ਏ-ਸਿੱਖਾਂ' ਫ਼ਾਰਸੀ ਭਾਸ਼ਾ ਦਾ ਇੱਕ ਅਜਿਹਾ ਸਰੋਤ ਹੈ, ਜਿਹੜਾ ਸਿੱਖ ਇਤਿਹਾਸ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਰਚਨਾ ਅਠਾਰਵੀਂ ਸਦੀ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ, ਜਿਹੜਾ ਸਿੱਖ ਧਰਮ ਦੀ ਸਥਾਪਨਾ ਤੋਂ ਅਠਾਰਵੀਂ ਸਦੀ ਤਕ ਦੇ ਸਿੱਖ ਇਤਿਹਾਸ ਦੀਆਂ ਕੁਝ ਝਲਕਾਂ ਪੇਸ਼ ਕਰਦਾ ਹੈ। ਕੁਝ ਸਿੱਖ ਇਤਿਹਾਸਕਾਰਾਂ ਦੀਆਂ ਇਸ ਰਚਨਾ ਸੰਬੰਧੀ ਮਹੱਤਵਪੂਰਨ ਟਿੱਪਣੀਆਂ ਮਿਲਦੀਆਂ ਹਨ। ਬਾਬਾ ਬੰਦਾ ਸਿੰਘ ਬਹਾਦਰ ਉੱਤੇ ਖੋਜ ਕਰਦਿਆਂ ਡਾ. ਗੰਡਾ ਸਿੰਘ ਨੇ ਇਸ ਰਚਨਾ ਦੀ ਪਰਖ-ਪੜਚੋਲ ਕਰ ਕੇ ਇਸ ਦੇ ਰਚਨਾਕਾਲ ਤੇ ਮਹੱਤਵ ਨੂੰ ਖੋਜੀਆਂ ਦੇ ਸਨਮੁਖ ਪੇਸ਼ ਕੀਤਾ ਹੈ। ਮੌਜੂਦਾ ਸਮੇਂ ਇਸ ਸਰੋਤ ਪ੍ਰਤੀ ਵਿਧੀਵਤ ਚਿੰਤਨ ਡਾ. ਬਲਵੰਤ ਸਿੰਘ ਢਿੱਲੋਂ ਰਾਹੀਂ ਸਾਹਮਣੇ ਆਇਆ ਹੈ, ਜਿਨ੍ਹਾਂ ਨੇ ਇਸ ਰਚਨਾ ਦੇ ਮੂਲ ਪਾਠ ਦਾ ਫ਼ਾਰਸੀ ਤੋਂ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਤੇ ਸੰਪਾਦਿਤ ਕਰ ਕੇ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ।

ਇਸ ਰਚਨਾ ਸੰਬੰਧੀ ਜਾਣਕਾਰੀ ਦਿੰਦਿਆਂ ਸੰਪਾਦਕ ਦੱਸਦਾ ਹੈ ਕਿ ਇਸ ਦੇ ਦੋ ਹੱਥ ਲਿਖਤ ਨੁਸਖੇ ਹਾਲੇ ਵੀ ਮੌਜੂਦ ਹਨ, ਜਿਹੜੇ ਰਾਇਲ ਏਸ਼ੀਐਟਿਕ ਸੁਸਾਇਟੀ ਆਫ ਗ੍ਰੇਟ ਬ੍ਰਿਟੇਨ ਐਂਡ ਆਇਰਲੈਂਡ, ਲੰਦਨ ਵਿੱਚ ਸੁਰੱਖਿਅਤ ਹਨ ਤੇ ਇਨ੍ਹਾਂ ਦੀਆਂ ਕਾਪੀਆਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਰੱਖੀਆਂ ਹੋਈਆਂ ਹਨ। ਇਹ ਸੰਖਿਪਤ ਜਿਹੀ ਰਚਨਾ ਇਤਿਹਾਸਕ ਤੱਥਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਰਚਨਾ ਦਾ ਮੁੱਖ ਉਦੇਸ਼ ਸਿੱਖਾਂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਹ ਰਚਨਾ ਕਦੋਂ ਅਤੇ ਕਿਸ ਨੇ ਲਿਖੀ ਹੈ, ਇਸ ਸੰਬੰਧੀ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਹੈ। ਡਾ. ਗੰਡਾ ਸਿੰਘ ਨੇ ਇਸ ਰਚਨਾ ਦੇ ਅੰਦਰੂਨੀ ਤੱਥਾਂ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਹੈ ਕਿ ਇਸ ਰਚਨਾ ਦਾ ਰਚਨਾਕਾਲ 1783-85 ਦੇ ਵਿਚਕਾਰਲਾ ਹੈ। ਇਸ ਪੁਸਤਕ ਦੇ ਅਨੁਵਾਦਕ-ਸੰਪਾਦਕ ਡਾ. ਬਲਵੰਤ ਸਿੰਘ ਢਿੱਲੋਂ ਨੇ ਵੀ ਇਸੇ ਤੱਥ ਦੀ ਪ੍ਰੋੜਤਾ ਕੀਤੀ ਹੈ। ਸੰਪਾਦਕ ਦੱਸਦਾ ਹੈ ਕਿ ਥੋੜੇ ਜਿਹੇ ਫ਼ਰਕ ਨਾਲ ਇਸੇ ਤਰਾਂ ਦੇ ਸਿਰਲੇਖ ਨਾਲ ਮਿਲਦੀਆਂ ਜੁਲਦੀਆਂ ਕੁਝ ਹੋਰ ਰਚਨਾਵਾਂ ਵੀ ਮੌਜੂਦ ਹਨ ਜਿਵੇਂ ਹਕੀਕਤ-ਏ-ਬਿਨਾ-ਵ-ਉਰੂਜ਼-ਏ-ਦੌਲਤ-ਏ-ਰਾਜਾਹਾਇ-ਸਿਤਾਰਾ, ਹਕੀਕਤ-ਏ-ਰਾਜਾਹਾਇ ਉਜੈਨ। ਇਨ੍ਹਾਂ ਸਮੂਹ ਰਚਨਾਵਾਂ ਦਾ ਸੰਗ੍ਰਹਿ ਕਰਤਾ ਸਰ ਚਾਰਲਸ ਮਾਲੇ ਬਾਰਟ ਸੀ। ਇਸ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਇਹ ਰਚਨਾਵਾਂ ਕਿਸੇ ਵਿਸ਼ੇਸ਼ ਉਦੇਸ਼ ਨਾਲ ਲਿਖਵਾਈਆਂ ਗਈਆਂ ਸਨ ਤੇ ਸੰਭਵ ਹੈ ਕਿ ਅੰਗਰੇਜ਼ਾਂ ਨੇ ਵਿਭਿੰਨ ਰਾਜਾਂ ਜਾਂ ਕੌਮਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਰਚਨਾਵਾਂ ਲਿਖਵਾਈਆਂ ਹੋਣ।

ਹਕੀਕਤ-ਏ-ਸਿੱਖਾਂ ਰਚਨਾ ਦੇ ਲੇਖਕ ਬਾਰੇ ਰਚਨਾ ਵਿੱਚੋਂ ਕੋਈ ਜਾਣਕਾਰੀ ਨਹੀਂ ਮਿਲਦੀ। ਅੰਦਰੂਨੀ ਗਵਾਹੀ ਦੇ ਆਧਾਰ 'ਤੇ ਇਹ ਸਮਝਿਆ ਜਾ ਰਿਹਾ ਹੈ ਕਿ ਇਸ ਰਚਨਾ ਦਾ ਲੇਖਕ ਪੰਜਾਬ ਨਾਲ ਸੰਬੰਧਿਤ ਕੋਈ ਮੁਸਲਮਾਨ ਹੈ ਤੇ ਉਹ ਮੁਗ਼ਲਾਂ ਦੇ ਰਾਜ ਅਧੀਨ ਲਾਹੌਰ ਦੇ ਸੂਬੇਦਾਰਾਂ ਜ਼ਕਰੀਆ ਖ਼ਾਨ ਤੇ ਮੀਰ ਮੰਨੂੰ ਦਾ ਪ੍ਰਸ਼ੰਸਕ ਸੀ।

ਰਚਨਾ ਦਾ ਵਿਸ਼ਾ-ਵਸਤੂ ਜਿੰਨਾ ਵਿਸਤ੍ਰਿਤ ਹੈ, ਘਟਨਾਵਾਂ ਦਾ ਵਿਸਤਾਰ ਉਨਾ ਹੀ ਸੰਖਿਪਤ ਹੈ, ਜਿਸ ਕਰਕੇ ਬਹੁਤ ਸਾਰੇ ਭਰਮ-ਭੁਲੇਖੇ ਪੈਦਾ ਹੁੰਦੇ ਹਨ। ਸਿੱਖ ਇਤਿਹਾਸ ਦੇ ਆਰੰਭ ਤੋਂ ਲੈ ਕੇ ਮਿਸਲਾਂ ਦੇ ਸਮੇਂ ਤਕ ਚਾਰ ਸਦੀਆਂ ਦੇ ਸਿੱਖ ਇਤਿਹਾਸ ਨੂੰ 40 ਤੋਂ ਵੀ ਘੱਟ ਪੰਨਿਆਂ ਵਿੱਚ ਸਮੇਟਿਆ ਗਿਆ ਹੈ।

ਹਕੀਕਤ-ਏ-ਸਿੱਖਾਂ ਸਿਰਲੇਖ ਅਧੀਨ ਰਚਨਾ ਬਹੁਤ ਸਾਰੇ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਨੂੰ ਸਹੀ ਰੂਪ ਵਿੱਚ ਉਜਾਗਰ ਕਰਦੀ ਹੈ ਜਿਵੇਂ ਗੁਰੂ ਨਾਨਕ ਦੇ ਧਰਮ ਵਿੱਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ, ਸਿੱਖ ਅਰਦਾਸ ਕਰਦੇ ਹਨ, ਸਿਰ ਅਤੇ ਦਾੜੀ ਦੇ ਵਾਲ ਨਹੀਂ ਕਟਵਾਉਂਦੇ, ਸਿਰ 'ਤੇ ਦਸਤਾਰ ਸਜਾਉਂਦੇ ਹਨ, ਖੰਡੇ ਦੀ ਪਾਹੁਲ ਗ੍ਰਹਿਣ ਕਰਦੇ ਹਨ ਆਦਿ। ਇਸ ਦੇ ਨਾਲ ਹੀ ਇਸ ਰਚਨਾ ਦਾ ਲੇਖਕ ਦੱਸਦਾ ਹੈ ਕਿ ਮਿਸਲਾਂ ਦੇ ਸਮੇਂ ਸਿੱਖ ਪੂਰਨ ਤੌਰ 'ਤੇ ਸਰਦਾਰ ਸਥਾਪਿਤ ਹੋ ਗਏ ਸਨ, "ਹਰੇਕ ਸਿੱਖ ਆਪਣੀ ਥਾਂ ਮੁਖਤਾਰ ਹੈ। ਜੇ ਕਿਸੇ ਕੋਲ ਦੋ ਘੋੜੇ ਤੇ ਆਪਣੀ ਜਾਗੀਰ ਵਿੱਚ ਇੱਕ ਪਿੰਡ ਹੈ ਤਾਂ ਉਹ ਕਿਸੇ ਦੇ ਸਲਾਮ ਦਾ ਮੁਥਾਜ ਨਹੀਂ।" ਇਨ੍ਹਾਂ ਸਮੂਹ ਗੁਣਾਂ ਦੇ ਬਾਵਜੂਦ ਲੇਖਕ ਇਸ ਗੱਲ ਵੱਲ ਸੰਕੇਤ ਕਰ ਜਾਂਦਾ ਹੈ ਕਿ ਮਿਸਲਾਂ ਦੀ ਸਥਾਪਤੀ ਪਿੱਛੋਂ ਸਿੱਖਾਂ ਵਿੱਚ ਮਰਯਾਦਾ ਸੰਬੰਧੀ ਢਿੱਲੜਪੁਣਾ ਪੈਦਾ ਹੋਣ ਲੱਗਾ ਸੀ। ਭਾਵੇਂ ਇਸ ਰਚਨਾ ਦਾ ਲੇਖਕ ਮੁਸਲਮਾਨ ਜਾਪਦਾ ਹੈ ਪਰ ਉਹ ਮੁਗ਼ਲ ਹਾਕਮਾਂ ਵੱਲੋਂ ਸਿੱਖਾਂ 'ਤੇ ਕੀਤੇ ਗਏ ਜ਼ੁਲਮਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਸਿੱਖਾਂ 'ਤੇ ਕੀਤੇ ਜਾਣ ਵਾਲੇ ਜ਼ੁਲਮਾਂ ਦਾ ਜ਼ਿਕਰ ਕਰਦਿਆਂ ਉਹ ਕਹਿੰਦਾ ਹੈ, "ਫਿਰ ਉਸ (ਸ਼ਾਹ ਨਵਾਜ਼ ਖ਼ਾਨ) ਨੇ ਸਿੱਖਾਂ ਦੀਆਂ ਜੜਾਂ ਪੁੱਟਣ ਵੱਲ ਵਾਹ ਲਾਈ। ਜਿਸ ਸਮੇਂ ਕਿਸੇ ਸਿੱਖ ਨੂੰ ਫੜ ਕੇ ਲਿਆਉਂਦੇ ਸਨ, ਉਹ ਆਪਣੇ ਸਾਹਮਣੇ ਉਸ ਦਾ ਪੇਟ ਪਾੜਦਾ ਸੀ ਤੇ ਕਦੇ ਉਹ ਮੇਖਾਂ ਠੋਕਣ ਵਾਲੀ (ਹਥੌੜੀ) ਮਾਰ ਕੇ ਉਸ ਦੇ ਸਿਰ ਦਾ ਭੇਜਾ ਬਾਹਰ ਕੱਢ ਦਿੰਦਾ ਸੀ ਤੇ ਉਸ ਭੇਜੇ ਨੂੰ ਆਪਣੇ ਸਾਹਮਣੇ ਰੱਖ ਲੈਂਦਾ ਸੀ। ਉਹ ਅਕਸਰ ਖਾਣਾ ਖਾਣ ਵਿਚ ਰੁੱਝਿਆ ਰਹਿੰਦਾ ਸੀ। ਜਿਉਂ ਹੀ ਕਿਸੇ ਸਿੱਖ ਨੂੰ ਕੈਦੀ ਬਣਾ ਕੇ ਲਿਆਂਦਾ ਜਾਂਦਾ, ਉਹ ਹੁਕਮ ਦਿੰਦਾ ਸੀ ਕਿ ਇਸ ਦਾ ਪਿੱਤਾ ਬਾਹਰ ਕੱਢੋ। ਸੋ ਹਾਜ਼ੀ ਕਾਫ਼ਿਰ ਉਸ ਦਾ ਪਿੱਤਾ ਬਾਹਰ ਕੱਢ ਦਿੰਦਾ ਸੀ। ਉਹ ਉਸ ਪਿੱਤੇ ਨੂੰ ਆਪਣੇ ਦਸਤਰਖਾਨ 'ਤੇ ਰੱਖ ਲੈਂਦਾ ਤੇ ਅਤਿਅੰਤ ਪ੍ਰਸੰਨ ਹੋ ਕੇ ਭੋਜਨ ਛਕਦਾ ਸੀ।"

ਇਸ ਰਚਨਾ ਵਿੱਚ ਬੰਦਾ ਸਿੰਘ ਬਹਾਦਰ ਦੇ ਸਸਕਾਰ ਅਸਥਾਨ ਸੰਬੰਧੀ ਸਭ ਤੋਂ ਮਹੱਤਵਪੂਰਨ ਸਰੋਤ ਸਾਹਮਣੇ ਆਇਆ ਹੈ। ਹੁਣ ਤਕ ਜਿੰਨੇ ਵੀ ਫ਼ਾਰਸੀ ਸਰੋਤ ਗੁਰਮੁਖੀ ਜਾਂ ਅੰਗਰੇਜ਼ੀ ਭਾਸ਼ਾ ਵਿੱਚ ਮਿਲਦੇ ਹਨ, ਉਹ ਸਾਰੇ ਬੰਦਾ ਸਿੰਘ ਬਹਾਦਰ ਦੇ ਜੰਗਜੂ ਕਾਰਨਾਮਿਆਂ, ਉਸ ਦੀ ਗ੍ਰਿਫ਼ਤਾਰੀ, ਉਸ ਦੇ ਸਾਥੀਆਂ ਦੀ ਸ਼ਹਾਦਤ, ਉਸ ਨੂੰ ਤਸੀਹੇ ਦੇਣ ਦਾ ਵਿਸਤਾਰ ਵਰਣਨ ਕਰਦੇ ਹਨ ਪਰ ਉਸ ਨੂੰ ਸ਼ਹੀਦ ਕਰਨ ਪਿੱਛੋਂ ਉਸ ਦੇ ਸਰੀਰ ਦੀਆਂ ਅੰਤਿਮ ਰਸਮਾਂ ਸੰਬੰਧੀ ਮੌਨ ਹਨ। ਇਸ ਰਚਨਾ ਵਿੱਚ ਬੰਦਾ ਸਿੰਘ ਬਹਾਦਰ ਦੇ ਸਸਕਾਰ ਦਾ ਵਰਨਣ ਮਿਲਦਾ ਹੈ, ਜਿਸ ਸੰਬੰਧੀ ਉਲੇਖ ਕਰਦਿਆਂ ਲੇਖਕ ਦੱਸਦਾ ਹੈ, "ਜਿਹੜੇ ਸਿੱਖ ਸ਼ਹਿਰ ਵਿੱਚ ਦੁਕਾਨਦਾਰੀ ਕਰਦੇ ਸਨ ਤੇ ਪਰਚੂਨੀਏ ਸਨ, ਉਨ੍ਹਾਂ ਨੇ ਪ੍ਰਵਾਨਗੀ ਲੈ ਕੇ, ਉਸ ਦੀ ਲਾਸ਼ ਨੂੰ ਚੁੱਕ ਕੇ ਸ਼ਹਿਰੋਂ ਬਾਹਰ ਲਿਜਾ ਕੇ ਬਾਰਾਂ-ਪੂਲਾ ਦੇ ਅਸਥਾਨ 'ਤੇ ਉਸ ਕਾਲੇ ਦਿਲ ਵਾਲੇ ਦਾ ਦਾਹ ਸਸਕਾਰ ਕਰ ਦਿੱਤਾ।"

ਇਸ ਰਚਨਾ ਨੂੰ ਪੜਨ ਪਿੱਛੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਜੇ ਰਚਨਾ ਵਿੱਚ ਘਟਨਾਵਾਂ ਦੀ ਤਰਤੀਬ ਸਹੀ ਹੋਵੇ ਤਾਂ ਤੱਥਾਂ ਨੂੰ ਸਮਝਣ ਵਿੱਚ ਸੌਖ ਹੁੰਦੀ ਹੈ। ਜੇ ਘਟਨਾਵਾਂ ਅੱਗੇ-ਪਿੱਛੇ ਹੋ ਜਾਣ ਤਾਂ ਤੱਥਾਂ ਨੂੰ ਸਮਝਣ ਲਈ ਹੋਰਨਾਂ ਸਰੋਤਾਂ ਦੀ ਲੋੜ ਪੈਂਦੀ ਹੈ। ਇਸ ਵਿੱਚ ਉਕਾਈ ਇਹ ਹੈ ਕਿ ਜੇ ਸਾਧਾਰਨ ਪਾਠਕ ਅਜਿਹੀ ਰਚਨਾ ਪੜ ਰਿਹਾ ਹੈ ਤਾਂ ਉਹ ਭਰਮ-ਭੁਲੇਖਿਆਂ ਦਾ ਸ਼ਿਕਾਰ ਹੋ ਸਕਦਾ ਹੈ। ਸਿੱਖ ਇਤਿਹਾਸ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਇਹ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਆਸ ਹੈ ਕਿ ਇਸ ਵਿਚਲੇ ਬਿਰਤਾਂਤ ਖੋਜਦੀਆਂ ਹੋਰ ਪਰਤਾਂ ਖੋਲਣ ਵਿੱਚ ਸਹਾਈ ਹੋਣਗੇ।

- ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸੰਗਤ ਅਤੇ ਪੰਗਤ ਸਿੱਖ ਫ਼ਲਸਫ਼ੇ ਦੇ ਅਨਿਖੜਵੇਂ ਅੰਗ

**- ਡਾ. ਜੋਧ ਸਿੰਘ**

ਸੰਗਤ ਅਤੇ ਪੰਗਤ ਸਿੱਖ ਫ਼ਲਸਫ਼ੇ ਦੇ ਅਨਿਖੜਵੇਂ ਅੰਗ ਹਨ। ਵਰਤਮਾਨ ਸਮੇਂ ਵਿਚ ਸਿੱਖਾਂ ਦਾ ਕੋਈ ਵੀ ਧਾਰਮਿਕ ਜਾਂ ਸਮਾਜਿਕ ਕਾਰਜ ਕੀਰਤਨ, ਸੰਗਤ ਜਾਂ ਪੰਗਤ ਅਰਥਾਤ ਲੰਗਰ ਤੋਂ ਬਿਨਾਂ ਸੰਪੂਰਨ ਨਹੀਂ ਸਮਝਿਆ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸਿਧਾਂਤ ਲੋਕਾਈ ਨੂੰ ਦਿੱਤਾ ਉੱਥੇ ਨਾਲ ਹੀ ਨਾਲ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਦੀ ਵੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਾਰੇ ਭਾਰਤੀ ਅਤੇ ਗੈਰ-ਭਾਰਤੀ ਸਮਾਜਾਂ ਦੀਆਂ ਮਾਨਤਾਵਾਂ ਅਤੇ ਕਾਰਜਵਿਧੀਆਂ ਨੂੰ ਬੜੇ ਗਹੁ ਨਾਲ ਵੇਖਿਆ ਅਤੇ ਉਨਾਂ ਦੀਆਂ ਅਸਮਾਨਤਾਵਾਂ ਦੇ ਕਾਰਨਾਂ ਨੂੰ ਘੋਖਿਆ-ਪੜਚੋਲਿਆ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਗਪਗ ਉਸ ਸਮੇਂ ਦੇ ਸਾਰੇ ਭਾਰਤੀ ਸਮਾਜਾਂ ਦਾ ਆਪਣੇ ਇਕ ਸਲੋਕ ਵਿਚ ਨੋਟਿਸ ਲਿਆ:-

**ਲਿਖ ਲਿਖ ਪੜਿਆ।।**
**ਤੇਤਾ ਕੜਿਆ।। ਬਹੁ ਤੀਰਥ ਭਵਿਆ।। ਤੇਤੋ ਲਵਿਆ।।**
**ਬਹੁ ਭੇਖ ਕੀਆ ਦੇਹੀ ਦੁਖੁ ਦੀਆ।।**
**ਸਹੁ ਵੇ ਜੀਆ ਆਪਣਾ ਕੀਆ।।**
**ਅੰਨੁ ਨਾ ਖਾਇਆ।। ਸਾਦੁ ਗਵਾਇਆ।।**
**ਬਹੁ ਦੁਖੁ ਪਾਇਆ ਦੂਜਾ ਭਾਇਆ।।**
**ਬਸਤ੍ਰ ਨ ਪਹਿਰੈ।। ਅਹਿਨਿਸਿ ਕਹਰੈ।। ਮੋਨਿ ਵਿਗੂਤਾ।।**
**ਕਿਉ ਜਾਗੈ ਗੁਰ ਬਿਨ ਸੂਤਾ।।**
**ਪਗ ਉਪੇ ਤਾਣਾ।। ਆਪਣਾ ਕੀਆ ਕਮਾਣਾ।।**
**ਅਲੁਮਲੁ ਖਾਈ ਸਿਰਿ ਛਾਈ ਪਾਈ।।**
**ਮੂਰਖ ਅੰਧੈ ਪਤਿ ਗਵਾਈ।। ਵਿਣੁ ਨਾਵੈ ਕਿਛੁ ਥਾਇ ਨ ਪਾਈ।।**
**ਰਹੇ ਬੇਬਾਣੀ ਮੜੀ ਮਸਾਣੀ।।**
**ਅੰਧੁ ਨਾ ਜਾਣੈ।। ਫਿਰਿ ਪਛੁਤਾਣੀ।।**
**ਨਾਨਕ ਨਦਰਿ ਕਰੇ ਸੋ ਪਾਏ।।**
**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।।**
**(ਪੰਨਾ 467-68)।।**

ਕੇਵਲ ਪੜੀ ਜਾਣ ਤੇ ਕੂੜੀ ਜਾਣ ਵਾਲੇ ਸਮਾਜ, ਤੀਰਥਾਟਨ ਕਰੀ ਜਾਣ ਵਾਲੇ ਸਮਾਜ, ਅਨੇਕਾਂ ਭੇਖਾਂ ਵਾਲੇ ਲੋਕ ਕੇਵਲ ਦੁੱਖਾਂ ਵਿਚ ਹੀ ਪਏ ਰਹਿੰਦੇ ਹਨ। ਅੰਨ ਨਾ ਖਾਣ ਅਰਥਾਤ ਵਰਤਾਂ ਵਿਚ ਵਿਸ਼ਵਾਸੀ ਵਿਅਕਤੀ ਕੇਵਲ ਸੁਆਦ ਤੋਂ ਵਾਂਝੇ ਰਹਿੰਦੇ ਹਨ, ਕੋਈ ਅਧਿਆਤਮਿਕ ਉਨਤੀ ਨਹੀਂ ਕਰਦੇ। ਬਸਤਰ ਨਾ ਧਾਰਨ ਵਾਲੇ ਕੇਵਲ ਕੁਦਰਤ ਦੀ ਕਰੋਪੀ ਦਾ ਹੀ ਸ਼ਿਕਾਰ ਬਣਦੇ ਹਨ ਅਤੇ ਇਸੇ ਤਰਾਂ ਮੋਨ ਧਾਰਨ ਕਰੀ ਰੱਖਣ ਵਾਲੇ ਲੋਕ ਦਰਅਸਲ ਦੂਸਰਿਆਂ ਦੇ ਦੁੱਖ-ਦਰਦ ਪ੍ਰਤੀ ਵੀ ਸੁੱਤੇ ਹੀ ਰਹਿੰਦੇ ਹਨ। ਏਸੇ ਤਰਾਂ ਹੀ ਨੰਗੇ ਪੈਰ ਯਾਤਰਾਵਾਂ ਕਰਨ ਵਾਲੇ ਅਤੇ ਅਲੁਮਲ ਖਾਣ ਵਾਲੇ ਅਘੋਰੀ ਆਦਿ ਮੜੀਆਂ ਵਿਚ ਨਿਵਾਸ ਬਣਾ ਕੇ ਜਿਉਂਦੇ ਜਾਗਦੇ ਲੋਕਾਂ ਤੋਂ ਸਦਾ ਲਈ ਦੂਰ ਹੀ ਬਣੇ ਰਹਿੰਦੇ ਹਨ ਅਤੇ ਆਪਣੀ ਹਉਮੈਂ ਵਿਚ ਗਲਤਾਨ ਹੋਏ ਰਹਿੰਦੇ ਹਨ। ਕੇਵਲ ਸੱਚੇ ਸ਼ਬਦ ਰਾਹੀਂ ਹੀ ਉਨਾਂ ਨੂੰ ਹਉਮੈਂ ਦੀ ਅਗਨ ਤੋਂ ਛੁਟਕਾਰਾ ਮਿਲ ਸਕਦਾ ਹੈ। ਏਸੇ ਤਰਾਂ ਹੀ ਵਾਰ ਆਸਾ ਵਿਚ ਦੁਬਿਧਾ ਗ੍ਰਸਤ ਉਨਾਂ ਸਮਾਜਾਂ ਨੂੰ ਵੀ ਚਿਤਾਰਿਆ ਗਿਆ ਹੈ ਜਿਹੜੇ ਮਨ ਅੰਦਰ ਤਾਂ ਰਾਮ-ਰਾਮ ਕਰਦੇ ਹਨ ਪਰ ਬਾਹਰੋਂ ਹੁਕਮਰਾਨਾਂ ਨੂੰ ਪ੍ਰਸੰਨ ਕਰਨ ਲਈ ਉਨਾਂ ਦੇ ਧਰਮ ਗ੍ਰੰਥਾਂ ਦਾ ਪਾਠ ਕਰੀ ਜਾਂਦੇ ਹਨ। ਅਜਿਹੇ ਸਮਾਜ ਨਾ ਇਸ ਦੁਨੀਆਂ ਦੇ ਯੋਗ ਹੁੰਦੇ ਹਨ ਅਤੇ ਨਾ ਹੀ ਪਰਲੋਕ ਸੁੱਖ ਦੇ ਅਧਿਕਾਰੀ ਹੁੰਦੇ ਹਨ।

ਅਜਿਹੇ ਠੀਕ ਜੀਵਨ ਪੰਧ ਤੋਂ ਥਿੜਕੇ ਹੋਏ ਲੋਕ ਆਪਣੇ ਮਤਾਂ-ਮਤਾਂਤਰਾਂ ਨੂੰ ਠੀਕ ਠਹਿਰਾਉਣ ਵਿਚ ਅਨੇਕਾਂ ਪ੍ਰਕਾਰ ਦੇ ਕਰਮਕਾਡਾਂ ਵਿਚ ਉਲਝਦੇ ਜਾਂਦੇ ਹਨ ਅਤੇ ਉਨਾਂ ਦੇ ਪਿੱਛੇ ਲੱਗੇ ਲੋਕ ਆਪਣੇ-ਆਪਣੇ ਮਾਰਗ ਦਰਸ਼ਕਾਂ ਨੂੰ ਸਹੀ ਦੱਸਣ ਹਿਤ ਆਪਸ ਵਿਚ ਉਲਝਦੇ ਰਹਿੰਦੇ ਹਨ ਅਤੇ ਕਈ ਤਰਾਂ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਖੜੀਆਂ ਕਰ ਲੈਂਦੇ ਹਨ। ਭਾਈ ਗੁਰਦਾਸ ਜੀ ਨੇ ਅਜਿਹੀ ਸਥਿਤੀ ਦਾ ਵਰਨਣ ਆਪਣੀਆ ਰਚਨਾਵਾਂ ਵਿਚ ਬਿਉਰੇਵਾਰ ਕੀਤਾ ਹੈ:-

**ਚਾਰ ਵਰਨ ਚਾਰ ਮਜਹਬਾਂ ਜਗ ਵਿਚ ਹਿੰਦੂ ਮੁਸਲਮਾਣੇ।**
**ਖੁਦ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ।**
**ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ।**
**ਸੁੰਨਤ ਮੁਸਲਮਾਨ ਕੀ ਤਿਲਕ ਜੰਞੂ ਹਿੰਦੂ ਲੋਭਾਣੇ।**
**ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਮ ਭੁਲਾਣੇ।**
**ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸੈਤਾਣੇ।**
**ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮਉਲਾਣੇ।।**

ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਬੇਸ਼ੱਕ ਸੈਂਕੜੇ ਸਾਲਾਂ ਤੋਂ ਭਾਰਤ ਵਿਚ ਰਿਸ਼ੀਆਂ-ਮੁਨੀਆਂ ਅਤੇ ਵਿਦਵਾਨਾਂ ਨੇ ਵੱਖਰੇ-ਵੱਖਰੇ ਢੰਗ ਨਾਲ ਗਿਆਨ ਦੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ ਹਨ ਅਤੇ ਗਿਆਨ ਦੀਆਂ ਵੱਖ-ਵੱਖ ਪਰਤਾਂ ਦੀਆ ਚਰਚਾਵਾਂ ਵੀ ਬਹੁਤ ਹੋਈਆਂ ਹਨ ਅਤੇ ਗਿਆਨ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਹਿਤ ਸ਼ਾਸਤਰਾਰਥਾਂ ਦੇ ਨਾਂ ਤੇ ਵਾਦ-ਵਿਵਾਦ ਤਾਂ ਬਹੁਤ ਕੀਤੇ ਗਏ ਹਨ ਪਰ ਸਿਧਾਂਤਾਂ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਲਈ ਸੰਸਥਾਵਾਂ ਦੀ ਸਥਾਪਨਾ ਹਿੱਤ ਕੁਝ ਵੀ ਨਹੀਂ ਕੀਤਾ ਗਿਆ। ਸਗੋਂ ਵਰਣ ਵਿਵਸਥਾ ਵਰਗੀ ਸੰਸਥਾ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰ ਦਿੱਤਾ ਅਤੇ ਮਨੁੱਖੀ ਹਿੱਤ ਜਾਤਾਂ ਦੇ ਹਿੱਤਾਂ ਵਿਚ ਤਬਦੀਲ ਹੋ ਗਏ ਅਤੇ ਲੋਕ ਦਿਨ ਪ੍ਰਤੀ ਦਿਨ ਇਕ ਦੂਜੇ ਤੋਂ ਦੂਰ ਹੁੰਦੇ ਚਲੇ ਗਏ। ਨਤੀਜਾ ਸਭ ਦੇ ਸਾਹਮਣੇ ਸੀ। ਮੁੱਠੀ ਭਰ ਹਮਲਾਵਰ ਭਾਰਤ 'ਤੇ ਚੜ ਕੇ ਆਏ ਅਤੇ ਏਥੋਂ ਦੀ ਛਿੰਨ-ਭਿੰਨਤਾ ਦਾ ਲਾਭ ਉਠਾ ਕੇ ਸੈਂਕੜੇ ਸਾਲਾਂ ਤਕ ਏਥੇ ਹਕੂਮਤ ਕਰਦੇ ਰਹੇ। ਸ਼ੱਕ, ਹੂਣਾਂ ਤੋਂ ਪਹਿਲਾਂ ਯੂਨਾਨੀਆਂ ਅਤੇ ਫ਼ਾਰਸ ਦੇ ਲੋਕਾਂ ਨੇ ਭਾਰਤ 'ਤੇ ਹਮਲੇ ਕਰਕੇ ਇਸ ਦੇ ਕਈ ਭਾਗਾਂ ਨੂੰ ਆਪਣੇ ਅਧੀਨ ਬਣਾਈ ਰੱਖਿਆ। ਇਨਾਂ ਤੋਂ ਬਾਅਦ ਗੋਰ, ਗਜ਼ਨੀ ਦੇ ਹਾਕਮਾਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਉਨਾਂ ਦੇ ਗੁਲਾਮਾਂ ਨੇ ਇਸ ਭਾਰਤ ਮਹਾਨ 'ਤੇ ਪੂਰੇ ਤਿੰਨ ਸੌ ਸਾਲ ਰਾਜ ਕੀਤਾ। 1526 ਤੋਂ ਬਾਅਦ ਪੂਰੀਆਂ ਸੱਤ ਪੁਸ਼ਤਾਂ ਤਕ ਮੁਗਲਾਂ ਨੇ ਇੱਥੇ ਹਕੂਮਤ ਕੀਤੀ ਜਿਨਾਂ ਤੋਂ ਅੰਗਰੇਜ਼ਾਂ ਨੇ ਰਾਜ ਖੋਹਿਆ ਅਤੇ ਦੋ ਸੌ ਸਾਲ ਦੇ ਲਗਪਗ ਏਥੇ ਰਾਜ ਕੀਤਾ ਅਤੇ ਭਾਰਤ ਦੀ ਸ਼੍ਰੇਣੀ ਅਤੇ ਜਾਤ ਵੰਡ ਨੂੰ ਆਪਣੇ ਹੱਕ ਵਿਚ ਵਰਤਣ ਲਈ ਇਨਾਂ ਵੰਡੀਆਂ ਨੂੰ ਹੋਰ ਮਜ਼ਬੂਤ ਕੀਤਾ।

ਸਿੱਖ ਧਰਮ ਦਾ ਉਦਭਵ ਪੰਦਰਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਉਦਾਸੀਆਂ ਨਾਲ ਸ਼ੁਰੂ ਹੋਇਆ। ਉਨਾਂ ਨੇ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ ਭਾਰਤ ਦੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਹਾਲਤ ਨੂੰ ਬੜੀ ਨੀਝ ਨਾਲ ਘੋਖਿਆ, ਪੜਚੋਲਿਆ ਅਤੇ ਭਾਰਤ ਦੇ ਉੱਚ ਸ਼੍ਰੇਣੀ ਅਤੇ ਅਖੌਤੀ ਦੱਬੇ-ਕੁਚਲੇ ਲੋਕਾਂ ਨੂੰ ਬਰਾਬਰੀ ਦਾ ਅਹਿਸਾਸ ਕਰਾਉਣ ਲਈ ਆਪਣੀ ਅਗੰਮੀ ਬਾਣੀ ਰਾਹੀਂ ਸਿੱਖਿਆ ਦਿੱਤੀ ਅਤੇ ਨਾਲ ਹੀ ਨਾਲ 'ਸੰਗਤ' ਨਾਮਕ ਸੰਸਥਾ ਦੀ ਨੀਂਹ ਰੱਖੀ। ਉਹ ਜਿੱਧਰ ਵੀ ਗਏ ਉੱਥੇ 'ਸੰਗਤਾਂ' ਸਥਾਪਤ ਕੀਤੀਆਂ। ਪਵਿੱਤਰ ਸੰਗਤ ਸ਼ਰਧਾਲੂਆਂ ਦਾ ਇਕ ਅਜਿਹਾ ਇਕੱਠ ਹੈ ਜਿੱਥੇ ਵਿਅਕਤੀ ਸਮਾਜ ਵਿਚ ਅਤੇ ਸਮਾਜ ਲਈ ਜੀਵਨ-ਜਾਚ ਸਿੱਖਦਾ ਹੈ। 'ਸੰਗਤ' ਦੇ ਤਿੰਨ ਪਹਿਲੂ ਧਿਆਨ ਦੇਣ ਯੋਗ ਹਨ। ਪਹਿਲਾ ਪੱਖ ਇਹ ਹੈ ਕਿ ਗੁਰੂ ਨਾਨਕ ਸਾਰੰਗ ਕੀ ਵਾਰ (ਪੰਨਾ 1244) ਵਿਚ ਫੁਰਮਾਉਂਦੇ ਹਨ ਕਿ ਸਤਿਸੰਗਤ ਨਾਮ ਦਾ ਉਹ ਅਮੁੱਕ ਖਜ਼ਾਨਾ ਹੈ ਜਿਸ ਰਾਹੀਂ ਪ੍ਰਮਾਤਮਾ ਨਾਲ ਸਾਖਿਆਤਕਾਰ ਹੁੰਦਾ ਹੈ। ਏਥੇ ਹੀ ਗੁਰੂ ਦੀ ਕ੍ਰਿਪਾ ਨਾਲ ਅੰਤਰਮਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਹਿਰਦੇ ਵਿਚ ਚਾਨਣ ਹੋ ਜਾਂਦਾ ਹੈ। ਸੰਗੀਤ ਵਿਚ ਹੀ ਊਚ-ਨੀਚ ਦੇ ਹਨੇਰੇ ਦਾ ਵਿਨਾਸ਼ ਹੁੰਦਾ ਹੈ ਅਤੇ ਸਾਰੇ ਆਪਣੇ ਵਰਗੇ ਹੀ ਲੱਗਦੇ ਹਨ। ਹਿਰਦੇ ਦੇ ਚਾਨਣ ਵਿਚ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਵੇਖਣ ਦੀ ਜਾਚ ਸਿੱਖ ਜਾਂਦੇ ਹਾਂ ਅਤੇ ਦੂਜਿਆਂ ਲਈ ਵੀ ਪ੍ਰੇਰਨਾਸ੍ਰੋਤ ਬਣ ਸਕਦੇ ਹਾਂ। ਸੰਗੀਤ ਰੂਪੀ ਪਾਰਸ ਨਾਲ ਲੱਗ ਕੇ ਲੋਹਾ ਰੂਪੀ ਮਨ ਕੰਚਨ ਹੋ ਕੇ ਸਾਰਿਆਂ ਲਈ ਸੁਖਦਾਇਕ ਹੋ ਨਿੱਬੜਦਾ ਹੈ—

**ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।।**
**ਗੁਰਪ੍ਰਸਾਦੀ ਘਟ ਚਾਨਣਾ ਆਨੇਰ ਗਵਾਇਆ।**
**ਲੋਹਾ ਪਾਰਸ ਭੇਟੀਐ ਕੰਚਨੁ ਹੋਇ ਆਇਆ**
**(ਪੰਨਾ 1244)।**

ਸੰਗਤ ਦਾ ਦੂਜਾ ਪੱਖ ਇਹ ਵੀ ਧਿਆਨਯੋਗ ਹੈ ਕਿ ਪਿੱਛੇ ਦੱਸੀ ਪ੍ਰਾਪਤੀ ਲਈ ਵਿਅਕਤੀ ਨੂੰ ਕੈਵਲਯ (ਸਾਂਖ ਸ਼ਾਸਤਰ ਦੀ ਮੁਕਤੀ) ਪ੍ਰਾਪਤ ਕਰਨ ਦੇ ਬਹਾਨੇ ਘਰ-ਬਾਹਰ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਹੈ। ਅਧਿਆਤਮਿਕ ਉਚਾਣਾਂ ਪ੍ਰਾਪਤ ਕਰਨ ਦੇ ਬਹਾਨਿਆਂ ਥੱਲੇ ਨਾਥਾਂ ਯੋਗੀਆਂ ਦੇ 'ਭੈਰਵੀ ਚੱਕਰਾਂ' ਦਾ ਆਯੋਜਨ ਪਿਛਲੇ ਕਈ ਸਾਲਾਂ ਤੋਂ ਨਿਵੇਕਲੇ ਸਥਾਨਾਂ 'ਤੇ ਕੀਤਾ ਜਾ ਰਿਹਾ ਸੀ ਅਤੇ ਆਸਾਮ ਦੇ ਕਾਮਾਖਿਆ ਆਦਿ ਸਥਾਨਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਅਜਿਹੇ ਪ੍ਰਪੰਚਾਂ ਨੂੰ ਅਵੱਸ਼ ਵੇਖਿਆ ਹੋਵੇਗਾ। ਅਜਿਹੇ ਇਕੱਠਾਂ ਵਿਚ ਕਈ ਗੁਹਝ ਸਾਧਨਾਵਾਂ ਕੀਤੀਆਂ ਜਾਂਦੀਆਂ ਹਨ ਜਿਨਾਂ ਨੂੰ ਭੈਰਵੀ ਚੱਕਰ ਦਾ ਨਾਂ ਦਿੱਤਾ ਜਾਂਦਾ ਹੈ। ਇਨਾਂ ਇਕੱਠਾਂ ਵਿਚ ਮਾਸ, ਮਛਲੀ, ਮਦ (ਸ਼ਰਾਬ) ਮੈਥੁਨ ਅਤੇ ਮੁਦਰਾ ਅਰਥਾਤ 'ਪੰਚ ਮਕਾਰਾਂ' ਦਾ ਖੁੱਲ ਕੇ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਇਨਾਂ ਇਕੱਠਾਂ ਵਿਚ ਚੋਣਵੇਂ ਜੋਗੀਆਂ ਅਤੇ ਇਸਤਰੀਆਂ ਨੂੰ ਹੀ ਪ੍ਰਵੇਸ਼ ਦਿੱਤਾ ਜਾਂਦਾ ਸੀ। ਅਧਿਆਤਮਿਕਤਾ ਦੇ ਨਾਂ 'ਤੇ ਕਾਮੁਕਤਾ ਨੂੰ ਵਧਾਉਣ-ਅਪਣਾਉਣ ਦੀ ਖੁੱਲ ਕਾਰਨ ਪਾਖੰਡੀ ਜੋਗੀਆਂ ਦੀ ਗਿਣਤੀ ਵਿਚ ਵਾਧਾ ਹੋਣਾ ਵੀ ਗ਼ੈਰ-ਸੁਭਾਵਿਕ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਸੰਗਤ ਸੰਸਥਾ ਦੀ ਸਥਾਪਨਾ ਕਰਕੇ ਬਿਨਾਂ ਕਿਸੇ ਜਾਤ ਜਾਂ ਧਰਮ ਭੇਦ ਦੇ ਇਸ ਵਿਚ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਕਿਸੇ ਵੀ ਗੁਝੇ ਸਾਧਨਾਂ ਦੀ ਵਕਾਲਤ ਨਹੀਂ ਕੀਤੀ, ਸਗੋਂ ਸੱਚਾ ਤੇ ਸੁੱਚਾ ਜੀਵਨ ਜੀਣ ਦਾ ਉਪਦੇਸ਼ ਦੇ ਕੇ ਇਕ-ਦੂਜੇ ਨਾਲ ਬਿਨਾਂ ਕਿਸੇ ਵਿਤਕਰੇ ਤੋਂ ਜੁੜਨ ਦੀ ਪ੍ਰੇਰਨਾ ਦਿੱਤੀ। ਸੰਗਤ ਸਬੰਧੀ ਤੀਜਾ ਪੱਖ ਇਹ ਵੀ ਹੈ ਜਿਹੜਾ ਘਰ-ਬਾਰ ਛੱਡ ਕੇ ਜੰਗਲਾਂ ਵਿਚ ਤਪੱਸਿਆ ਕਰਨ ਦਾ ਢੰਗ ਕਰਨ ਵਾਲਿਆਂ ਨਾਲ ਸਬੰਧਤ ਹੈ। ਮਨੋਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕਿਸੇ ਗੁਫ਼ਾ ਜਾਂ ਜੰਗਲ ਵਿਚ ਇਕੱਲੇ ਰਹਿੰਦੇ ਹੋਏ ਕੋਈ ਆਸਾਨੀ ਨਾਲ ਹੀ ਠੀਕ ਰਾਹ ਤੋਂ ਭਟਕ ਸਕਦਾ ਹੈ ਕਿਉਂਕਿ ਉੱਥੇ ਦਿਲ ਅਤੇ ਮਨ ਦੀਆਂ ਮਾੜੀਆਂ ਗਿਣਤੀਆਂ-ਮਿਣਤੀਆ ਨੂੰ ਰੋਕਣ ਵਾਸਤੇ ਬਾਹਰੀ ਪ੍ਰਬੰਧ ਕੋਈ ਨਹੀਂ ਹੁੰਦਾ। ਪੁਰਾਣਾਂ ਦੀਆ ਪ੍ਰਾਚੀਨ ਕਥਾ-ਕਹਾਣੀਆਂ ਇਹ ਆਮ ਦੱਸਦੀਆਂ ਹਨ ਕਿ ਕਈ ਰਿਸ਼ੀ ਇੰਦਰ ਵੱਲੋਂ ਭੇਜੀਆਂ ਅਪਸਰਾਵਾਂ ਜਾਂ ਫਿਰ ਆਦਿ ਵਾਸੀ ਸੁੰਦਰ ਇਸਤਰੀ ਦੇ ਜਾਲ ਵਿਚ ਸਹਿਜੇ ਹੀ ਫਸ ਜਾਂਦੇ ਹਨ ਅਤੇ ਤਪੱਸਿਆ ਨੂੰ ਵਿਚੇ ਹੀ ਛੱਡ ਕੇ ਕਾਮ-ਵਾਸਨਾ ਦੀ ਪਕੜ ਵਿਚ ਆ ਜਾਂਦੇ ਹਨ। ਪ੍ਰੰਤੂ ਜੇਕਰ ਵਿਅਕਤੀ ਸਮਾਜ ਵਿਚ ਰਹਿੰਦਾ ਹੈ ਜਿਸ ਦਾ ਹੋਰ ਪਵਿੱਤਰ ਰੂਪ 'ਸੰਗਤ' ਹੈ ਤਾਂ ਉਹ ਵਿਸ਼ੇ-ਵਿਕਾਰਾਂ ਦੀ ਪਕੜ ਤੋਂ ਸੁਭਾਵਿਕ ਹੀ ਬਚਿਆ ਰਹਿੰਦਾ ਹੈ।

ਜਿਹੜੇ ਆਪਣੀਆਂ ਇੰਦਰੀਆਂ ਨੂੰ ਭੈੜੇ ਕਰਮ ਕਰਨ ਲਈ ਹੱਲਾਸ਼ੇਰੀ ਦੇਈ ਰੱਖਦੇ ਹਨ, ਸੰਗਤ ਉਨਾਂ ਲਈ ਇਕ ਅਜਿਹਾ ਸਥਾਨ ਹੈ ਜਿੱਥੇ ਲੰਗਰ ਅਤੇ ਜੋੜਿਆਂ ਆਦਿ ਦੀ ਸੇਵਾ ਕਰਦੇ ਹੋਏ ਵਿਅਕਤੀ ਸਮਾਜ ਨਾਲ ਜੁੜਿਆ ਰਹਿੰਦਾ ਹੈ ਉੱਥੇ ਨਾਲ ਹੀ ਨਾਲ ਉਸ ਦੀ ਹਉਮੈਂ ਨੂੰ ਵੀ ਠੱਲ ਪਈ ਰਹਿਣ ਦੀ ਵਧੇਰੇ ਗੁੰਜਾਇਸ਼ ਹੁੰਦੀ ਹੈ। ਦਰਅਸਲ ਸੰਗਤ ਦੀ ਸੰਸਥਾ ਨੂੰ ਹੋਰ ਪੱਕਾ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਲੰਗਰ ਅਥਵਾ ਪੰਗਤ ਦੀ ਸੰਸਥਾ ਵੀ ਆਰੰਭ ਕੀਤੀ। ਪੰਗਤ ਵਿਚ ਬਿਨਾਂ ਕਿਸੇ ਪੁੱਛ-ਪੜਤਾਲ ਦੇ ਪਰਸ਼ਾਦਾ ਛਕਣ ਅਤੇ ਛਕਾਉਣ ਵਾਲਾ ਸੇਵਾ ਵਿਚ ਲੀਨ ਬਣਿਆ ਰਹਿੰਦਾ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਵੀ ਇਨਾਂ ਸੰਸਥਾਵਾਂ ਨੂੰ ਅੱਗੇ ਵਧਾਇਆ ਅਤੇ ਗੁਰੂ ਘਰ ਦਾ ਇਕ ਨਿਯਮ ਹੀ ਬਣ ਗਿਆ ਕਿ 'ਪਹਿਲੇ ਪੰਗਤ ਪਾਛੇ ਸੰਗਤ।'

ਸੰਗਤ ਸੰਸਥਾ ਨੂੰ ਗੁਰੂ ਸਾਹਿਬਾਨ ਵੱਲੋਂ ਨਿਯੁਕਤ ਕੀਤੇ ਹੋਏ ਮੰਜੀਦਾਰਾਂ ਅਤੇ ਮਸੰਦਾਂ ਨੇ ਵੱਖਰੇ-ਵੱਖਰੇ ਇਲਾਕਿਆਂ ਵਿਚ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਅਤੇ ਹੁਣ ਸੰਗਤ ਹੀ ਮਸੰਦਾਂ ਰਾਹੀਂ ਕੌਮ ਅਤੇ ਗੁਰੂ ਘਰ ਦੀ ਸਾਂਭ-ਸੰਭਾਲ ਕਰਨ ਲੱਗ ਪਈ ਸੀ। ਸੰਗਤਾਂ ਹੀ ਹੁਣ ਰੁਪਈਏ ਪੈਸੇ ਦਾ ਚੜਾਵਾ ਇਕੱਠਾ ਕਰਦੀਆਂ ਅਤੇ ਮਸੰਦਾਂ ਰਾਹੀਂ ਗੁਰੂ ਘਰ ਨੂੰ ਭੇਜਦੀਆਂ ਸਨ। ਸਹਿਜੇ-ਸਹਿਜੇ ਸੰਗਤ ਇੰਨੀ ਮਜ਼ਬੂਤ ਸੰਸਥਾ ਬਣ ਗਈ ਕਿ ਅੱਜ ਤਕ ਵੀ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤਾਂ ਸੰਗਤ ਇੱਕੀ ਵਿਸਵੇ ਹੈ। ਇਹ ਕੇਵਲ ਕਹਿਣ ਵਿੱਚ ਹੀ ਨਹੀਂ ਸੀ ਸਗੋਂ ਸਮੇਂ-ਸਮੇਂ ਇਸ ਕਥਨ ਦੀ ਸੱਚਾਈ ਦੀ ਪਰਖ ਵੀ ਹੁੰਦੀ ਰਹੀ। ਮੁਗਲ ਦਰਬਾਰ ਦੇ ਅਧਿਕਾਰੀ ਚੰਦੂ ਲਾਲ ਵੱਲੋਂ ਗੁਰੂ ਘਰ ਪ੍ਰਤੀ ਕਹੇ ਮਾੜੇ ਸ਼ਬਦਾਂ ਦਾ ਸਿੱਖ ਸੰਗਤ ਨੇ ਬੁਰਾ ਮਨਾਇਆ ਅਤੇ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀਆਂ ਇੱਛਾਵਾਂ 'ਤੇ ਫੁੱਲ ਚੜਾਉਂਦੇ ਹੋਏ ਆਪਣੇ ਸਪੁੱਤਰ (ਗੁਰੂ) ਹਰਗੋਬਿੰਦ ਜੀ ਦਾ ਰਿਸ਼ਤਾ ਚੰਦੂ ਦੀ ਪੁੱਤਰੀ ਨਾਲ ਹੁੰਦਾ ਹੁੰਦਾ ਨਾਮਨਜ਼ੂਰ ਕਰ ਦਿੱਤਾ। ਏਸੇ ਤਰਾਂ ਹੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿੰਥੀ ਚੰਦ ਨੂੰ ਸਰਕਾਰੀ ਸਹਾਇਤਾ ਦੇ ਬਾਵਜੂਦ ਸੰਗਤ ਨੇ ਗੁਰੂ ਨਹੀਂ ਮੰਨਿਆ ਅਤੇ ਰਾਮ ਰਾਇ ਨੂੰ ਵੀ ਬਾਣੀ ਵਿਚ ਤਬਦੀਲੀ ਕਰਕੇ ਗਲਤ ਅਰਥ ਕਰਨ ਕਾਰਨ ਸੰਗਤਾਂ ਨੇ ਤਿਆਗ ਦਿੱਤਾ। ਧੀਰਮੱਲ ਨੂੰ ਵੀ ਸਿੱਖੀ ਦੀ ਮੁੱਖ ਧਾਰਾ ਤੋਂ ਵੱਖਰਾ ਕਰਕੇ ਸੰਗਤ ਨੇ ਸਿੱਧ ਕਰ ਦਿੱਤਾ ਕਿ ਸਰਕਾਰੀ ਸਹਾਇਤਾ ਕੁਝ ਨਹੀਂ ਕਰ ਸਕਦੀ ਜੇਕਰ ਸੰਗਤ ਮਾਨਤਾ ਨਹੀਂ ਦਿੰਦੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਸਾਹਿਬਾਨ ਸਿੱਖਾਂ ਵਾਸਤੇ ਸਦਾ ਹੀ ਇਕ ਚਾਨਣਮੁਨਾਰਾ ਰਹੇ ਹਨ ਪ੍ਰੰਤੂ ਸਿੱਖ ਧਰਮ ਨੂੰ ਵਧਣ-ਫੁਲਣ ਵਿਚ ਸਿੱਖ ਸੰਗਤ ਵੱਲੋਂ ਦਿੱਤੀ ਸਹਾਇਤਾ ਮਹਾਨ ਅਤੇ ਪ੍ਰਸ਼ੰਸਾਯੋਗ ਹੈ। ਗੁਰੂ ਹਰਗੋਬਿੰਦ ਜੀ ਦੇ ਸਮੇਂ ਤਕ ਸਿੱਖ ਸੰਗੀਤ ਇਸ ਤੱਥ ਪ੍ਰਤੀ ਪੂਰੀ ਤਰਾਂ ਚੇਤੰਨ ਹੋ ਚੁੱਕੀ ਸੀ ਕਿ ਸ਼ਕਤੀ ਤੋਂ ਬਿਨਾਂ ਭਗਤੀ ਅਧੂਰੀ ਹੀ ਨਹੀਂ ਹੈ ਸਗੋਂ ਸਮਾਜ ਲਈ ਹਾਨੀਕਾਰਕ ਵੀ ਹੈ। ਆਰੰਭ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਦ੍ਰਿੜ ਕੀਤਾ ਹੋਇਆ ਸੀ ਕਿ ਮਨੁੱਖਤਾ ਨੂੰ ਪ੍ਰੇਮ ਕਰਨ ਲਈ ਬਲੀਦਾਨ ਦੇ ਜਜ਼ਬੇ ਨੂੰ ਬਲਵਾਨ ਬਣਾਉਣਾ ਪਵੇਗਾ ਅਤੇ ਇਸ ਰਾਹ 'ਤੇ ਚੱਲਦਿਆਂ ਸਿਰ ਨੂੰ ਤਲੀ 'ਤੇ ਰੱਖ ਕੇ ਅੱਗੇ ਵਧਦੇ ਜਾਣਾ ਪਵੇਗਾ। ਸੰਗਤ ਦੇ ਸਿਧਾਂਤ ਦੀ ਹੋਰ ਵਿਆਖਿਆ ਕਰਦੇ ਹੋਏ ਗੁਰੂ ਅੰਗਦ ਦੇਵ ਜੀ ਨੇ ਹੋਰ ਵੀ ਸਪੱਸ਼ਟ ਕੀਤਾ ਕਿ ਬੇਸ਼ੱਕ ਅੱਜ ਤਕ ਇਸ ਸਿਧਾਂਤ ਨੂੰ ਮੰਨਿਆ ਜਾ ਰਿਹਾ ਹੈ ਕਿ ਜੋਗੀਆਂ ਦਾ ਮਾਰਗ ਗਿਆਨ ਦਾ ਮਾਰਗ ਹੈ, ਬ੍ਰਾਹਮਣਾਂ ਦਾ ਮਾਰਗ ਵੇਦਾਂ ਦਾ ਅਧਿਐਨ ਕਰਨਾ ਹੈ, ਖੱਤਰੀਆਂ ਦਾ ਮਾਰਗ ਸੂਰਮਤਾਈ ਲਈ ਤਿਆਰ ਬਰ ਤਿਆਰ ਰਹਿਣਾ ਹੈ ਅਤੇ ਅਖੌਤੀ ਸ਼ੂਦਰਾਂ ਦਾ ਮਾਰਗ ਪਰਾਈ ਕਿਰਤ ਅਰਥਾਤ ਸੇਵਾ ਕਰਨਾ ਹੀ ਹੈ ਪਰ ਸਿੱਖੀ ਇਸ ਤੱਥ ਤੋਂ ਉਲਟ ਇਹ ਪਰਵਾਨ ਕਰਦੀ ਹੈ ਕਿ ਸਾਰਿਆਂ ਦਾ ਮਾਰਗ ਸਾਂਝਾ ਇਕੋ ਹੀ ਹੈ ਅਰਥਾਤ ਸਾਰਿਆਂ ਨੇ ਸਾਰੇ ਕੰਮ ਕਰਨੇ ਹਨ; ਜਿਹੜਾ ਇਸ ਤੱਥ ਦੇ ਰਹੱਸ ਨੂੰ ਸਮਝਦਾ ਹੈ, ਨਾਨਕ (ਗੁਰੂ ਅੰਗਦ) ਤਾਂ ਉਸੇ ਦਾ ਸੇਵਕ ਹੈ ਅਤੇ ਉਹੀ ਸਾਡੇ ਲਈ ਪ੍ਰਮਾਤਮਾ ਹੈ:-

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।**
**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ।।**
**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।**
**ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।।**
**(ਪੰਨਾ 469)**

ਇਨਾਂ ਸਾਰੇ ਸਿਧਾਂਤਾਂ ਨੂੰ ਪਰਪੱਕਤਾ ਦੇਣ ਲਈ ਸਿੱਖ ਸੰਗਤਾਂ ਨੇ ਪਹਿਲਾਂ ਸੰਗਤ ਰੂਪ ਵਿਚ ਇਕੱਠੇ ਹੋਣ ਲਈ ਧਰਮਸ਼ਾਲ ਬਣਾਈ ਜਿਹੜੀ ਕਾਲਾਂਤਰ ਵਿਚ ਗੁਰਦੁਆਰੇ ਦਾ ਰੂਪ ਧਾਰ ਕੇ ਅੱਜ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਹੈ ਜਿੱਥੇ ਮਿਲ-ਬੈਠ ਕੇ ਅਧਿਆਤਮਿਕਤਾ ਨੂੰ ਡੂੰਘਾ ਕਰਨ ਲਈ ਗੁਰਬਾਣੀ ਦਾ ਕੀਰਤਨ, ਕਥਾ ਵਖਿਆਨ ਹੁੰਦੇ ਹਨ ਅਤੇ ਸਮਾਜਿਕ ਪੰਥਕ ਮਸਲਿਆਂ ਨੂੰ ਵੀ ਵਿਚਾਰਿਆ ਜਾਂਦਾ ਹੈ ਅਤੇ ਪੰਥਕ ਫ਼ੈਸਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਵੱਲੋਂ ਕੀਤੇ ਗੁਰਮਤੇ ਰਾਹੀਂ ਲਈ ਜਾਂਦੇ ਹਨ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਚੇਤਿਆਂ ਚ ਵਸਿਆ ਮੰਟੋ

**- ਭੋਲਾ ਸਿੰਘ ਸੰਘੇੜਾ**
**98147-87506**

ਪਾਠਕਾਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਛੱਡਣ ਵਾਲੀ ਰਚਨਾਂ ਦੀ ਪ੍ਰਾਪਤੀ ਕਿਸੇ ਵਿਰਲੇ ਟਾਂਵੇ ਲੇਖਕ ਦੇ ਹਿੱਸੇ ਹੀ ਆਉਂਦੀ ਹੈ। ਅਜਿਹੀ ਰਚਨਾ ਦਾ ਜਾਦੂਈ ਪ੍ਰਭਾਵ ਵਾਰ ਵਾਰ ਪਾਠਕਾਂ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਦਾ ਰਹਿੰਦਾ ਹੈ।

ਕਿਸੇ ਲੇਖਕ ਦੀ ਸਾਹਿਤਕ ਉਮਰ ਉਸਦੀ ਰਚਨਾਂ ਹੀ ਤੈਅ ਕਰਦੀ ਹੈ। ਰਚਨਾਂ ਦੇ ਮਾਧਿਅਮ ਰਾਹੀਂ ਲੇਖਕ ਹਮੇਸ਼ਾ ਲਈ ਪਾਠਕਾਂ ਦੇ ਮਨ ਚ ਉਤਰ ਜਾਂਦਾ ਹੈ। ਸਾਅਦਤ ਹਸਨ ਮੰਟੋ ਵੀ ਇੱਕ ਅਜਿਹਾ ਹੀ ਕਲਮਕਾਰ ਸੀ ਜੋ ਹਮੇਸ਼ਾ ਸਾਡੇ ਚੇਤਿਆਂ ਚ ਵਸਦਾ ਰਹੇਗਾ।

ਬਿਨਾਂ ਸ਼ੱਕ, ਹਾਲਾਤ ਬਦਲਦੇ ਰਹਿਣਗੇ। ਇਨਾਂ ਬਦਲਦੇ ਹਾਲਾਤਾਂ 'ਚ ਪਾਠਕਾਂ ਦੀ ਦੁਨੀਆਂ ਵੀ ਰੰਗ ਬਦਲਦੀ ਰਹੇਗੀ। ਪਰ ਮੰਟੋ ਕਿਧਰੇ ਨਹੀਂ ਜਾਏਗਾ। ਵਕਤ ਦੀਆਂ ਧੂੜਾਂ ਧੁੱਪਾਂ ਉਸਦੇ ਰੰਗ ਨੂੰ ਫਿੱਕਾ ਨਹੀਂ ਪਾ ਸਕਣਗੀਆਂ।

ਮੰਟੋ ਇਕ ਆਧਾਰਣ ਅਫਸਾਨਾਨਿਗਾਰ ਸੀ। ਉਸਦੀਆਂ ਨਜ਼ਰਾਂ ਨੇ ਉਹ ਤੱਕਿਆ ਜਿਸ ਵੱਲ ਉਸ ਦੇ ਸਮਕਾਲੀਆਂ ਦੀ ਨਜ਼ਰ ਜਾਣ ਤੋਂ ਝਿਜਕਦੀ ਸੀ ਉਸਨੇ ਉਹ ਮਹਿਸੂਸ ਕੀਤਾ ਜੋ ਇੱਕ ਪਾਕ ਰੂਹ ਹੀ ਮਹਿਸੂਸ ਕਰ ਸਕਦੀ ਹੈ।ਤੇ ਉਸਨੇ ਪਰਦੇ ਪਿਛਲੀ ਉਹ ਹਕੀਕਤ ਆਪਣੀਆਂ ਰਚਨਾਵਾਂ ਵਿੱਚ ਬਿਆਨ ਕੀਤੀ ਜਿਸਨੂੰ ਲਿਖਣ ਲੱਗਿਆਂ ਕਹਿੰਦੇ ਕਹਾਉਂਦੇ ਕਲਮਕਾਰਾਂ ਨੂੰ ਤਰੇਲੀਆਂ ਆ ਜਾਂਦੀਆਂ ਹਨ।

ਮੰਟੋ ਨੂੰ ਸਮਾਜ ਦਾ ਸਾਊ ਪੁੱਤ ਬਣਨਾਂ ਸਵੀਕਾਰ ਨਹੀਂ ਸੀ। ਉਸਨੇ ਧਾਰਮਿਕ ਤੇ ਰਾਜਨੀਤਿਕ ਲੋਕਾਂ ਦੇ ਕੋਹਜ ਨੂੰ ਨੰਗਾ ਕੀਤਾ। ਸ਼ਾਇਦ ਇਸੇ ਕਰਕੇ ਉਹ ਕਲਮਕਾਰਾਂ ਦੀ ਭੀੜ ਦਾ ਹਿੱਸਾ ਨਹੀਂ ਬਣਿਆ। ਉਹ ਅਲਗ ਹੀ ਖੜਾ ਆਉਂਦਾ ਹੈ।

ਉਸਦੀਆਂ ਕਹਾਣੀਆਂ, ਵਿਸ਼ੇ, ਘਟਨਾਕ੍ਰਮ, ਪਾਤਰ, ਸ਼ਬਦ, ਵਾਕ ਤੇ ਸੰਵਾਦ ਅੱਜ ਵੀ ਸਿਰ ਚੜ ਬੋਲਦੇ ਹਨ।

ਮੈਂ ਸਾਅਦਤ ਹਸਨ ਮੰਟੋ ਦਾ ਪਹਿਲੀ ਵਾਰ ਨਾਂ 1983 ਵਿੱਚ ਸੁਣਿਆ ਸੀ। ਜਨਵਰੀ 1983 'ਚ ਮੈਂ ਸਰਕਾਰੀ ਮਿਡਲ ਸਕੂਲ ਭਾਦੜਾ (ਮਾਨਸਾ) ਵਿਖੇ ਸਾਇੰਸ ਮਾਸਟਰ ਦੀ ਆਸਾਮੀ ਤੇ ਹਾਜ਼ਰ ਹੋਇਆ ਸਾਂ। ਇਸੇ ਸਕੂਲ 'ਚ ਪੜਾਉਂਦਾ ਡਰਾਇੰਗ ਮਾਸਟਰ ਸਵਰਗੀ ਹਰਪਾਲ ਸਿੰਘ ਮੇਰਾ ਦਿਨਾਂ ਚ ਹੀ ਗੂੜਾ ਮਿੱਤਰ ਬਣ ਗਿਆ ਸੀ। ਉਸਦੀ ਚਿੱਤਰਕਾਰੀ ਬੜੀ ਕਮਾਲ ਦੀ ਸੀ। ਜੇ ਉਹ ਜਿਉਂਦਾ ਰਹਿੰਦਾ ਤਾਂ ਉਸਦਾ ਚਿੱਤਰਕਲਾ ਦੇ ਖੇਤਰ ਵਿੱਚ ਬੜਾ ਵੱਡਾ ਨਾਂ ਹੋਣਾ ਸੀ। ਅਜੇ ਉਸਦੀ ਉਮਰ 30 ਕੁ ਸਾਲ ਦੀ ਹੀ ਸੀ ਜਦੋਂ ਉਸਦੀਆਂ ਪੇਟਿੰਗਜ ਦਾ ਮੁੱਲ ਲੱਖਾਂ ਰੁਪਏ ਪੈਣ ਲੱਗ ਪਿਆ ਸੀ।

ਚਿੱਤਰਕਾਰੀ ਤੋਂ ਬਿਨਾਂ ਉਸਨੇ ਚਰਚਿਤ ਪੁਸਤਕਾਂ ਵੀ ਪੜੀਆਂ ਹੋਈਆਂ ਸਨ। ਉਸ ਨੂੰ ਮੇਰੇ ਸਾਹਿਤਕ ਲਗਾਓ ਬਾਰੇ ਪਤਾ ਲੱਗ ਗਿਆ ਸੀ। ਉਹ ਆਪਣੀਆਂ ਗੱਲਾਂ ਬਾਤਾਂ 'ਚ ਅਕਸਰ ਹੀ ਉੱਚ ਕੋਟੀ ਦੇ ਲੇਖਕਾਂ ਦੀਆਂ ਮਕਬੂਲ ਰਚਨਾਵਾਂ ਦਾ ਜ਼ਿਕਰ ਕਰਦਾ ਰਹਿੰਦਾ। ਮੈਂ ਹੈਰਾਨ ਸਾਂ ਕਿ ਗੱਲਾਂ ਕਰਦਾ-ਕਰਦਾ ਕਈ ਬਾਰ ਕਿਸੇ ਪਾਤਰ ਨੂੰ ਅੱਖਾਂ ਸਾਮਣੇ ਲਿਆ ਖੜਾਉਂਦਾ। ਜਦੋਂ ਮੈਂ ਉਸਨੂੰ ਮੈਂ ਆਪਣੇ ਲਿਖਣ ਬਾਰੇ ਦੱਸਿਆ ਤਾਂ ਉਹ ਸਾਹਿਤ ਦੀਆਂ ਹੋਰ ਵੀ ਸੰਜੀਦਾਂ ਬਾਤਾਂ ਪਾਉਂਣ ਲੱਗ ਪਿਆ। ਬੋਲਦਾ-ਬੋਲਦਾ ਕਈ ਵਾਰ ਉਹ ਮੇਰੀਆਂ ਅੱਖਾਂ 'ਚ ਅੱਖਾਂ ਪਾਕੇ ਦੇਖਦਾ। ਸ਼ਾਇਦ ਉਸਨੂੰ ਪਰਤਵੇਂ ਰੂਪ ਵਿੱਚ ਮੇਰੇ ਸਾਹਿਤਕ ਹੁੰਗਾਰੇ ਦੀ ਉਡੀਕ ਹੁੰਦੀ। ਮੇਰੇ ਮੱਠੇ ਹੁੰਗਾਰੇ ਕਾਰਨ ਉਸਨੇ ਇੱਕ ਦਿਨ ਮੇਰੇ ਸਾਹਿਤ ਪ੍ਰਤਿ ਲਗਾਓ ਨੂੰ ਟੋਹਿਆ।

ਮਸਲਨ:

ਕੀ ਗੋਰਕੀ ਪੜਿਆ ਹੈ? ਚੈਖਵ ਪੜਿਆ ਹੈ? ਰਜਨੀਸ਼ ਪੜਿਆ ਹੈ? ਰਸੂਲ ਹਮਜਾਤੋਵ ਦੀ 'ਮੇਰਾ ਦਾਗਿਸਤਾਨ' ਪੜੀ ਹੈ? ਅਰਨਸਟ ਹੈਮਿੰਗਵੇ ਦਾ 'ਬੁਢਾ ਤੇ ਸਮੁੰਦਰ' ਪੜਿਆ ਹੈ? ਕੀ ਮੰਟੋ ਪੜਿਆ ਹੈ?

ਉਨਾਂ ਦਿਨਾਂ ਚ ਮੇਰੇ ਲਈ ਇਹ ਸਾਰੇ ਨਾਂ ਨਵੇਂ ਸਨ। ਮੈਂ ਡੌਰ-ਭੌਰ ਹੋਇਆ ਆਲਾ ਦੁਆਲਾ ਤੱਕ ਰਿਹਾ ਸਾਂ। ਉਸ ਦਿਨ ਮੈਂ ਪਹਿਲੀ ਵਾਰ ਸਹਿਤਕ ਪੱਖੋਂ ਆਪਣੇ-ਆਪ ਨੂੰ ਊਣਾ ਮਹਿਸੂਸ ਕੀਤਾ। ਉਸ ਨੇ ਉਸ ਦਿਨ ਆਪਣੀ ਲਾਇਬਰੇਰੀ ਵਿੱਚੋਂ ਸਾਅਦਤ ਹਸਨ ਮੰਟੋ ਦੀ ਪੁਸਤਕ 'ਠੰਡਾ ਗੋਸ਼ਤ' ਪੜਨ ਨੂੰ ਦਿੱਤੀ।

'ਠੰਡਾ ਗੋਸ਼ਤ' ਦੀਆਂ ਕਹਾਣੀਆਂ ਪੜਦਿਆਂ ਮੈਂ ਮਨ ਹੀ ਮਨ ਮੈਂ ਆਪਣੇ ਸਲਾਹੀ ਦੋਸਤ ਦਾ ਧੰਨਵਾਦ ਕੀਤਾ। ਮੰਟੋ ਦੀ ਜਿਸ ਕਹਾਣੀ ਨੇ ਮੈਨੂੰ ਸਭ ਤੋਂ ਵੱਧ ਟੁੰਬਿਆ, ਉਹ ਸੀ 'ਟੋਭਾ ਟੇਕ ਸਿੰਘ'।

ਇਹ ਕਹਾਣੀ ਮੈਂ ਵਾਰ ਵਾਰ ਪੜੀ ਅੱਜ ਵੀ ਕਦੇ ਕਦਾਈ ਮੈਂ ਇਸਨੂੰ ਪੜ ਲੈਂਦਾ ਹਾਂ। ਉਸ ਸਮੇਂ ਕਈ ਸੰਵਾਦ ਮੇਰੇ ਜ਼ੁਬਾਨੀ ਯਾਦ ਹੋ ਗਏ ਸਨ।

ਪਾਗ਼ਲਖਾਨੇ ਦਾ ਇੱਕ ਪਾਤਰ ਬਿਸ਼ਨਾ ਸਿੰਘ ਆਪਣਾ ਪੈਟ ਸੰਵਾਦ ਥੋੜੇ ਜਿਹੇ ਫਰਕ ਨਾਲ ਵਾਰ ਵਾਰ ਦੁਹਰਾਉਂਦਾ ਹੈ;

"ਓਪੜ ਦੀ ਗੜਗੜ ਦੀ ਅਨੈਕਸ ਦੀ ਬੇਧਿਆਨਾਂ ਮੂੰਗ ਦੀ ਦਾਲ ਆਫ ਦੀ ਲਾਲਟੈਨ"

ਜਾਂ "ਓਪੜ ਆਫ ਦੀ ਪਾਕਿਸਤਾਨ ਗਵਰਨਮੈਂਟ"

ਜਾਂ "ਓਪੜ ਆਫ ਦੀ ਵਾਹਿਗੁਰੂ ਜੀ ਦਾ ਖਾਲਸਾ ਐਂਡ ਵਾਹਿਗੁਰੂ ਜੀ ਦੀ ਫਤਹਿ"

ਜਾਂ 'ਓਪੜ ਪਾਕਿਸਤਾਨ ਐਂਡ ਹਿੰਦੋਸਤਾਨ ਆਫ ਦੀ ਦੁਰਫਿੱਟੇ ਮੂੰਹ"

"ਓਪੜ ਦੀ ਗੜਬੜ" ਤਾਂ ਅਜਿਹੇ ਜੁਬਾਨ ਤੇ ਚੜੇ ਕਿ ਜਦੋਂ ਵੀ ਹੌਲ ਜਿਹਾ ਉਠਦਾ ਤਾਂ ਬੋਲਣ ਲੱਗ ਜਾਂਦਾ ਸਾਂ।

ਅਸੀਂ ਚਾਰ ਪੰਜ ਅਧਿਆਪਕ ਬੁਢਲਾਢੇ ਕਿਰਾਏ ਦੇ ਕਮਰਿਆਂ ਚ ਰਹਿੰਦੇ ਸਾਂ। ਸਾਰੇ ਹੀ ਕੁਆਰੇ ਸਾਂ। ਛੁੱਟੀ ਵਾਲੇ ਦਿਨ ਜਾਂ ਸਾਮ ਨੂੰ ਅਕਸਰ ਇੱਕਠੇ ਹੋ ਜਾਂਦੇ ਸਾਂ ਤਾਸ਼ ਚਲਦੀ ਜਾਂ ਗੱਪਸ਼ੱਪ। ਜਾਂ ਫਿਰ ਕਦੇ ਕਦਾਈਂ ਖਾਂਣ ਪੀਣ ਦਾ ਜੁਗਾੜ ਵੀ ਬਣ ਜਾਂਦਾ ਸੀ। ਤਾਸ਼ ਦੀ ਬਾਜੀ ਲਾਉਂਦਿਆਂ ਜਦ ਮੈਂ ਕਿਸੇ ਦੀ ਸਰ ਕੱਟਣੀ ਤਾਂ ਜੋਸ਼ ਵਿੱਚ ਆਕੇ ਜੋਰ ਦੀ ਪੱਤਾ ਮਾਰਦੇ ਹੋਏ ਕਹਿਣਾ, "ਚੱਕ ਬਈ ਓਪੜ ਦੀ ਗੜਗੜ"



ਸ਼ਬਜੀ ਬਣਾਉਂਣ ਦੀ ਜਿੰਮੇਵਾਰੀ ਮੇਰੀ ਹੁੰਦੀ ਸੀ। ਤੜਕਾ ਲਾਉਂਦੇ ਸਮੇਂ ਜੇ ਪਤਾ ਲੱਗਣਾ ਕਿ ਟਮਾਟਰ ਤਾਂ ਹੈਨੀ ਤਾਂ ਝੱਟ ਕਹਿ ਦੇਣਾ "ਸ਼ਬਜੀ ਕੀ ਸੁਆਹ ਬਣੇਗੀ ਓਪੜ ਦੀ ਗੜਗੜ ਤਾਂ ਹੈਨੀ"

ਇੱਕ ਦਿਨ ਸਾਥੀਆਂ ਨੇ ਪੁੱਛਿਆ , "ਯਾਰ ਆਹ ਤੇਰਾ ਓਪੜ ਦੀ ਗੜਗੜ ਕੀ ਬਲਾ ਹੈ?" ਜਦੋਂ ਉਨਾਂ ਨੂੰ ਮੈਂ ਮੰਟੋ ਦੀ ਕਹਾਣੀ ਬਾਰੇ ਦੱਸਿਆ ਤਾਂ ਉਨਾਂ ਸਾਰਿਆਂ ਨੇ 'ਟੋਭਾ ਟੇਕ ਸਿੰਘ' ਕਹਾਣੀ ਪੜੀ। ਬੱਸ ਫਿਰ ਕੀ ਸੀ ਸਾਰੇ ਹੀ ਮੇਰੇ ਵਾਂਗ 'ਓਪੜ ਦੀ ਗੜਗੜ' ਦੁਹਰਾਉਂਣ ਲੱਗ ਪਏ ਸਨ।

ਜੇ ਕਿਸੇ ਦਾ ਸ਼ਬਜੀ ਤੋਂ ਦਿਲ ਭਰ ਜਾਣਾ ਤੇ ਦਾਲ ਖਾਣ ਨੂੰ ਚਿੱਤ ਕਰਨਾ ਤਾਂ

ਕਹਿਣਾ, "ਉਹ ਬਣਾ ਲਓ ਯਾਰ ਮੂੰਗ ਆਫ ਦੀ ਦਾਲ ਆਫ ਦੀ ਦਾਲ ਆਫ ਦੀ ਬੇਧਿਆਨਾ"

ਫਿਰ ਅਸੀਂ ਸਾਰੇ ਆਮ ਬੋਲ-ਚਾਲ 'ਚ 'ਟੋਭਾ ਟੇਕ ਸਿੰਘ' ਦੇ ਪਾਤਰ ਵਾਂਗ ਅੰਗਰੇਜ਼ੀ ਪੰਜਾਬੀ ਦੀ ਖਿਚੜੀ ਪਕਾਉਂਣ ਲੱਗ ਗਏ ਸਾਂ। ਫਿਕਰੇ ਚ ਅੱਧੀ ਕੁ ਅੰਗਰੇਜ਼ੀ ਅੱਧੀ ਕੁ ਪੰਜਾਬੀ।

ਇਹ ਮੰਟੋ ਦੀ ਕਲਾ ਦਾ ਕਮਾਲ ਹੀ ਕਿਹਾ ਜਾ ਸਕਦਾ ਸੀ, ਕਿ ਕਹਾਣੀ ਦੇ ਪਾਤਰਾਂ ਦਾ ਪਾਗਲਪਨ ਸਾਡੇ ਸਿਰ ਚੜ ਬੋਲਣ ਲੱਗ ਪਿਆ ਸੀ। ਉਸ ਪਲ ਤਾਂ ਮੈਨੂੰ ਲੱਗਿਆ ਜਿਵੇਂ ਅਸੀਂ ਸਾਰੇ 'ਟੋਭਾ ਟੇਕ ਸਿੰਘ' ਦੇ ਪਾਤਰ ਹੀ ਹੋਈਏ। ਸਾਡੀ ਇਹ ਬੋਲਚਾਲ ਦੀ ਖਿਚੜੀ ਦੇਖਾ ਦੇਖੀ ਕਈ ਹੋਰ ਦੋਸਤਾਂ ਮਿੱਤਰਾਂ ਨੇ ਵੀ ਅਪਣਾ ਲਈ ਸੀ। ਸਾਡੇ ਆਪੋ ਆਪਦੇ ਸਕੂਲਾਂ ਦੇ ਅਧਿਆਪਕ ਕਦੇ ਕਦਾਈਂ ਇਸ ਤਰਾਂ ਬੋਲਣ ਲੱਗ ਪਏ ਸਨ।

'ਟੋਭਾ ਟੇਕ ਸਿੰਘ' ਮੰਟੋ ਦੀ ਇੱਕ ਸ਼ਾਹਕਾਰ ਰਚਨਾ ਹੈ। ਪਾਠਕਾਂ ਲਈ ਅੱਜ ਵੀ ਇਹ ਇੱਕ ਦਿਲਚਸਪ ਤੇ ਪ੍ਰਭਾਵਿਤ ਕਰਨ ਵਾਲੀ ਕਥਾ ਹੈ। ਦੇਸ ਦੀ ਵੰਡ ਦੇ ਦੁਖਾਂਤ ਦੀਆਂ ਕਿੰਨੀਆਂ ਹੀ ਪਰਤਾਂ ਦੀ ਝਲਕ ਇਸ ਕਥ ਚੋਂ ਮਿਲਦੀ ਹੈ।

ਕਿਸੇ ਸੰਵੇਦਨਸ਼ੀਲ ਮਨੁੱਖ ਲਈ ਇਹ ਵੰਡ ਇੱਕ ਅਸਹਿ ਵਰਤਾਰਾ ਸੀ। ਇਸ ਵੰਡ ਦਾ ਸਭ ਤੋਂ ਵੱਧ ਦੁਖਾਂਤ ਸਾਧਾਰਣ ਮਨੁੱਖ ਨੇ ਹੰਢਾਇਆ ਸੀ। ਜਨ ਸਧਾਰਨ ਦੀ ਪੀੜਾ ਦਾ ਅਹਿਸਾਸ ਮੰਟੋ ਨੂੰ ਵੀ ਸੀ। ਇਸ ਵੰਡ ਨੇ ਮੰਟੋ ਦੇ ਮਨ ਵਿੱਚ ਬੜੇ ਤਿੱਖੇ ਤੇ ਮਘਦੇ ਪ੍ਰਸ਼ਨ ਪੈਦਾ ਕਰ ਦਿੱਤੇ ਸਨ। ਇਸ ਸਮੇਂ ਮੰਟੋ ਅੱਗੇ ਇੱਕ ਸਾਧਾਰਣ ਮਨੁੱਖ ਦੀ ਹੋਣੀ ਬਿਆਨ ਕਰਦੀ ਰਚਨਾਂ ਦਾ ਸੁਆਲ ਸੀ। ਸ਼ਾਇਦ ਇਹੀ ਕਾਰਨ ਸੀ ਕਿ ਉਸਨੇ ਬੜੀ ਸਰਲ ਤੇ ਸਪੱਸ਼ਟ ਭਾਸ਼ਾ 'ਚ ਸਾਧਾਰਨ ਮਨੁੱਖ ਦੀ ਤਰਜਮਾਨੀ ਕਰਦੀ ਇਸ ਅਮਰ ਰਚਨਾ ਦੀ ਸਿਰਜਣਾ ਕੀਤੀ। ਇੰਝ ਲਗਦੇ ਜਿਵੇਂ ਬੜੀ ਸੋਚ ਵਿਚਾਰ ਤੋਂ ਬਾਦ ਹੀ ਇਸ ਹੀ ਇਸ ਕਥਾਨਕ ਦੀ ਖੋਜ ਕੀਤੀ ਗਈ ਹੋਵੇਗੀ।

ਇਸ ਕਹਾਣੀ ਲਈ ਇਸਤੇਮਾਲ ਕੀਤੀ ਗਈ ਕਥਾ ਯੁਕਤ ਮੰਟੋ ਦੀ ਕਲਾਤਮਕ ਸੂਝ ਦਾ ਪੁਖਤਾ ਪ੍ਰਮਾਣ ਹੈ।ਪਾਗਲ ਪਾਤਰਾਂ ਰਾਹੀ ਮੰਟੋ ਪਾਠਕਾਂ ਅੱਗੇ ਉਹ ਸੁਆਲ, ਦੁਖਾਂਤ ਤੇ ਹੇਰਵੇ ਬੜੇ ਹੀ ਸੌਖਿਆਂ ਪੇਸ਼ ਕਰ ਗਿਆ ਜਿਨਾਂ ਨੂੰ ਕਿਸੇ ਹੋਰ ਯੁਕਤ ਰਾਹੀ ਬਿਆਨ ਕਰਨਾਂ ਮੁਸ਼ਕਿਲ ਸੀ।

ਇਹ ਕਥਾ ਭਾਵੇਂ ਕਿਸੇ ਅਚੇਤ ਮਨ ਚੋਂ ਉਪਜੇ ਖਿਆਲ ਦਾ ਵਿਸਥਾਰ ਨਹੀਂ ਫਿਰ ਵੀ ਇਸਦੇ ਘਟਨਾਕ੍ਰਮ, ਪਾਤਰ, ਭਾਸ਼ਾ ਓਪਰੇ ਨਹੀਂ ਲੱਗਦੇ।

ਇਹ ਕਹਾਣੀਕਾਰ ਦੀ ਕਲਾ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ ਕਿ ਪਾਠਕਾਂ ਨੂੰ ਇੰਝ ਲੱਗਦਾ ਹੈ ਜਿਵੇਂ ਮਾੜੇ ਹਾਲਾਤ ਵਾਪਰਨ ਤੋਂ ਬਾਅਦ ਦੇ ਕਿਸੇ ਦੁਖਾਂਤਕ ਦ੍ਰਿਸ਼ ਨੂੰ ਉਨਾਂ ਅੱਗੇ ਰੱਖ ਦਿੱਤਾ ਹੋਵੇ।

ਇਹ ਉਹ ਸਮਾਂ ਸੀ ਜਦੋਂ ਰਾਤੋ ਰਾਤ ਆਪਣੀ ਹੀ ਧਰਤੀ ਤੇ ਵਸਦੇ ਲੋਕ ਬੇਗਾਨੇ ਹੋ ਗਏ ਸਨ। ਜਦੋਂ ਬਿਨਾਂ ਕਿਸੇ ਕਸੂਰ ਤੋਂ ਵਸਦਾ ਰਸਦਾ ਘਰ-ਬਾਰ ਛੱਡਕੇ ਉਜੜਨਾ ਪਿਆ ਹੋਵੇਗਾ। ਜਦੋਂ ਰਿਸ਼ਤਿਆਂ ਦਾ ਰੰਗ ਦੇਖਦੇ ਹੀ ਦੇਖਦੇ ਬਦਲ ਗਿਆ ਹੋਵੇਗਾ। ਜਦੋਂ ਆਪਣੇ ਹੀ ਕਹਾਉਂਣ ਵਾਲੇ ਖ਼ੂਨ ਦੇ ਪਿਆਸੇ ਹੋ ਗਏ ਹੋਣਗੇ।

ਤੇ ਕਿੰਨੀ ਔਖੀ ਘੜੀ ਹੋਵੇਗੀ ਜਦੋਂ ਆਪਣੇ ਹੀ ਹੱਥੀਂ ਜੰਮੀਆਂ ਪਾਲੀਆਂ ਬੇਕਸੂਰ ਧੀਆਂ ਭੈਣਾਂ ਦਾ ਇਸ ਲਈ ਕਤਲ ਕਰਨਾ ਪਿਆ ਹੋਵੇਗਾ ਕਿ ਕੋਈ ਇਨਾਂ ਦੀ ਅਸਮਤ ਨੂੰ ਦਾਗੀ ਨਾ ਕਰ ਦੇਵੇ।

ਅਜਿਹੇ ਹਾਲਾਤਾਂ ਦੀ ਮਾਰ ਝੱਲਕੇ ਭਲਾਂ ਕੋਈ ਇਨਸਾਨ ਸਾਬਤ ਸਬੂਤਾ ਕਿਵੇਂ ਰਹਿ ਸਕਦਾ ਹੈ? ਅਜਿਹੇ ਵਕਤ ਦਿਮਾਗੀ ਸੰਤੁਲਨ ਦਾ ਡੋਲ ਜਾਣਾ ਕੁਦਰਤੀ ਵਰਤਾਰਾ ਹੁੰਦਾ ਹੈ।

ਮੰਟੋ ਨੇ ਇਹ ਸਾਰਾ ਕੁੱਝ ਆਪਣੀਆਂ ਅੱਖਾਂ ਦੇ ਸਾਹਮਣੇ ਵਾਪਰਦਾ ਵੇਖਿਆ ਸੀ। ਮੰਟੋ ਦੇ ਮਨ ਵਿੱਚ ਉਸ ਸਮੇਂ ਜਿਹੜੇ ਪ੍ਰਸ਼ਨ ਉੱਠੇ ਹੋਣਗੇ ਉਨਾਂ ਨੂੰ ਲੋਕਾਂ ਅੱਗੇ ਰੱਖਣ ਦਾ ਮਾਧਿਅਮ ਉਸਦੀਆਂ ਅੱਖਾਂ ਅੱਗੇ ਪਿਆ ਸੀ। ਇਸੇ ਕਰਕੇ ਇਸ ਕਹਾਣੀ ਦੇ ਪਾਤਰ ਸਾਡੇ ਦੇਖੇ ਭਾਲੇ ਹੀ ਲਗਦੇ ਹਨ।

ਸ਼ਾਇਦ ਇਸੇ ਕਰਕੇ ਇਸ ਕਥਾ ਦੇ ਪਾਤਰ ਪਾਠਕਾਂ ਦੇ ਮਨਾਂ ਤੇ ਗਹਿਰੀ ਛਾਪ ਛੱਡਦੇ ਹਨ।

ਪਾਤਰਾਂ ਦੀ ਦੁਨੀਆ ਵੀ ਬੜੀ ਅਜੀਬ ਕਿਸਮ ਦੀ ਹੈ। ਕਿੰਨੀਆਂ ਹੀ ਰਚਨਾਵਾਂ ਦਾ ਪਾਠ ਕਰਦਿਆਂ ਕਿੰਨੇ ਪਾਤਰ ਸਾਡੀਆਂ ਨਜ਼ਰਾਂ ਅੱਗੋਂ ਲੰਘਦੇ ਹਨ। ਪਰ ਅਜਿਹੇ ਪਾਤਰ ਬਹੁਤ ਹੀ ਘੱਟ ਹੁੰਦੇ ਹਨ ਜੋ ਪਾਠਕਾਂ ਦੇ ਮਨਾਂ 'ਚ ਗਹਿਰੇ ਉੱਤਰ ਜਾਣ। ਫਿਰ ਸਾਹਿਤਕਾਰ ਜਾਂ ਅਲੋਚਕ ਇਨਾਂ ਪਾਤਰਾਂ ਬਾਰੇ ਇਸ ਤਰਾਂ ਗੱਲਾਂ ਕਰਦੇ ਹਨ ਜਿਵੇਂ ਇਹ ਪਾਤਰ ਜਿਉਂਦੇ ਜਾਗਦੇ ਵਿਚਰ ਰਹੇ ਹੋਣ। ਇਸ ਕਥਾ ਰਾਹੀਂ ਮੰਟੋ ਨੇ ਬਿਸ਼ਨ ਸਿੰਘ ਨਾਂ ਦਾ ਅਜਿਹਾ ਹੀ ਅਮਰ ਪਾਤਰ ਸਿਰਜਿਆ ਹੈ।

ਅੱਜ ਵੀ ਦੇਸ ਦੀ ਵੰਡ ਦੇ ਦੁਖਾਂਤ ਨੂੰ ਲੈਕੇ ਜੇ ਕਿਸੇ ਫਿਲਮਾਂ ਦਾ ਨਿਰਮਾਣ ਕਰਨਾ ਹੋਵੇ ਤਾਂ ਨਿਰਮਾਤਾਵਾਂ ਦੀ ਨਜ਼ਰ ਮੱਲੋ ਮੱਲੀ ਮੰਟੋ ਦੀ ਕਹਾਣੀ ਟੋਭਾ ਟੇਕ ਸਿੰਘ ਵੱਲ ਚਲੀ ਜਾਂਦੀ ਹੈ। ਪਿਛਲੇ ਸਮੇਂ ਵੰਡ ਦੇ ਦੁਖਾਂਤ ਨਾਲ ਸਬੰਧਤ ਦੋ ਫਿਲਮਾਂ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਤੇ 'ਗਦਰ ਏਕ ਪ੍ਰੇਮ ਕਥਾ' ਨੂੰ ਦੇਖਦਿਆਂ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਨਜ਼ਰਾਂ ਅੱਗੇ ਫਿਰ ਸਾਕਾਰ ਹੋ ਗਈ।

ਫਿਲਮਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਮੇਰੇ ਬੰਬੇ ਰਹਿੰਦੇ ਇੱਕ ਦੋਸਤ ਵੱਲੋਂ ਦੱਸੀਆਂ ਗੱਲਾਂ ਆਪਦੀ ਨਜ਼ਰ ਕਰ ਰਿਹਾ ਹਾਂ। ਉਹ ਇੱਕ ਪੰਜਾਬੀ ਹੈ ਤੇ ਉਸਨੇ ਕਈ ਹਿੰਦੀ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਇੱਕ ਬਾਰ ਉਸਨੇ ਮੈਨੂੰ ਪੰਜਾਬੀ ਦੀਆਂ ਚਰਚਿਤ/ਮਸ਼ਹੂਰ ਕਹਾਣੀ ਅਤੇ ਨਾਵਲਾਂ ਬਾਰੇ ਪੁੱਛਿਆ। ਫਿਰ ਉਸਨੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਗਲਪ ਰਚਨਾਵਾਂ ਬਾਰੇ ਗੱਲ ਛੇੜੀ।

ਮੈਂ ਹੈਰਾਨ ਹੁੰਦਿਆਂ ਪੁੱਛਿਆ, "ਯਾਰ ਤੁਸੀ ਬੰਬਈ ਵਾਲਿਆਂ ਦਾ ਪੰਜਾਬੀ ਪੁਸਤਕਾਂ ਨਾਲ ਕੀ ਲੈਣਾ ਦੇਣਾ?"

ਪਹਿਲਾਂ ਤਾਂ ਉਹ ਖੁਬ ਹੱਸਿਆ। ਫਿਰ ਬੋਲਿਆ, "ਉਹ ਭਰਾ ਤੁਸੀ ਪੰਜਾਬੀ ਵਾਲੇ ਕੀ ਜਾਣੋਂ ਅਸਲ ਸਾਡਾ ਬਹੁਤਾ ਲੈਣਾ ਦੇਣਾ ਹੀ ਤੁਹਾਡੀਆਂ ਪੰਜਾਬੀ ਪੁਸਤਕਾਂ, ਪੰਜਾਬ ਦੀਆਂ ਖਬਰਾਂ ਨਾਲ ਹੁੰਦੈ।"

ਫਿਰ ਉਹ ਬੋਲਦਾ ਬੋਲਦਾ ਰੁਕਿਆ ਤੇ ਜਰਾ ਠਰੱਮੇ ਨਾਲ ਬੋਲਿਆ, "ਭਰਾ ਮੇਰਿਆ ਪੰਜਾਬੀ ਦੀ ਇੱਕ ਕਹਾਉਤ ਨੀਂ ਬਈ ਤੁਸੀਂ ਕੀ ਜਾਣੋਂ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਬੱਸ ਉਹੀ ਗੱਲ ਐ। ਸਿਰਫ ਪੰਜਾਬੀ ਹੀ ਹੀਂ ਸਗੋਂ ਹੋਰ ਭਾਸ਼ਾਵਾਂ ਦੀਆਂ ਕਿਤਾਬਾਂ ਚੋਂ ਨਵੀਂਆਂ ਕਹਾਣੀਆਂ, ਨਵੇਂ ਵਾਕ, ਨਵੇਂ ਡਾਇਲਾਗ, ਨਵੇਂ ਸ਼ਬਦ, ਨਵੀਆਂ ਘਟਨਾਵਾਂ ਸਾਡੇ ਕੰਮ ਦੀਆਂ ਹੁੰਦੀਆਂ ਨੇ। ਬੱਸ ਇਨਾਂ ਸਾਰੇ ਕੁੱਝ ਨੂੰ ਬੰਬਈ ਦੇ ਚਾਤੁਰ ਲੋਕ ਨਵੇਂ ਰੰਗ ਢੰਗ 'ਚ ਪੇਸ਼ ਕਰ ਦਿੰਦੇ ਹਨ। ਕਈ ਵਾਰ ਤਾਂ ਤੁਹਾਨੂੰ ਬਿਲਕੁਲ ਕੋਈ ਪਤਾ ਵੀ ਨਹੀਂ ਲੱਗਦਾ ਤੇ ਤੁਸੀ ਪਛਾਣ ਵੀ ਨੀ ਸਕਦੇ ਤੇ ਕਿਸੇ ਹਰਜਾਨੇ ਦਾ ਦਾਅਵਾ ਵੀ ਨਹੀਂ ਕਰ ਸਕਦੇ।"

ਇਨਾਂ ਫਿਲਮਾਂ ਨੂੰ ਦੇਖਦਿਆਂ ਮੇਰੇ ਮਿੱਤਰ ਦੀ ਫਿਲਮੀ ਦੁਨੀਆ ਬਾਰੇ ਦਿੱਤੀ ਜਾਣਕਾਰੀ ਜਹਿਨ ਚ ਵਾਰ-ਵਾਰ ਉੱਭਰਦੀ ਰਹੀ। ਕਿਸੇ ਕਹਾਣੀ ਨੂੰ ਨਾਟਕ/ਲੜੀਵਾਰ/ਫਿਲਮ 'ਚ ਪਰਵਰਤਿਤ ਕਰਨ ਸਮੇਂ ਵਰਤੀ ਤਕਨੀਕ ਦੇ ਪੱਖਾਂ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਮੈਂ ਇਹ ਫਿਲਮਾਂ ਕਈ ਵਾਰ ਵੇਖੀਆਂ।

ਇਨਾਂ ਫਿਲਮਾਂ ਤੇ 'ਟੋਭਾ ਟੇਕ ਸਿੰਘ' ਦਾ ਕਿਤੇ ਪ੍ਰਤੱਖ ਤੇ ਕਿਤੇ ਅਪ੍ਰਤੱਖ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ।

ਮੰਟੋ ਨੇ ਇਸ ਕਹਾਣੀ ਰਾਹੀਂ ਧਾਰਮਿਕ ਜਨੂਨੀਆਂ ਤੇ ਕਈ ਥਾਂ ਕਟਾਖਸ਼ ਕੀਤੇ ਹਨ।

ਫਿਲਮ 'ਸ਼ਹੀਦ-ਏ-ਮਹੁੱਬਤ ਬੂਟਾ ਸਿੰਘ ਚ ਅਜਿਹੇ ਜਨੂੰਨੀਆਂ ਨੂੰ ਫਟਕਾਰ ਪਾਉਂਣ ਲਈ ਮੰਟੋ ਦੀ ਕਹਾਣੀ ਦੇ 'ਪਾਗਲ ਪਾਤਰ' ਵਾਲੀ ਯੁਗਤ ਦਾ ਇਸਤੇਮਾਲ ਕੀਤਾ ਗਿਆ ਹੈ।

ਇਹ ਫਿਲਮ ਦੇਸ਼ ਦੀ ਵੰਡ ਸਮੇਂ ਵਾਪਰੀ ਇੱਕ ਸੱਚੀ ਪ੍ਰੇਮ ਕਹਾਣੀ ਦੇ ਦੁਖਾਂਤ ਤੇ ਆਧਾਰਿਤ ਸੀ। ਫਿਲਮ ਚ 'ਰਮਜਾਨੀ' ਨਾਂ ਦਾ ਇੱਕ ਕਲਪਿਤ ਪਾਤਰ ਸਿਰਜਿਆ ਗਿਆ ਹੈ ਜੋ ਅਤੀ ਫੱਕਰ (ਅਸਾਧਾਰਣ) ਸੁਭਾਅ ਦਾ ਮਾਲਿਕ ਹੈ। ਇਸ ਪਾਤਰ ਨੂੰ ਕੇਂਦਰ ਚ ਰੱਖਕੇ ਗੁਰਦਾਸ ਮਾਨ ਦੀ ਆਵਾਜ ਚ ਇੱਕ ਗੀਤ ਦੇ ਬੋਲ ਉੱਭਰਦੇ ਹਨ, "ਜੋ ਸਾਰੇ ਧਰਮਾਂ ਨੂੰ ਮੰਨੇ ਉਹਨੂੰ ਕਹਿਣ ਸ਼ੁਦਾਈ।" ਕਿਉਂਕਿ ਇਹ ਪਾਤਰ ਗੁਰਦੁਆਰੇ ਵੀ ਜਾਂਦਾ ਹੈ ਮੰਦਿਰ ਵੀ ਜਾਂਦਾ ਹੈ ਅਤੇ ਮਸੀਤ ਚ ਵੀ ਜਾਂਦਾ ਹੈ। ਧਾਰਮਿਕ ਜਨੂੰਨੀ ਜਦੋਂ ਉਸਨੂੰ ਮਜ਼ਬ ਦਾ ਬਹਾਨਾ ਬਣਾਕੇ ਕਤਲ ਕਰਨ ਲੱਗਦੇ ਹਨ ਤਾਂ ਫਿਲਮ ਦਾ ਨਾਇਕ ਗੁਰਦਾਸ ਮਾਨ ਕਹਿੰਦਾ ਹੈ, "ਇਹ ਨਾਂ ਹਿੰਦੂ ਹੈ ਨਾਂ ਮੁਸਲਮਾਨ ਨਾਂ ਸਿੱਖ ਇਹ ਸਾਰੇ ਪਿੰਡ ਦਾ ਸਾਂਝਾ ਹੈ।ਇਹ ਸਾਰੇ ਪਿੰਡ ਦੀ ਆਤਮਾ ਹੈ।" ਪਰ ਧਾਰਮਿਕ ਜਨੂੰਨੀਆਂ ਨੂੰ ਇਹ ਸਾਂਝ ਕਿੱਥੇ ਕਬੂਲ ਸੀ। ਅੰਤ ਇਸ ਫੱਕਰ ਨੂੰ ਕਤਲ ਕਰ ਦਿੱਤਾ ਜਾਂਦਾ ਹੈ।

ਫਿਲਮ 'ਗਦਰ: ਏਕ ਪ੍ਰੇਮ ਕਥਾ' ਭਾਵੇ ਉੱਕਤ ਫਿਲਮ ਦਾ ਹੀ ਵਿਸਤਰਿਤ ਰੂਪ ਸੀ ਪਰ ਇਸ ਵਿੱਚ ਤਾਂ ਕਹਾਣੀ 'ਟੋਭਾ ਟੇਕ ਸਿੰਘ' ਦਾ ਪ੍ਰਭਾਵ ਬੜਾ ਸਪੱਸ਼ਟ ਨਜ਼ਰ ਆਉਂਦਾ ਹੈ।

ਆਪਣਾ ਦਿਮਾਗੀ ਤਵਾਜਨ ਗੁਆ ਚੁਕਿਆ ਫਿਲਮ ਦਾ ਪਾਤਰ 'ਵਲੀ' ਦਾ ਰੋਮ-ਰੋਮ ਦੇਸ ਦੀ ਵੰਡ ਦੇ ਖਿਲਾਫ ਹੈ। ਉਸਨੂੰ ਇਸ ਗੱਲ ਦਾ ਇਲਮ ਹੀ ਨਹੀਂ ਜਾਂ ਉਸਦਾ ਅੰਦਰ ਇਸ ਸੱਚ ਨੂੰ ਸਵੀਕਾਰ ਕਰਨ ਲਈ ਤਿਆਰ ਹੀ ਨਹੀਂ ਕਿ ਦੇਸ਼ ਦੇ ਦੋ ਟੋਟੇ ਹੋ ਚੁੱਕੇ ਹਨ। ਜਦੋਂ ਇੱਕ ਮੀਟਿੰਗ ਵਿੱਚ ਉਸਨੂੰ ਇੱਕ ਅੰਗਰੇਜ਼ ਨਜ਼ਰ ਆਉਂਦਾ ਹੈ। ਤਾਂ ਉਹ ਇੱਕ ਦਮ ਤੜਫ ਉੱਠਦਾ ਹੈ, "ਫਿਰੰਗੀ ਵਾਪਸ ਜਾਓ ਹਿੰਦੋਸਤਾਨ ਹਮਾਰਾ ਹੈ, ਹਿੰਦੋਸਤਾਨ ਜਿੰਦਾਬਾਦ"

ਕਹਾਣੀ 'ਟੋਭਾ ਟੇਕ ਸਿੰਘ' ਵਿੱਚ ਇੱਕ ਪਾਗਲ ਪਾਤਰ ਦਰੱਖਤ ਤੇ ਚੜ ਜਾਂਦਾ ਹੈ ਤੇ ਕਹਿੰਦਾ ਹੈ ਮੈਂ ਨਾਂ ਹਿੰਦੋਸਤਾਨ ਚ ਰਹਿਣਾ ਚਹੁੰਦਾ ਹਾਂ ਨਾਂ ਪਾਕਿਸਤਾਨ ਚ ਮੈਂ ਇਸ ਦਰੱਖਤ ਤੇ ਹੀ ਰਹਾਂਗਾ।" ਭਾਵ ਉਸਨੂੰ ਦੇਸ ਦੀ ਵੰਡ ਸਵੀਕਾਰ ਨਹੀਂ ਹੈ।

ਫਿਲਮ ਚ ਜਦੋਂ 'ਵਲੀ' ਨੂੰ ਕੋਈ ਪਾਗਲ ਕਹਿੰਦਾ ਹੈ ਤਾਂ ਉਹ ਅੱਗੋਂ ਜਵਾਬ ਦਿੰਦਾ ਹੈ, "ਪਾਗਲ ਮੈਂ ਨਹੀਂ ਪਾਗਲ ਤੁਮ ਹੋ।" ਜਦੋਂ ਉਸਨੂੰ ਦੱਸਿਆ ਜਾਂਦਾ ਹੈ ਕਿ ਮੁਲਕ ਆਜ਼ਾਦ ਹੋ

ਬਾਕੀ ਸਫ਼ਾ 29 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

ਕਾਂਡ 16

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਸੀਤਲ ਲੰਮੀ ਲਾਂਝੀ ਭਰ ਜੁਆਨ ਤੀਹ ਕੁ ਸਾਲ ਦੇ ਕਰੀਬ ਸੀ ਅਤੇ ਬੇ-ਹੱਦ ਸੋਹਣੀ ਕੁੜੀ ਸੀ। ਪਹਿਲਾਂ ਸਿਹਤ ਪੱਖੋਂ ਮੋਟੀ ਸੀ ਪਰ ਹੁਣ ਪਤਲੀ ਹੋ ਗਈ ਸੀ। ਕੁੜੀਆਂ ਇਸਨੂੰ ਦੇਖਕੇ ਸੋਚਦੀਆਂ ਕਿ ਇਹ ਐਨੀ ਪਤਲੀ ਕਿਵੇਂ ਹੋ ਗਈ!

'ਸੀਤਲ ਤੂੰ ਕ੍ਰੇੜੇ ਜਿੰਮ ਵਿੱਚ ਲੱਗੀ' ਕੋਈ ਕੁੜੀ ਪੁੱਛਦੀ।

'ਕਿਸੇ 'ਚ' ਨੀ' ਸੀਤਲ ਜਵਾਬ ਦਿੰਦੀ।

'ਫਿਰ ਯੋਗਾ ਕਰਦੀ ਹੋਏਂਗੀ' ਬਹੁਤ ਜਿ*ਆਦਾ ਮੋਟੀ ਬੋਲਦੀ। ਪਰ ਇਹ ਗੱਲਾਂ ਸੁਣਕੇ ਸੀਤਲ ਪ੍ਰੇਸ*ਾਨ ਹੋ ਜਾਂਦੀ ਤੇ ਦਿਲ ਆਖਦੀ ਕਿ ਜਿਵੇਂ ਮੈਂ ਪਤਲੀ ਹੋਈ ਆਂ ਰੱਬ ਕਿਸੇ ਨੂੰ ਨਾ ਕਰੇ! ਦੁਖੀ ਬੰਦੇ ਨੇ ਪਤਲਾ ਹੀ ਹੋਣਾ ਹੈ ਚਰਬੀ ਤਾਂ ਬੇ-ਫਿਕਰਿਆਂ ਤੇ ਚੜਦੀ ਹੈ ਜਦੋਂ ਕਿ ਦੁਖੀ ਬੰਦਾ ਧੋਬੀ ਦੇ ਕੱਪੜੇ ਵਾਂਗੂੰ ਨੁੱਚੜ ਜਾਂਦਾ ਹੈ! ਅਤੇ ਦੂਜੇ ਸੋਚਦੇ ਹਨ ਕਿ ਇਹ ਪਤਲਾ ਹੋਣ ਦਾ ਕੋਰਸ ਕਰਦਾ ਹੈ! ਜਿਵੇਂ ਕੁੜੀਆਂ ਸੀਤਲ ਬਾਰੇ ਸੋਚਦੀਆਂ ਸਨ। ਸੀਤਲ ਪੜੀ ਲਿਖੀ ਹੋਣ ਕਰਕੇ ਬੈਂਕ ਵਿੱਚ ਨੌਕਰੀ ਕਰਦੀ ਸੀ। ਇੱਕ ਦਿਨ ਜ਼ੋਰਦਾਰ ਮੀਂਹ ਪੈ ਰਿਹਾ ਸੀ। ਸਾਰੇ ਆਪੋ ਆਪਣੇ ਘਰੋ ਘਰੀ ਜਾ ਰਹੇ ਸਨ। ਸੀਤਲ ਬੈਂਕ ਦੇ ਬਾਹਰ ਖੜ੍ਹੀ ਰਿਕਸ਼ੇ ਉਡੀਕ ਰਹੀ ਸੀ। ਜ਼ੋਰ ਦਾ ਮੀਂਹ ਹੋਣ ਕਰਕੇ ਕੋਈ ਰਿਕਸ਼ੇ ਵਾਲਾ ਨਹੀਂ ਸੀ ਆ ਰਿਹਾ। ਕਾਲੀ ਬੋਲੀ ਹਨੇਰੀ ਚੱਲ ਰਹੀ ਸੀ।

'ਚੱਲ ਸੀਤਲ ਬੈਠ ਮੈਂ ਘਰ ਛੱਡ ਦਿੰਨਾ' ਬੈਂਕ ਦੇ ਅਸਿਸਟੈਂਟ ਮਨੇਜਰ ਨੇ ਸੀਤਲ ਦੇ ਕੋਲ ਆ ਕੇ ਨਵੀਂ ਨਕੋਰ ਕਾਰ ਰੋਕ ਕੇ ਕਿਹਾ। ਉਹ ਕੋਈ ਚਾਲੀ ਕੁ ਸਾਲ ਦਾ ਸੋਹਣਾ ਸੁਨੱਖਾ ਸਿੱਖ ਨੌਜਵਾਨ ਸੀ। ਕੋਟ ਪੈਂਟ ਪਾਕੇ ਪੋਚਵੀਂ ਪੱਗ ਬੰਨੀ ਸੀ ਦਾਹੜੀ ਕਤਰੀ ਹੋਈ ਸੀ।

'ਨਈਂ ਸਰ ਮੈਂ ਚਲੀ ਜਾਊਂਗੀ' ਸੀਤਲ ਨੇ ਮਨੇਜਰ ਕਿਹਾ।

'ਏਹ ਤਾਂ ਮੈ ਪਤਾ ਪਰ ਅੱਜ ਬਾਰਸ਼ ਬ੍ਹੌਤ ਤੇਜ਼ ਆ ਤੂਫਾਨ ਚੱਲ ਰਿਹੈ ਏਹੋ ਜੇ ਮੌਸਮ 'ਚ' ਕੁੜੀ ਕੱਤਰੀ ਕੱਲੇ ਬਾਰ੍ਹ ਨੀ ਜਾਣਾ ਚਾਈਦਾ' ਮਨੇਜਰ ਨੇ ਕਿਹਾ।

'ਹੋਰ ਮੈਂ ਬੈਂਕ 'ਚ' ਸੌਂ ਜਾਂਵਾਂ'

'ਮੈਂ ਕਦੋਂ ਕ੍ਹੈਂਨਾ ਬੈਕ 'ਚ' ਸੌਣ ਵਾਸਤੇ ਮੈਂ ਕ੍ਹੈਂਨਾ ਮੈਂ ਤੈ ਤੇਰੇ ਘਰ ਛੱਡ ਦਿੰਨਾ' ਮਨੇਜਰ ਨੇ ਬਾਰੀ ਦੇ ਸ਼ੀਸ਼ੇ ਉੱਤੋਂ ਦੀ ਦੇਖ ਕੇ ਕਿਹਾ। ਮੀਂਹ ਹੋਰ ਤੇਜ਼ ਹੋ ਗਿਆ ਨਾਲ ਹਨੇਰੀ ਹੋਰ ਤੇਜ਼ ਚੱਲ ਪਈ। ਦੁਕਾਨਾ ਦੇ ਬੋਰਡ ਥੱਲੇ ਡਿੱਗਣ ਲੱਗ ਪਏ। ਇੱਕ ਬੋਰਡ ਉੱਖੜ ਕੇ ਸੀਤਲ ਦੇ ਸਿਰ ਤੇ ਵੱਜਣ ਲੱਗਾ ਸੀਤਲ ਬਚ ਗਈ! ਕਾਫੀ ਦੇਰ ਮਨੇਜਰ ਸੀਤਲ ਘਰ ਛੱਡਣ ਵਾਸਤੇ ਜ਼ੋਰ ਪਾਉਂਦਾ ਰਿਹਾ ਜਦੋਂ ਨਾ ਮੰਨੀ ਫਿਰ ਕਾਰ ਲੈ ਗਿਆ। ਇੱਕ ਵੈਨ ਹੋਰ ਰੁਕੀ ਉਸ ਦੀ ਪਿਛਲੀ ਸੀਟ ਤੇ ਇੱਕ ਨੌਜਵਾਨ ਟੇਢਾ ਹੋਇਆ ਪਿਆ ਸੀ। ਕਾਰ ਦੀ ਫਰੰਟ ਸੀਟ ਉੱਤੇ ਇੱਕ ਲੰਮੀ ਮੁਟਿਆਰ ਤੇ ਚਾਲੀ ਕੁ ਸਾਲ ਦਾ ਹੱਟਾ ਕੱਟਾ ਕੋਟ ਪੈਂਟ ਅਤੇ ਟਾਈ ਲਾਈ ਬੈਠਾ ਡਰਾਈਵਿੰਗ ਕਰ ਰਿਹਾ ਸੀ। ਉਹਨਾਂ ਬਾਰੀ ਖੋਲ ਕੇ ਪੁੱਛਿਆ-

'ਕਿੱਥੇ ਜਾਣੈ ?'

'ਦਸ ਨੰਬਰ ਸੈਕਟਰ'

'ਅਸੀਂ ਵੀ ਉੱਥੇ ਜਾਣਾ ਅਸੀਂ ਨਵੇਂ ਆਂ ਸਾ ਰਸਤੇ ਦਾ ਪਤਾ ਨੀ ਹੋ ਸਕੇ ਤਾਂ ਸਾਡੇ ਨਾਲ ਚੱਲੋ ਤੇ ਸਾਡੀ ਮੱਦਦ ਕਰ ਪਲੀਜ਼' ਨਾਲ ਬੈਠੀ ਮੁਟਿਆਰ ਝੁੱਕ ਕੇ ਕਿਹਾ।

'ਤੁਸੀਂ ਸਿੱਧੇ ਜਾ ਕੇ ਖੱਬੇ ਤੇ ਫਿਰ ਸੱਜੇ ਕੁਸ਼ ਦੂਰ ਜਾ ਕੇ ਫਿਰ ਸੱਜੇ' ਸੀਤਲ ਨੇ ਕਿਹਾ।

'ਬੇਟੀ ਮੈ ਸਮਝ ਨੀ ਆਈ ਮੇਰੇ ਨਾਲ ਚੱਲਣ 'ਚ' ਕੀ ਹਰਜ਼ ਆ ਚੱਲ ਬੈਠ ਮਾਂ ਸਦਕੇ' ਮੁਟਿਆਰ ਵੱਲੋਂ ਮਿੰਨਤ ਕਰਨ ਤੇ ਸੀਤਲ ਵੈਨ ਦੀ ਵਿਚਕਾਰਲੀ ਸੀਟ ਤੇ ਬੈਠ ਗਈ। ਮੀਂਹ ਹੋਰ ਤੇਜ਼ ਹੋ ਗਿਆ। ਕਾਰ ਦੇ ਵੈਪਰ ਬਲੇਡ ਨੇ ਕੰਮ ਕਰਨਾ ਛੱਡ ਦਿੱਤਾ ਹੁਣ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਵੈਨ ਕਿੱਧਰ ਜਾ ਰਹੀ ਹੈ। ਕਈ ਵਾਰ ਕਾਰ ਰਿੱਡ ਲਾਈਟ ਕਰਾਸ ਕਰ ਜਾਂਦੀ। ਪਰ ਬਾਰਸ਼ ਵਿੱਚ ਕੌਣ ਦੇਖਦਾ ਸੀ। ਖੁੱਲ੍ਹੀ ਸੜਕ ਤੇ ਆ ਕੇ ਇੱਕ ਬੱਸ ਅੱਡੇ ਤੇ ਬਣਾਏ ਸੈਡ ਥੱਲੇ ਵੈਨ ਰੁਕੀ ਦੋਵੇਂ ਵੈਨ ਵਿੱਚੋਂ ਉੱਤਰੇ ਬੰਦਾ ਵੈਨ ਦੇ ਸੱਜੇ ਪਾਸੇ ਦੀ ਤੇ ਮੁਟਿਆਰ ਵੈਨ ਦੇ ਖੱਬੇ ਪਾਸੇ ਵੱਲੋਂ ਬਾਰੀਆਂ ਖੋਹਲ ਕੇ ਦੋਨਾ ਨੇ ਸੀਤਲ ਕੁੱਕੜੀ ਵਾਂਗੂੰ ਇਕੱਠੀ ਕਰਕੇ ਇੱਕ ਹੱਥ ਨਾਲ ਮੂੰਹ ਬੰਦ ਕਰਕੇ ਨੱਕ ਤੇ ਰੁਮਾਲ ਰੱਖ ਸੀਤਲ ਤੜਫੀ ਪਰ ਕੁਝ ਚਿਰ ਬਾਅਦ ਬੇਹੋਸ਼ ਹੋ ਗਈ, ਕਿਉਂਕਿ ਰੁਮਾਲ ਕਲੋਰੋਫਿਲ ਨਾਲ ਭਿੱਜਿਆ ਸੀ। ਕਾਰ ਚਲਦੀ ਰਹੀ ਆਖਰ ਚੰਡੀਗੜ੍ਹ ਤੋਂ ਦੂਰ ਦੁਰੇਡੇ ਇੱਕ ਜੰਗਲ ਆ ਗਿਆ। ਦੋਨਾ ਦੇ ਇੱਕ ਇੱਕ ਟੀਕਾ ਬੇਹੋਸ਼ੀ ਦਾ ਲਾ ਦਿੱਤਾ। ਮੁੰਡੇ ਅਤੇ ਸੀਤਲ ਜੰਗਲ ਵਿੱਚ ਪਹਿਲਾਂ ਤੋਂ ਰੱਖੇ ਪਿੰਜਰੇ ਵਿੱਚ ਬੰਦ ਕਰਕੇ ਚਲੇ ਗਏ!

ਰਾਤ ਦਸ ਕੁ ਵਜੇ ਕੇਵਲ ਹੋਸ਼ ਆਈ ਉਸਨੇ ਆਵਦੇ ਨਾਲ ਇੱਕ ਜਵਾਨ ਕੁੜੀ ਦੇਖਿਆ! ਆਪਣੇ ਆਪ ਇੱਕ ਲੱਕੜ ਦੇ ਪਿੰਜਰੇ ਵਿੱਚ ਬੰਦ ਦੇਖਿਆ! ਕੇਵਲ ਨੇ ਸੋਚਿਆ ਇਹ ਸੁਫਨਾ ਹੈ? ਫਿਰ ਆਵਦੇ ਆਪ ਚੂੰਢੀ ਵੱਢੀ ਇਹ ਸੁਫ਼ਨਾ ਨਹੀਂ ਸੀ ਹਕੀਕਤ ਹੈ! ਚਾਂਦਨੀ ਰਾਤ ਸੀ, ਚੰਦ ਜੋਬਨ ਤੇ ਸੀ। ਬੱਦਲ ਚੰਦ ਨੂੰ ਕਰਾਸ ਕਰ ਰਹੇ ਸਨ। ਤਾਰੇ ਟਹਿਕ ਰਹੇ ਸਨ। ਜੰਗਲ ਵਿੱਚੋਂ ਜੰਗਲੀ ਜਾਨਵਰਾਂ ਦੀਆਂ ਭਾਂਤ ਭਾਂਤ ਦੀਆਂ ਅਵਾਜ*ਾਂ ਆ ਰਹੀਆ ਸਨ।

'ਹੈਂ ਮੈਂ ਇੱਥੇ ਕਿਵੇਂ?' ਕੇਵਲ ਨੇ ਆਵਦੇ ਆਪ ਕਿਹਾ। ਫਿਰ ਆਸੇ ਪਾਸੇ ਦੇਖਿਆ ਕੀ ਦੇਖਦਾ ਹੈ ਲੱਕੜ ਦੇ ਪਿੰਜਰੇ ਬਾਹਰੋਂ ਜਿੰਦਾ ਲੱਗਾ ਹੋਇਆ ਹੈ ਅਤੇ ਪਿੰਜਰੇ ਦੇ ਆਲੇ ਦੁਆਲੇ ਸਰਿੰਜਾਂ ਅਤੇ ਖਾਲੀ ਟੀਕਿਆਂ ਵਾਲੀਆ ਸ਼ੀਸ਼ੀਆਂ ਪਈਆਂ ਹਨ ਅਤੇ ਆਸੇ ਪਾਸੇ ਫਟੇ ਪੁਰਾਣੇ ਕੱਪੜੇ ਵੀ ਪਏ ਹਨ। ਪਿੰਜਰੇ ਦੇ ਥੱਲੇ ਖ਼ੂਨ ਦੇ ਨਿਸ਼ਾਨ ਹਨ। ਹੋਰ ਵੀ ਬਹੁਤ ਕੁਝ ਸੀ, ਜਿਵੇਂ ਪਿੰਜਰੇ ਦੀਆਂ ਮੇਖਾਂ ਨਾਲ ਕੱਪੜੇ ਫਸੇ ਪਏ ਸਨ। ਜਿਵੇਂ ਕੋਈ ਆਪਣੇ ਆਪ ਪਿੰਜਰੇ ਵਿੱਚੋਂ ਕੱਢਣ ਵਾਸਤੇ ਕੋਸ਼ਿਸ਼ ਕਰਦਾ ਹੋਵੇ ਪਰ ਚੰਦ ਦੀ ਚਾਂਦਨੀ ਵਿੱਚ ਸਾਫ ਨਜ਼ਰ ਨਹੀਂ ਸੀ ਆਉਂਦਾ। ਕੇਵਲ ਦੇ ਦਿਲ ਦੀ ਧੜਕਨ ਤੇਜ਼ ਹੋ ਗਈ ਕਿ ਭਾਣਾ ਵਰਤਣ ਵਾਲਾ ਹੈ!

'ਜਿਸ ਨੇ ਸਾ ਕੈਦ ਕੀਤਾ ਹੈ ਉਸ ਨੇ ਸਾ ਲੱਡੂ ਤਾਂ ਖੁਆਉਣੇ ਨਹੀਂ, ਕੀ ਇਹ ਪੁਲਸ ਵਾਲੇ ਸਨ ਸ਼ਾਇਦ ਸਾ ਮਾਰ ਕੇ ਕਿਸੇ ਦੇ ਨਾ ਲਾਉਣਾ ਹੈ? ਜਾਂ ਕਿਸੇ ਹੋਰ ਮਾਰ ਕੇ ਕਤਲ ਸਾਡੇ ਨਾ ਮੜਨਾ ਹੈ? ਜਾਂ ਕਿਸੇ ਸਮੱਗਲਰ ਛੱਡ ਕੇ ਸਾ ਅਫ਼ੀਮ ਦੇ ਕੇਸ ਵਿੱਚ ਫਸਾਉਣਾ ਹੈ ਜਿਵੇਂ ਆਮ ਹੁੰਦਾ ਹੈ! ਕੁਝ ਵੀ ਹੋਵੇ ਸਾਡਾ ਭਵਿੱਖ ਧੁੰਦਲਾ ਹੈ! ਸੋਚ ਕੇ ਕੇਵਲ ਹੱਕਾ ਬੱਕਾ ਰਹਿ ਗਿਆ! ਕੇਵਲ ਨੇ ਲੱਕੜ ਦੇ ਡੰਡੇ ਖਿੱਚ ਧੂਹ ਕਰ ਕੇ ਪੱਟਣੇ ਚਾਹੇ ਪਰ ਬੇਕਾਰ ਕੇਵਲ ਥੱਕ ਕੇ ਬੈਠ ਗਿਆ। ਉਸਨੇ ਨਾਲ ਪਈ ਕੁੜੀ ਹਿਲਾਇਆ ਕੁੜੀ ਵਿੱਚ ਜਿਵੇਂ ਜਾਨ ਹੀ ਨਹੀਂ ਹੁੰਦੀ। ਉਹ ਟੀਕੇ ਨਾਲ ਪੂਰੀ ਤਰਾਂ ਬੇਹੋਸ਼ ਹੋ ਚੁੱਕੀ ਸੀ। ਜਦੋਂ ਕਿ ਕੇਵਲ ਹੋਸ਼ ਵਿੱਚ ਸੀ ਸਗੋਂ ਇਸ ਬੇਹੋਸ਼ੀ ਦੇ ਟੀਕੇ ਦਾ ਨਸ਼ਾ ਹੋ ਗਿਆ ਸੀ। ਤੇ ਸੋਚ ਰਿਹਾ ਸੀ ਇਹੋ ਜਿਹਾ ਟੀਕਾ ਅੱਧਾ ਕੁ ਹੋਰ ਮਿਲ ਜਾਵੇ ਤਾਂ ਮੈਂ ਇਕੱਲਾ ਪਿੰਜਰਾ ਤੋੜ ਦੇਵਾਂ, ਕਿਉਂਕਿ ਅੱਜ ਸ਼ਰਾਬ ਨਹੀਂ ਸੀ ਪੀਤੀ। ਜਦੋਂ ਕੁੜੀ ਬਿਲਕੁੱਲ ਨਾ ਹਿੱਲੀ ਤਾਂ ਕੇਵਲ ਨੇ ਜ਼ੋਰ ਨਾਲ ਬਾਂਹ ਤੇ ਦੰਦੀ ਵੱਢੀ ਕੁੜੀ ਥੋੜੀ ਜਿਹੀ ਹਿੱਲੀ ਕੇਵਲ ਹੌਸਲਾ ਹੋਇਆ। ਫਿਰ ਕੇਵਲ ਨੇ ਕੁੜੀ ਦੀ ਗਰਦਨ ਏਧਰ 5ਧਰ ਕੀਤੀ ਕੇਵਲ ਕੁੜੀ ਇਉਂ ਮਧੋਲ ਰਿਹਾ ਸੀ ਜਿਵੇਂ ਬਿੱਲੀ ਚੂਹੇ। ਕੇਵਲ ਦੀ ਪੱਗ ਲਹਿ ਗਈ ਵਾਲ ਖੁੱਲ੍ਹ ਗਏ ਅਤੇ ਬਾਰ ਬਾਰ ਅੱਖਾਂ ਤੋਂ ਵਾਲਾਂ ਪਾਸੇ ਕਰਦਾ। ਆਖਰ ਕੁੜੀ ਉੱਠ ਕੇ ਬੈਠ ਗਈ ਤੇ ਅੱਖਾਂ ਮਲਦੀ ਨੇ ਕੇਵਲ ਦੇ ਖੁੱਲ੍ਹੇ ਵਾਲ ਦੇਖੇ ਤੇ ਆਪਣੇ ਆਪ ਪਿੰਜਰੇ ਵਿੱਚ ਦੇਖਕੇ ਡਰ ਗਈ ਤੇ ਉੱਚੀ ਦੇਣੇ ਬੋਲੀ-

'ਹਾਏ ਮਾਂ ਭੂਤ' ਅਤੇ ਪਿੰਜਰੇ ਦੇ ਕੋਨੇ ਵਿੱਚ ਮੂੰਹ ਛੁਪਾ ਕੇ ਲਾਜਵੰਡੀ ਵਾਂਗੂੰ ਇੱਕਠੀ ਹੋ ਗਈ। ਕੇਵਲ ਹੋਰ ਫ਼ਿ*ਕਰ ਹੋ ਗਿਆ ਕਿ ਭੂਤ ਸਮਝ ਕੇ ਮਰ ਹੀ ਨਾ ਜਾਵੇ!

'ਮੈਂ ਭੂਤ ਨੀ ਮੇਰੇ ਵੱਲ ਦੇਖ' ਕੇਵਲ ਦੀ ਆਵਾਜ਼ ਸੁਣ ਕੇ ਕੁੜੀ ਰੋਈ।

'ਹਾਏ ਮਾਂ ਮਰਗੀ, ਮੈ ਨਾ ਮਾਰੋ' ਹੱਥ ਬੰਨ੍ਹ ਕੇ ਕਿਹਾ ਉਹ ਡਰਦੀ ਮਾਰੀ ਨਸ਼ੇ ਤੋਂ ਬਗੈਰ ਅਮਲੀ ਵਾਂਗੂ ਕੰਬ ਰਹੀ ਸੀ!

'ਹੌਸਲਾ ਕਰ ਮੈਂ ਤਾਂ ਆਪ ਤੇਰੇ ਵਰਗਾ ਆਂ, ਮੈ ਵੀ ਚੱਕ ਲਿਆਏ' ਜਦੋਂ ਕੇਵਲ ਨੇ ਕਿਹਾ ਤਾਂ ਕੁੜੀ ਨੇ ਹੌਲੀ ਹੌਲੀ ਗਰਦਨ ਘੁੰਮਾ ਕੇ ਦੇਖਿਆ ਅਤੇ ਯਕੀਨ ਆ ਗਿਆ ਕਿ ਇਹ ਭੂਤ ਨਹੀਂ ਮੁੰਡਾ ਹੈ ਉਹ ਬੋਲੀ-

'ਹੈਂ ਤੈ ਕਿਵੇਂ ਚੱਕ ਲਿਆਏ?'

'ਜਿਵੇਂ ਤੈ'

'ਹੁਣ ਕੀ ਬਣੂੰ ਮੇਰਾ ਭਰਾ ਡੀਕਦਾ ਹੋਊ?' ਕੁੜੀ ਨੇ ਕਿਹਾ

'ਮੈਂ ਚੰਡੀਗੜ੍ਹ ਆਇਆ ਸੀ, ਆਇਆ ਮੈਂ ਵਾਪਸ ਮੋਗੇ ਵਾਲੀ ਬੱਸ ਬੈਠਣ ਜਾ ਰਿਹਾ ਸੀ, ਪੁਲਸ ਵਾਲੇ ਮੈ ਚੱਕ ਲਿਆਏ ਹੁਣ ਕੀ ਬਣੂੰ?' ਕੇਵਲ ਨੇ ਪੱਛਿਆ।

'ਤੁਸੀਂ ਦੱਸੋ ਮੈਂ ਤਾਂ ਮਰਜੂੰ' ਸੀਤਲ ਨੇ ਕੰਬਦੀ ਹੋਈ ਨੇ ਕਿਹਾ।

'ਆਪਾਂ ਦੋਵੇਂ ਮਿਲ ਕੇ ਪਿੰਜਰਾ ਤੋੜ ਕੇ ਜਿੰਨੀ ਛੇਤੀ ਹੋ ਸਕੇ ਭੱਜ ਚੱਲੀਏ' ਕੇਵਲ ਨੇ ਕਿਹਾ।

'ਪਰ ਪਿੰਜਰਾ ਟੁੱਟੂ ਕਿਵੇਂ'

'ਕਰਦੇਂ ਆਂ ਕੋਸਿ*ਸ* ਲੱਗਿਆ ਤਾਂ ਚੂਹਾ ਮਾਣ ਨੀ ਆਪਾਂ ਤਾਂ ਬੰਦੇ ਆਂ' ਕੇਵਲ ਨੇ ਕਿਹਾ। ਅਤੇ ਦੋਵਾਂ ਨੇ ਲੱਕੜ ਦਾ ਡੰਡਾ ਪੱਟਣਾ ਚਾਹਿਆ ਪਰ ਬੇਕਾਰ ਹੱਥਾਂ ਵਿੱਚ ਚੀਘਾਂ ਪੈ ਗਈਆਂ।

'ਅੰਦਰੋਂ ਖਿੱਚ ਕੇ ਡੰਡਾ ਨਈਂ ਪੱਟਿਆ ਜਾਣਾਂ ਕੋਈ ਬਾਹਰੋਂ ਖਿੱਚੇ' ਕੇਵਲ ਨੇ ਕਿਹਾ।

'ਬਾਰ੍ਹ ਤਾਂ ਕੋਈ ਨੀ, ਆਹ ਮੇਖ ਸਿੱਧੀ ਕਰ' ਸੀਤਲ ਨੇ ਕਿਹਾ ਕਿਉਂਕਿ ਡੰਡਿਆਂ ਬਾਹਰੋਂ ਮੇਖਾਂ ਠੋਕੀਆਂ ਸਨ।

'ਕਾਅਦੇ ਨਾਲ?' ਕੇਵਲ ਨੇ ਕਿਹਾ।

'ਕੜੇ ਨਾਲ' ਕੁੜੀ ਨੇ ਕਿਹਾ ਕੇਵਲ ਨੇ ਕੜੇ ਨਾਲ ਪਹਿਲਾਂ ਲੱਕੜ ਖੁਰਚੀ ਜਦੋਂ ਕੜਾ ਮੇਖ ਵਿੱਚ ਪੈ ਗਿਆ।

'ਲਿਆ ਪੱਗ ਕੁੜੀ ਨੇ ਕਿਹਾ' ਕੇਵਲ ਨੇ ਪੱਗ ਲਾਹ ਕੇ ਕੜੇ ਵਿੱਚ ਪਾਕੇ ਦੋਨਾ ਨੇ ਜ*ਰ ਲਾਕੇ ਮੇਖ ਸਿੱਧੀ ਕਰ ਲਈ।

ਲਾ ਕੇ ਮੇਖ ਸਿੱਧੀ ਕਰ ਕਈ। ਫਿਰ ਪੱਗ ਇੱਕ ਡੰਡੇ ਪਾ ਕੇ ਉਤਲੇ ਡੰਡੇ ਦੇ ਉੱਤੋਂ ਦੀ ਕਰ ਲਈ ਹੁਣ ਦੋਨੋ ਜ਼ੋਰ ਲਾ ਕੇ ਡੰਡਾ ਪੱਟ ਸਕਦੇ ਸਨ। ਦੋਨਾ ਨੇ ਬਿਜਲੀ ਦੇ ਖੰਭੇ ਗੱਡਣ ਵਾਲਿਆਂ ਵਾਂਗੂੰ ਇਕੱਠਾ ਜ਼ੋਰ ਲਾ ਕੇ, ਅੱਧੇ ਘੰਟੇ ਦੀ ਜੱਦੋ ਜਹਿਦ ਦੇ ਬਾਅਦ ਡੰਡਾ ਪੱਟਿਆ! ਕੇਵਲ ਵਾਸਤੇ ਸਮਝੋ ਲਾਟਰੀ ਨਿਕਲ ਆਈ! ਜਗ੍ਹਾ ਭੀੜੀ ਸੀ ਪਹਿਲਾਂ ਕੁੜੀ ਪਤਲੀ ਹੋਣ ਕਰਕੇ ਦੋਹਾਂ ਡੰਡਿਆਂ ਦੇ ਵਿਚਕਾਰੋਂ ਨਿਕਲ ਗਈ, ਪਰ ਕੇਵਲ ਮੋਟਾ ਹੋਣ ਕਰਕੇ ਡੰਡਿਆਂ ਦੇ ਵਿੱਚ ਫਸ ਗਿਆ। ਕੁੜੀ ਨੇ ਦੋਵੇਂ ਪੈਰ ਪਿੰਜਰੇ ਨਾਲ ਲਾ ਕੇ ਮੁੰਡੇ ਮੋਢਿਆਂ ਤੋਂ ਫੜ ਕੇ ਖਿੱਚਿਆ ਕੇਵਲ ਦੇ ਕੱਪੜੇ ਪਾਟ ਗਏ ਅਤੇ ਪਿੰਡੇ ਤੇ ਝਰੀਟਾਂ ਵੱਜ ਗਈਆਂ ਜਿਸ ਕਰਕੇ ਪਿੰਡੇ ਵਿੱਚੋਂ ਲਹੂ ਨਿਕਲਣ ਲੱਗ ਪਿਆ ਪਰ ਬਾਹਰ ਆ ਗਿਆ। ਪਿੰਡਾ ਤਾਂ ਕੁੜੀ ਦਾ ਵੀ ਛਿੱਲਿਆ ਗਿਆ ਸੀ ਪਰ ਘੱਟ! ਦੋਨੋਂ ਪਿੰਜਰੇ ਵਿੱਚੋਂ ਬਾਹਰ ਆ ਗਏ।

'ਵਾਰਿਸ ਸ਼ਾਹ ਸ਼ਰੀਕ ਹੈ ਕੌਣ ਉਸਦਾ, ਜਿਸਦਾ ਰੱਬ ਨੇ ਕੰਮ ਸਵਾਰਿਆ ਈ'

'ਥੋਡਾ ਨਾ ਕੀ ਆ ਜੀ' ਕੇਵਲ ਨੇ ਕੁੜੀ ਤੋਂ ਪੁੱਛਿਆ।

'ਸੀਤਲ ਤੇ ਥੋਡਾ'

'ਜੀ ਮੇਰਾ ਨਾ ਕੇਵਲ ਸਿੰਘ ਆ'

'ਹੁਣ ਕਿੱਧਰ ਚੱਲੀਏ?' ਸੀਤਲ ਨੇ ਕਿਹਾ ਉਹ ਬਹੁਤ ਘਬਰਾਈ ਹੋਈ ਸੀ।

'ਏਹ ਤਾਂ ਮੈ ਵੀ ਪਤਾ ਨੀ ਪਰ ਐਥੋਂ ਚੱਲੀਏ ਕੇਵਲ ਨੇ ਕਿਹਾ ਅਤੇ ਦਿਸ਼ਾਹੀਣ ਤੁਰ ਪਏ ਅੱਗੇ ਇਕ ਰਾਹ ਆ ਗਿਆ ਕੁੜੀ ਰਾਹ ਤੇ ਤੁਰਨ ਲੱਗ ਪਈ।

'ਰਾਹ ਤੇ ਨਾ ਤੁਰੋ ਜੀ ਹੋ ਸਕਦੈ ਫਿਰ ਵੈਨ ਵਾਲੇ ਆ ਜਾਣ ਹੁਣ ਬਚਿਆ ਵੀ ਨੀ ਜਾਣਾ' ਕੇਵਲ ਨੇ ਕਿਹਾ। ਦੋਵੇਂ ਜੰਗਲ ਵਿੱਚ ਕੁਰਾਹੇ ਪੈ ਕੇ ਤੁਰਨ ਲੱਗੇ। ਅੱਗੇ ਇੱਕ ਮੇਨ ਰੋਡ ਆ ਗਿਆ ਇਹਨਾ ਘਬਰਾਏ ਹੋਏ ਹੋਣ ਕਰਕੇ ਕੋਈ ਪਤਾ ਨਹੀਂ ਸੀ ਕਿੱਧਰ ਜਾਣਾ ਸੜਕ ਤੋਂ ਪਾਸੇ ਹੋ ਕੇ ਤੁਰ ਰਹੇ ਸਨ। ਸੀਤਲ ਡਰ ਰਹੀ ਕਿ ਜਵਾਨ ਮੈਂ ਤੇ ਜਵਾਨ ਅੱਜਨਬੀ ਨੌਜਵਾਨ ਕਿਤੇ ਮੇਰੇ ਨਾਲ




ਇਹ ਨਾ ਹੋਵੇ ਮੈਂ ਅਸਮਾਨ ਵਿੱਚੋਂ ਡਿੱਗੀ ਤੇ ਖੰਜੂਰ ਅਟਕੀ! ਮੈਨੂੰ ਕਿਤੇ ਦਿੱਲੀ ਦੁੱਲੀ ਨਾ ਲੈਜੇ! ਜਾਂ ਕਿਤੇ ਇਸ ਮੁੰਡੇ ਦਾ ਹੀ ਜਾਲ ਨਾ ਵਿਸ*ਾਇਆ ਹੋਵੇ! ਡਰਦੀ ਛੇਤੀ ਛੇਤੀ ਤੁਰੀ ਵੀ ਜਾਂਦੀ ਸੀ ਤੇ ਚੋਰੀ ਅੱਖ ਨਾਲ ਕੇਵਲ ਵੱਲ ਵੀ ਦੇਖ ਲੈਂਦੀ ਜਦੋਂ ਕਿ ਕੇਵਲ ਆਸੇ ਪਾਸੇ ਦੇਖਕੇ ਚੌਕਸੀ ਨਾਲ ਤੁਰ ਰਿਹਾ ਸੀ। ਅੱਗੇ ਇੱਕ ਚੰਡੀਗੜ੍ਹ ਦਾ ਬੋਰਡ ਆ ਗਿਆ।

'ਹੁਣ ਆਪਾਂ ਪਿੱਛੇ ਮੁੜਨਾ ਪਊ' ਸੀਤਲ ਨੇ ਕਿਹਾ ਦੋਨੋ ਤੇਜ਼ ਤੇਜ਼ ਤੁਰ ਕੇ ਕਿਸੇ ਠਾਣੇ ਜਾਣਾ ਚਾਹੁੰਦੇ ਸਨ। ਇਹ ਡਰ ਰਹੇ ਸਨ ਕਿ ਸ਼ਾਇਦ ਉਹ ਸਾਡਾ ਪਿੱਛਾ ਨਾ ਕਰ ਰਹੇ ਹੋਣ! ਸ਼ਹਿਰ ਵਿੱਚ ਵੜਦਿਆਂ ਹੀ ਚੌਂਕੀ ਸੀ। ਡਿਊਟੀ ਵਾਲਾ ਊਂਘ ਰਿਹਾ ਸੀ। ਉਸ ਸੰਤਰੀ ਨੇ ਜਗਾਇਆ। ਉਸ ਨੇ ਉਬਾਸੀ ਲਈ ਅਤੇ ਦਰਾਜ ਵਿੱਚੋਂ ਇੱਕ ਕਾਗਜ਼ ਪਿੰਨ ਦੇ ਦਿੱਤਾ ਤੇ ਕਮਰੇ ਵਿੱਚੋਂ ਬਾਹਰ ਜਾਣ ਦਾ ਇਸ਼ਾਰਾ ਕਰਕੇ ਫਿਰ ਸੌਂ ਗਿਆ।

'ਤੁਸੀਂ ਇਸ ਤੇ ਜੋ ਤਕਲੀਫ ਆ ਲਿਖ ਦੇਵੋ ਸਰਦਾਰ ਜੀ ਸਵੇਰੇ ਔਣਗੇ ਤੇ ਗੌਰ ਕਰਨਗੇ' ਸੰਤਰੀ ਨੇ ਕਿਹਾ ਤਾਂ ਸੀਤਲ ਨੇ ਪਰਚਾ ਲਿਖ ਕੇ ਦੇ ਦਿੱਤਾ। ਉੱਧਰੋਂ ਠਾਂਣੇਦਾਰ ਵੀ ਨਸ*ੇ ਨਾਲ ਝੂਮਦਾ ਠਾਣੇ ਵਿੱਚ ਆ ਗਿਆ ਜਿਵੇਂ ਪ੍ਰਾਹੁਣਾ ਸਹੁਰੇ ਘਰ ਵੜਦਾ ਹੈ। ਇਹ ਦੋਵੇਂ ਠਾਣੇ ਤੋਂ ਬਾਹਰ ਜਾਣ ਹੀ ਲੱਗੇ ਸਨ।

'ਕਿੱਧਰ ਮੂੰਹ ਚੱਕਿਆ ਉਏ' ਠਾਣੇਦਾਰ ਨੇ ਲਲਕਾਰਾ ਮਾਰਿਆ ਦੋਨੋ ਪਹਿਲਾਂ ਹੀ ਡਰੇ ਸਨ ਠਾਣੇਦਾਰ ਦੇ ਲਲਕਾਰੇ ਨਾਲ ਹੋਰ ਡਰ ਗਏ।

'ਅਸੀਂ ਜੀ ਅਸੀਂ ਜੀ' ਦੋਹਾਂ ਤੋਂ ਬੋਲਿਆ ਨਹੀਂ ਸੀ ਜਾਂਦਾ।

'ਥੱਲੇ ਬੈਠੋ' ਠਾਣੇਦਾਰ ਨੇ ਕਿਹਾ ਤੇ ਆਪ ਕੁਰਸੀ ਤੇ ਬੈਠ ਗਿਆ। ਅਤੇ ਉਹਨਾ ਦਾ ਪਰਚਾ ਦੇਖਿਆ।

'ਹੂੰ ਪਰਚਾ ਲਿਖ ਤਾ ਤੁਸੀਂ ਹੋ ਕੌਣ' ਠਾਣੇਦਾਰ ਨੇ ਫੁਕਾਰਾ ਮਾਰਕੇ ਪੁੱਛਿਆ।

'ਏਹ ਕੁੜੀ ਆ ਮੈਂ ਮੁੰਡਾ' ਕੇਵਲ ਨੇ ਕਿਹਾ।

'ਸੱਚ ਸੱਚ ਦੱਸੋ ਨਈਂ ਤਾਂ ਅਵਾਰਾ ਗਰਦੀ ਦੇ ਜੁਰਮ 'ਚ' ਅੰਦਰ ਕਰਦੂੰਗਾ, ਸਾਲਾ ਹੋਇਆ ਮੁੰਡਾ ਕੁੜੀ ਦਾ' ਅਜੀਬ ਫੁਰਮਾਨ ਸੁਣਕੇ ਦੋਵੇਂ ਬਰਫ ਵਿੱਚ ਲੱਗ ਗਏ ਆਏ ਸੀ ਮੱਦਦ ਮੰਗਣ ਉਲਟਾ ਫਸ ਗਏ। ਆਏ ਸੀ ਰੋਜੇ ਬਖਸਾਉਣ ਨਵਾਜ*ਾਂ ਗਲ ਪੈ ਗਈਆਂ! ਹੁਣ ਕੀ ਦੱਸਣ ਅਜਨਬੀ, ਯਾਰ ਦੋਸਤ! ਪਰ ਠਾਂਣੇਦਾਰ ਤਾਂ ਪਹਿਲਾਂ ਹੀ ਅਵਾਰਾ ਗਰਦੀ ਦੇ ਕੇਸ ਵਿੱਚ ਬੰਦ ਕਰਨ ਨੂੰ ਫਿਰਦਾ ਸੀ!

'ਅਸੀਂ ਜੀ ਪਤੀ ਪਤਨੀ ਆਂ' ਸੀਤਲ ਨੇ ਕਿਹਾ ਤਾਂ ਕੇਵਲ ਦੇ ਅੰਦਰ ਇਹ ਸ*ਬਦ ਬਿਜਲੀ ਦੇ ਕਰੰਟ ਵਾਂਗੂੰ ਗੁ*ਜ*ਰ ਗਏ।

'ਥੋਡਾ ਨਾ ਕੀ ਏ' ਠਾਂਣੇਦਾਰ ਨੇ ਪੁੱਛਿਆ।

'ਜੀ ਸੀਤਲ ਤੇ ਕੇਵਲ' ਸੀਤਲ ਨੇ ਥੱਥਲਾਂਦੀ ਅਵਾਜ* ਵਿੱਚ ਕਿਹਾ।

'ਸੰਤਰੀ ਏ੍ਹਨਾ ਨੂੰ ਹਵਾਲਾਤ 'ਚ' ਬੰਦ ਕਰੋ ਮੈਨੂੰ ਇਹ ਪਤੀ ਪਤਨੀ ਨੀ ਲਗਦੇ'

'ਜੀ ਜਨਾਬ' ਆਖਕੇ ਸੰਤਰੀ ਭੱਜਾ ਭੱਜਾ ਆਇਆ। ਦੋਨੋ ਡਰ ਗਏ ਕਿ ਇੱਕ ਮੁਸੀਬਤ ਵਿੱਚੋਂ ਨਿਕਲੇ ਦੂਜੀ ਅੱਗੇ ਖੜ੍ਹੀ ਹੈ ਮੂਸਾ ਮੌਤੋ ਭੱਜਿਆ ਅੱਗੇ ਮੌਤ ਖੜ੍ਹੀ ਵਾਲੀ ਗੱਲ ਬਣੀ। ਸੋਚ ਰਹੇ ਸੀ ਏਦੂੰ ਤਾਂ ਠਾਂਣੇ ਨਾ ਹੀ ਆਉਂਦੇ ਜਾਂਦੀਏ ਬਲਾਏ ਦੁਪਹਿਰਾ ਕੱਟ ਜਾ ਵਾਲੀ ਗੱਲ ਬਣੀ! ਕਿਤੇ ਇਹ ਪਿੰਜਰੇ ਵਾਲਿਆਂ ਨਾਲ ਨਾ ਮਿਲਿਆ ਹੋਵੇ। ਪੁਲੀਸ ਵਾਲੇ ਮੈਨੂੰ ਚੱਕ ਲਿਆਏ ਤੇ ਮੈਂ ਆਪ ਖੁਦ ਚੱਲਕੇ ਪੁਲੀਸ ਕੋਲ ਆ ਗਿਆ! ਬੱਕਰਾ ਖੁਦ ਕਸਾਈ ਕੋਲ ਆ ਗਿਆ! ਇਹ ਸੋਚ ਕੇ ਕੇਵਲ ਫਿਕਰਾਂ ਵਿੱਚ ਪੈ ਗਿਆ!

'ਸਰਦਾਰ ਜੀ ਤੁਸੀਂ ਮੈਨੂੰ ਹਵਾਲਾਤ 'ਚ' ਰੱਖ ਲੋ ਪਰ ਕੁੜੀ ਨੂੰ ਜਾਣ ਦਿ5 ਏਹ ਸਵੇਰੇ ਆ ਜੂਗੀ' ਕੇਵਲ ਨੇ ਹੱਥ ਬੰਨਕੇ ਕਿਹਾ।

'ਏਹ ਨੀ ਹੋ ਸਕਦਾ' ਠਾਂਣੇਦਾਰ ਨੇ ਲਾਪ੍ਰਵਾਹੀ ਨਾਲ ਕਿਹਾ। ਅਤੇ ਸੰਤਰੀ ਦੋਵਾਂ ਨੂੰ ਹਵਾਲਾਤ ਵੱਲ ਲੈ ਗਿਆ।

'ਕੁਸ* ਦੇ ਲੈ ਕੇ ਪਿੱਛਾ ਛੁਡਾਵੋ ਏਹ ਠਾਣੇਦਾਰ ਬ੍ਹੌਤ ਭੈੜਾ ਹੁਣ ਪੀਤੀ 'ਚ' ਮੰਨ ਜੂ ਸਵੇਰੇ ਨੀ ਮੰਨਣਾ ਅਵਾਰਾ ਗਰਦੀ 'ਚ' ਅੰਦਰ ਕਰਦੂੰ' ਸੰਤਰੀ ਨੇ ਹਵਾਲਾਤ ਦਾ ਦਰਵਾਜ*ਾ ਖੋਲ੍ਹਦੇ ਨੇ ਕਿਹਾ। ਅੰਦਰੋਂ ਸੜੇਹਾਣ ਮਾਰ ਰਹੀ ਸੀ।

'ਪਰ ਅਸੀਂ ਤਾਂ ਜੀ ਪਤੀ ਪਤਨੀ ਆਂ ਨੀਲੀ ਨੇ ਕਿਹਾ।

'ਬੀਬੀ ਅਸੀਂ ਖੋਤੇ ਨੀ ਚਾਰਦੇ ਬੰਦੇ ਚਾਰਦੇ ਆਂ, ਅੱਗੇ ਮੈਨੂੰ ਦੱਸਣ ਦੀ ਲੋੜ ਨੀ ਫਸਣਾ ਜਾਂ ਨਿਲਲਨਾ?' ਸੰਤਰੀ ਨੇ ਕਿਹਾ। ਦੋਨੋ ਸਮਝ ਗਏ ਕਿ ਪੁਲੀਸ ਵਾਲਿਆਂ ਦੀ ਨਜ*ਰ ਤੋਂ ਕੌਣ ਬਚ ਸਕਦਾ ਸਮਝੌਤਾ ਠੀਕ ਆ।

'ਸਾਨੂੰ ਤਾਂ ਡਰ ਲਗਦਾ ਤੁਸੀਂ ਆਪ ਗੱਲ ਕਰ ਲੋ ਹੌਲਦਾਰ ਸਾਬ੍ਹ' ਕੇਵਲ ਨੇ ਜਾਣਦੇ ਹੋਏ ਨੇ ਅਣਜਾਣ ਬਣਕੇ ਸਿਪਾਹੀ ਨੂੰ ਹੌਲਦਾਰ ਕਿਹਾ। ਸੰਤਰੀ ਠਾਂਣੇਦਾਰ ਕੋਲ ਗਿਆ ਉਹ ਕੁਰਸੀ ਤੇ ਫੁੱਲ ਸ*ਰਾਬੀ ਹੋਇਆ ਬੈਠਾ ਸੀ ਅੱਖਾਂ ਨਹੀਂ ਸੀ ਖੁਲਦੀਆਂ।

'ਦੋਨੋ ਬਦਮਾਸ ਬੰਦ ਕਰਤੇ' ਠਾਂਣੇਦਾਰ ਨੇ ਥੱਥਲਾ ਕੇ ਪੱਛਿਆ।

'5ਨਾ ਦਾ ਬੱਚਾ ਬਮਾਰ ਆ ਜੀ' ਸੰਤਰੀ ਠਾਂਣੇਦਾਰ ਦੀ ਜ*ੇਬ ਵਿੱਚ ਚਾਰ ਸੌ ਰੁਪਿਆ ਪਾਉਂਦੇ ਹੋਏ ਨੇ ਕਿਹਾ। ਸੀਤਲ ਨੇ ਪੰਜ ਸੌ ਦਿੱਤਾ ਸੀ ਸੌ ਸੰਤਰੀ ਰੱਖ ਗਿਆ! ਠਾਂਣੇਦਾਰ ਨੇ ਜਾਣ ਦਾ ਇਸ*ਾਰਾ ਕੀਤਾ। ਸੀਤਲ ਨੇ ਟੈਕਸੀ ਕੀਤੀ ਨਾਲ ਕੇਵਲ ਨੂੰ ਬਿਠਾ ਲਿਆ ਤੇ ਟੈਕਸੀ ਤੁਰ ਪਈ ਅਤੇ ਸੀਤਲ ਨੇ ਆਪਣੀ ਕਹਾਣੀ ਸੁਣਾ ਦਿੱਤੀ ਕਿ ਕਿਵੇਂ ਕਾਬੂ ਆਈ। ਸੀਤਲ ਦੀ ਕੋਠੀ ਆ ਗਈ ਦੋਨੋ ਉੱਤਰ ਗਏ। ਅੱਧੀ ਰਾਤ ਸੀ ਕੇਵਲ ਸੋਚ ਰਿਹਾ ਸੀ ਹੁਣ ਕਿੱਥੇ ਜਾਵੇ!

'ਕੀ ਸੋਚ ਰਹੇ ਹੋ' ਸੀਤਲ ਨੇ ਕੇਵਲ ਦੇ ਹਾਵ ਭਾਵ ਦੇਖਕੇ ਕੇਵਲ ਤੋਂ ਪੁੱਛਿਆ।

'ਅੱਧੀ ਰਾਤ ਨੂੰ ਕਿੱਥੇ ਜਾਂਵਾਂ?'

'ਮੇਰੇ ਘਰ ਚੱਲੋ'

'ਥੋਡੇ ਮਾਂ ਬਾਪ ਗੁੱਸੇ ਹੋਣਗੇ'

'ਤੁਸੀਂ ਚਲੋ ਪਲੀਜ*' ਸੀਤਲ ਨੇ ਕਿਹਾ ਕੇਵਲ ਡਰ ਗਿਆ ਕਿ ਪੁਲੀਸ ਵਾਲਿਆਂ ਨੂੰ ਤਾਂ ਪੈਸੇ ਦੇਕੇ ਨਿਕਲ ਗਿਆ ਜੱਟਾਂ ਨੇ ਛੱਡਣਾ ਵੀ ਨਹੀਂ!

'ਮੇਰੇ ਘਰ ਕੋਈ ਨੀ ਤੁਸੀਂ ਚਲੋ' ਆਖਕੇ ਸੀਤਲ ਨੇ ਦਰਵਾਜਾ ਖ੍ਹੋਲਕੇ ਅੰਦਰ ਚਲੀ ਗਈ ਕੋਠੀ ਕਾਫੀ ਵੱਡੀ ਸੀ। ਦੋਵੇਂ ਅਲੱਗ ਅਲੱਗ ਕਮਰਿਆਂ ਵਿੱਚ ਸੌਂ ਗਏ। ਸਵੇਰੇ ਉੱਠਕੇ ਸੀਤਲ ਨੇ ਚਾਹ ਬਣਾਈ। ਸੀਤਲ ਦੇ ਮਾਮੇ ਦਾ ਮੁੰਡਾ ਭਿੰਦਾ ਉਡੀਕਦਾ ਉਡੀਕਦਾ ਸੌਂ ਗਿਆ ਸੀ ਸਵੇਰੇ ਸੀਤਲ ਨੂੰ ਦੇਖਕੇ ਖੁਸ* ਹੋ ਗਿਆ ਕਿ ਚਲੋ ਘਰੇ ਤਾਂ ਆਈ ਪਰ ਇਕ ਨੌਜਵਾਨ ਨੂੰ ਘਰ ਵਿੱਚ ਦੇਖਕੇ ਉਸਦਾ ਖ਼ੂਨ ਖੌਲਣ ਲੱਗ ਪਿਆ।

'ਤੂੰ ਕਿੱਥੇ ਚਲੀ ਗਈ ਸੀ' ਭਿੰਦੇ ਨੇ ਸੀਤਲ ਤੋਂ ਪੁੱਛਿਆ।

'ਥੋੜਾ ਚਿਰ ਰੁਕੋ ਟੀ ਵੀ ਵਿੱਚ ਖ਼ਬਰ ਆ ਜਾਊਗੀ' ਸੀਤਲ ਨੇ ਕਿਹਾ ਕਿਉਂਕਿ ਪੁਲੀਸ ਪਰਚਾ ਪੜਕੇ ਦੱਸੀ ਜਗ੍ਹਾ ਤੇ ਜਾ ਰਹੀ ਸੀ ਅਤੇ ਇਹ ਵੀ ਕਿਹਾ ਸੀ ਕਿ ਤੈ ਟੀ ਵੀ ਅੱਗੇ ਆਉਣਾ ਪਊ। ਪਰ ਸੀਤਲ ਤੇ ਕੇਵਲ ਨੇ ਮਨ੍ਹਾ ਕਰ ਦਿੱਤਾ।

'ਕੀ ਗੱਲ ਤੂੰ ਟੀ ਵੀ 'ਚ' ਖ਼ਬਰਾਂ ਦੇਣ ਲੱਗ ਪੀ।

'ਮੈਂ ਟੀ ਵੀ ਤੇ ਕੀ ਖ਼ਬਰਾਂ ਦੇਣ ਲੱਗਣਾ ਸੀ ਗੱਲ ਹੋਰ ਬਣਗੀ' ਸੀਤਲ ਨੇ ਕਿਹਾ ਅਤੇ ਸਾਰੀ ਗੱਲ ਦੱਸ ਦਿੱਤੀ।

'ਉਹ ਥੋ ਲੈ ਕੇ ਕਿ5ਂ ਗਏ' ਭਿੰਦੇ ਨੇ ਪੁੱਛਿਆ ਤੇ ਗੁੱਸਾ ਵੀ ਠੰਢਾ ਹੋ ਗਿਆ ਕਿ ਮੈਂ ਤਾਂ ਐਵੇਂ ਸ*ੱਕ ਕਰਦਾ ਸੀ।

'ਪਤਾ ਤਾਂ ਮੈ ਵੀ ਨਈਂ ਪਰ ਗੱਲ ਕੋਈ ਖ਼ਤਰੇ ਵਾਲੀ ਸੀ' ਸੀਤਲ ਨੇ ਕਿਹਾ। ਟੀ ਵੀ ਚਾਲੂ ਸੀ ਪਰ ਆਵਾਜ਼ ਬੰਦ ਸੀ ਮਸ਼ਹੂਰੀਆਂ ਤੋਂ ਬਾਅਦ ਖਬਰਾਂ ਆ ਗਈਆਂ।

'ਅੱਜ ਦੀ ਤਾਜ਼ਾ ਖਬਰ ਗੁਰਦੇ ਕੱਢ ਕੇ ਵੇਚਣ ਵਾਲਾ ਡਾਕਟਰ ਗ੍ਰਿਫ਼ਤਾਰ!

'ਅੱਜ ਇੱਕ ਡਾਕਟਰ ਦਾ ਪਰਦਾਫ਼ਾਸ ਹੋਇਆ ਹੈ ਇਸਦੇ ਗੁੰਡੇ ਬਜ਼ਾਰ ਵਿੱਚ ਪੁਲੀਸ ਦੀ ਵਰਦੀ ਪਾਕੇ ਇਕੱਲੇ ਤੁਰੇ ਜਾਂਦੇ ਮੁੰਡੇ ਜਾਂ ਕੁੜੀ ਚੱਕ ਲੈਂਦੇ ਸਨ। ਫਿਰ ਨਸ਼ੇ ਦਾ ਟੀਕਾ ਲਾ ਕੇ ਬੇਹੋਸ਼ ਕਰਕੇ ਜੰਗਲ ਵਿੱਚ ਲਿਜਾ ਕੇ ਜਿੱਥੇ ਇੱਕ ਲੱਕੜ ਦਾ ਪਿੰਜਰਾ ਰੱਖਿਆ ਸੀ। ਉਸ ਵਿੱਚ ਚੱਕੇ ਹੋਏ ਮੁੰਡੇ ਜਾਂ ਕੁੜੀ ਕੈਦ ਕਰ ਦਿੰਦੇ ਸਨ। ਉਸ ਪਿੰਜਰੇ ਵਿੱਚ ਖਾਣ ਪੀਣ ਵਾਸਤੇ ਵੀ ਕੁਝ ਨਹੀਂ ਸੀ। ਕੈਦੀ ਭੁੱਖਾ ਪਿਆਸਾ ਰੱਖਿਆ ਜਾਂਦਾ ਅਤੇ ਅੱਧੀ ਰਾਤ ਪਿੰਜਰੇ ਵਿੱਚੋਂ ਕੱਢ ਕੇ ਐਂਬੂਲੈਂਸ ਵਿੱਚ ਬਿਠਾ ਕੇ ਰਾਤ ਗੁਰਦਾ ਕੱਢ ਲਿਆ ਜਾਂਦਾ! ਉਸਤੋਂ ਬਾਅਦ ਉਸ ਨਾ-ਮਾਲੂਮ ਜਗ੍ਹਾ ਤੇ ਅਵਾਰਾ ਪਸ਼ੂ ਵਾਂਗ ਛੱਡ ਦਿੱਤਾ ਜਾਂਦਾ। ਉਸ ਪਤਾ ਹੀ ਨਹੀਂ ਹੁੰਦਾ ਕਿ ਮੇਰੇ ਨਾਲ ਕੀ ਵਾਪਰ ਗਿਆ! ਪਰ ਅੱਜ ਇੱਕ ਨੌਜਵਾਨ ਮੁੰਡੇ ਕੇਵਲ ਸਿੰਘ ਅਤੇ ਬੀਬੀ ਸੀਤਲ ਕੌਰ ਨੇ ਬਹਾਦਰੀ ਦਿਖਾ ਕੇ 'ਗੁਰਦਾ ਕਾਂਡ' ਦਾ ਪਰਦਾ ਚੁੱਕਿਆ ਹੈ। ਕਿਉਂਕਿ ਪਹਿਲਾਂ ਵੀ ਕਈ ਮੁੰਡੇ ਕੁੜੀਆਂ ਦੇ ਗੁਰਦੇ ਕੱਢੇ ਗਏ ਹਨ। ਪਰ ਮੁਜ਼ਰਮ ਬਚਦਾ ਆ ਰਿਹਾ ਸੀ। ਪੰਜਾਬ ਗੌਰਮਿੰਟ ਨੇ 15 ਅਗਸਤ ਦੋਵਾਂ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ'

'ਹੈਂ ਤੂੰ ਮੌਤ ਦੇ ਮੂੰਹ ਵਿੱਚੋਂ ਕਿਵੇਂ ਨਿਕਲੀ ? ਭਿੰਦੇ ਨੇ ਹੈਰਾਨ ਹੋ ਕੇ ਕਿਹਾ।

'ਏਹ ਸਭ ਕੁਦਰਤ ਦੇ ਖੇਲ ਆ ਬੱਸ ਬਚ ਗਈ ਸੀਤਲ ਨੇ ਸਾਰੀ ਕਹਾਣੀ ਬਿਆਨ ਕਰ ਦਿੱਤੀ ਅਤੇ ਭਿੰਦਾ ਲਾਲ ਪੀਲਾ ਹੁੰਦਾ ਗਿਆ।

# ਮੌਤ ਦੇ ਸਾਏ ਵਿਚ ਜਵਾਨ ਹੋਈ ਮੁਹੱਬਤ ਦੀ ਕਥਾ

- ਕੁਲਦੀਪ ਸਿੰਘ ਦੀਪ (ਡਾ.)

ਇਤਿਹਾਸ ਦੇ ਪੰਨਿਆਂ ਵਿਚ ਕੀ ਕੁਝ ਦਫ਼ਨ ਹੋ ਜਾਂਦਾ ਹੈ, ਇਹ ਨਾ ਇਤਿਹਾਸ ਦੇ ਸਿਰਜਕਾਂ ਨੂੰ ਅਹਿਸਾਸ ਹੁੰਦਾ ਹੈ, ਨਾ ਇਤਿਹਾਸ ਦੇ ਪਾਠਕਾਂ ਨੂੰ ਤੇ ਨਾ ਇਤਿਹਾਸ ਤੋਂ ਬੇਖ਼ਬਰ ਸਾਧਾਰਨ ਜ਼ਿੰਦਗੀ ਜਿਉਂਦੇ ਤਮਾਮ ਲੋਕਾਂ ਨੂੰ। ਪਰ ਕੁਝ ਪਲ ਅਜਿਹੇ ਆਉਂਦੇ ਹਨ ਜਦ ਅਸੀਂ ਵਕਤ ਦੀ ਤੰਗਲੀ ਨਾਲ ਇਤਿਹਾਸ ਦਾ ਲਾਂਗਾ ਫਰੋਲਦੇ ਹਾਂ ਤਾਂ ਬਾਹਰੋਂ ਜਾਪਦੇ ਬਾਲਣ ਦੇ ਢੇਰ ਵਿਚ ਵੀ ਸੁਨਹਿਰੀ ਮੋਤੀਆਂ ਵਰਗੇ ਦਾਣੇ ਬਰਬਸ ਹੀ ਤੁਹਾਡਾ ਧਿਆਨ ਆਪਣੇ ਵੱਲ ਖਿੱਚ ਲੈਂਦੇ ਹਨ।

ਕਰੋਨਾ ਨਾਲ ਜੁੜੇ ਸ਼ਬਦਾਂ ਦੀ ਪੈੜ ਨੱਪਦਿਆਂ ਬਹੁਤ ਕੁਝ ਜਾਣਨ-ਸਮਝਣ ਤੇ ਫੋਲਣ ਦਾ ਮੌਕਾ ਮਿਲਿਆ। ਇਤਿਹਾਸ ਦੇ ਉਹਨਾਂ ਸਫ਼ਿਆਂ ਤੋਂ ਗਰਦ ਝਾੜਨ ਦਾ ਸਬੱਬ ਬਣਿਆ ਜੋ ਆਮ ਹਾਲਤਾਂ ਵਿਚ ਜ਼ਿੰਦਗੀ ਦੀ ਦੌੜ ਵਿਚ ਭਜੇ ਜਾਂਦੇ ਮੇਰੇ ਵਰਗੇ ਨਾਚੀਜ਼ ਤੋਂ ਕਦੇ ਨਹੀਂ ਹੋ ਸਕਣਾ ਸੀ। ਕਰੋਨਾ, ਕੁਆਰੰਟੀਨ ਅਤੇ ਲਾਕਡਾਊਨ ਵਰਗੇ ਸ਼ਬਦਾਂ ਦਾ ਖੁਰਾ ਖੋਜ ਲੱਭਣ ਤੋਂ ਬਾਅਦ ਜਦ ਮੈਂ ਪਿਛਲੇ ਦਿਨੀਂ 'ਆਈਸੋਲੇਸ਼ਨ' ਸ਼ਬਦ ਦੇ ਦੁਆਲੇ ਹੋਇਆ ਤਾਂ ਇਹ ਮੇਰੇ ਲਈ ਤੰਗਲੀ ਨਾਲ ਇਤਿਹਾਸ ਦਾ ਲਾਂਗਾ ਫਰੋਲਣ ਵਰਗਾ ਕਾਰਜ ਹੀ ਸੀ। ਇਕ ਸ਼ਬਦ ਦੀਆਂ ਸਾਹਿਤ, ਸੱਭਿਆਚਾਰ, ਇਤਿਹਾਸ, ਸਿਆਸਤ ਅਤੇ ਵਿਰਸਾ-ਵਿਰਾਸਤ ਦੇ ਵੱਖ-ਵੱਖ ਹਵਾਲੇ ਨਾਲ ਏਨੀਆਂ ਪਰਤਾਂ ਵੀ ਹੋ ਸਕਦੀਆਂ ਹਨ, ਇਹ ਸਮਝ ਕੇ ਮੈਨੂੰ ਭਾਸ਼ਾ ਦੀ ਅਮੀਰੀ ਦਾ ਵਿੱਲਖਣ ਅਹਿਸਾਸ ਹੋਇਆ।

· ਮੰਜਰ ਹੈ ਨਸ਼ਲਕੁਸ਼ੀ ਲਈ ਕੀਤੇ ਗਏ ਕਤਲੋਗਾਰ ਤੇ ਜ਼ੁਲਮ-ਸਿਤਮ ਦਾ..

· ਕਹਾਣੀ ਹੈ ਦਿਲਾਂ ਦੀ ਧੜਕਣ ਦੇ ਇਕ ਸੁਰ ਹੋਣ ਦੀ..

· ਸਮਾਂ ਹੈ 1942 ਵਿਚ ਹਿਟਲਰ ਦੇ ਦਰਿੰਦਗੀ ਭਰਪੂਰ ਕਾਰਨਾਮਿਆਂ ਦਾ...

· ਅਤੇ ਸਥਾਨ ਹੈ ਪੋਲੈਂਡ ਦੇ ਆਸਵਿਟਜ਼ ਵਿਚ ਲਾਏ ਨਾਜ਼ੀ ਕੈਂਪ ਦਾ ਜਿਸ ਵਿਚ ਦਸ ਲੱਖ ਦੇ ਕਰੀਬ ਲੋਕਾਂ ਨੂੰ ਮਾਰਿਆ ਗਿਆ..

ਚਾਰੇ ਪਾਸੇ ਮੌਤ ਹੀ ਮੌਤ ਸੀ.. ਜ਼ੁਲਮ ਦੀਆਂ ਹਨੇਰੀਆਂ ਵਿਚ ਲਗਦਾ ਹੀ ਨਹੀਂ ਸੀ ਕਿਤੇ ਇਨਸਾਨੀਅਤ ਦਾ ਦੀਵਾ ਅਜੇ ਵੀ ਜਗ ਰਿਹਾ ਹੋਵੇ। ਹਿਟਲਰ ਦੇ ਸਤਾਏ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਹੱਥ ਪੈਰ ਮਾਰ ਰਹੇ ਹਨ। ਅਜਿਹੇ ਦੌਰ ਵਿਚ ਜਦ ਹਰ ਕੋਈ ਆਪਣੀ ਜਾਨ ਦੀ ਰਾਖੀ ਲਈ ਜੂਝ ਰਿਹਾ ਹੋਵੇ, ਜੇਕਰ ਕਿਸੇ ਹੋਰ ਦਾ ਦਿਲ ਕਿਸੇ ਹੋਰ ਲਈ ਧੜਕਣਾ ਸ਼ੁਰੂ ਕਰ ਦੇਵੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੇ ਜੁਲਮ ਦਾ ਕਿਤੇ ਅੰਤ ਨਹੀਂ ਹੁੰਦਾ ਤਾਂ ਫੁੱਲਾਂ ਦੇ ਖਿੜਨ ਦੀ ਕੋਈ ਰੁੱਤ ਨਹੀਂ ਹੁੰਦੀ। ਜੇ ਜ਼ਿੰਦਗੀ ਨੂੰ ਮਾਤ ਦੇਣ ਲਈ ਦਰਿੰਦਗੀ ਦਾ ਨੰਗਾ ਨਾਚ ਚਲ ਰਿਹਾ ਹੋਵੇ ਤਾਂ ਵੀ ਜ਼ਰੂਰ ਕਿਤੇ ਨਾ ਕਿਤੇ ਮੁਹੱਬਤ ਦੀ ਬੰਸਰੀ ਦੀਆਂ ਸੁਰਾਂ ਤੇ ਇਸ਼ਕ ਦੀ ਧੁਨ ਜ਼ਰੂਰ ਵੱਜ ਰਹੀ ਹੁੰਦੀ ਹੈ। ਮੌਤ ਦੇ ਸਾਏ ਵਿਚ ਵੱਜ ਰਹੀ ਅਜਿਹੀ ਹੀ ਬੰਸਰੀ ਦੀ ਧੁਨ ਤੇ ਗਾਏ ਜਾ ਰਹੇ ਮੁਹਬੱਤ ਦੇ ਨਗਮੇ ਦੀ ਖ਼ੂਬਸੂਰਤ ਕਹਾਣੀ ਹੈ ਇਹ..

ਯਾਦ ਕਰੋ..ਹਿਟਲਰ ਦੁਆਰਾ ਕਰਵਾਏ ਗਏ ਕਤਲੋਗਾਰਤ ਦਾ ਉਹ ਦੌਰ, ਜਦ ਮਨੁੱਖਤਾ ਪੂਰੀ ਤਰ੍ਹਾਂ ਕੱਖੋਂ ਹੌਲੀ ਹੋ ਗਈ ਸੀ, ਜਦ ਜ਼ਿੰਦਗੀ ਜਿਉਣ ਦੀ ਇੱਕੋ ਇੱਕੋ ਸ਼ਰਤ ਬਸ ਨਾਜੀ ਹੋਣਾ ਹੀ ਰਹਿ ਗਿਆ ਸੀ, ਤੇ ਬਾਕੀ ਹਰ ਕਿਸੇ ਦੇ ਮੱਥਿਆਂ ਤੇ ਮੌਤ ਦਾ ਸਿਰਨਾਵਾਂ ਉਕਰ ਦਿੱਤਾ ਗਿਆ ਸੀ। ਸੰਸਾਰ ਦੀ ਸਭ ਤੋਂ ਵੱਡੀ ਨਸਲਕੁਸ਼ੀ, ਜਦ ਹਿਟਲਰ ਨੇ ਲੱਖਾਂ ਲੋਕਾਂ ਨੂੰ ਆਈਸੋਲੇਟ ਕਰਕੇ ਮੌਤ ਦੇ ਕਾਰਖਾਨਿਆਂ ਦੇ ਰੂਪ ਵਿਚ ਸਥਾਪਤ ਕੀਤੇ ਕੈਂਪਾਂ ਵਿਚ ਭੇਜ ਦਿੱਤਾ ਸੀ। ਇਕ ਪਾਸੇ ਲੱਖਾਂ ਯਹੂਦੀਆਂ ਨੂੰ ਗੈਸ ਚੈਂਬਰਾਂ ਵਿਚ ਪਾ ਕੇ ਸਾੜ ਦਿੱਤਾ ਜਾਂਦਾ ਸੀ ਤੇ ਬਾਕੀ ਬਚਦੇ ਭੁੱਖ, ਠੰਡ ਅਤੇ ਨਰਕ ਨਾਲੋਂ ਵੀ ਭੈੜੀਆਂ ਜੀਵਨ ਹਾਲਤਾਂ ਨਾਲ ਜੂਝਦੇ ਬੀਮਾਰੀਆਂ ਨਾਲ ਮਰ ਜਾਂਦੇ ਸਨ।

ਇਹੋ ਜਿਹੇ ਬਹੁਤ ਸਾਰੇ ਕੈਂਪ ਹਿਟਲਰ ਨੇ ਵੱਖ ਵੱਖ ਥਾਂਵਾਂ ਤੇ ਬਣਾਏ ਹੋਏ ਸੀ ਤੇ ਉਹਨਾਂ ਵਿਚੋਂ ਸਭ ਤੋਂ ਵੱਡਾ ਸੀ- ਆਸ਼ਵਿਟਜ਼ ਕੈਂਪ ਜਿੱਥੇ ਸਾਰੇ ਯੂਰਪ ਵਿੱਚੋਂ ਯਹੂਦੀਆਂ ਅਤੇ ਹੋਰ ਘੱਟ ਗਿਣਤੀਆਂ ਨੂੰ ਪਕੜ ਕੇ ਲਿਆਂਦਾ ਜਾਂਦਾ ਸੀ ਅਤੇ ਉੱਥੇ ਦੋਜ਼ਖ ਵਰਗੀਆਂ ਸਥਿਤੀਆਂ ਵਿਚ ਰੱਖਿਆ ਜਾਂਦਾ ਸੀ। ਹਾਲਾਤ ਇਹ ਸੀ ਕਿ ਜਿਹੜੇ ਲੋਕ ਨਾਰਮਲ ਹਾਲਤਾਂ ਵਿਚ ਮੌਤ ਤੋਂ ਡਰ-ਡਰ ਕੇ ਭਜਦੇ ਸੀ, ਉਹੀ ਉਥੇ ਪਹੁੰਚ ਕੇ ਪਹਿਲਾਂ ਮਰਨ ਨੂੰ ਤਰਜ਼ੀਹ ਦਿੰਦੇ ਸੀ। ਕਿਉਂਕਿ ਮਰਨਾ ਤਾਂ ਉਥੇ ਨਿਸ਼ਚਿਤ ਹੀ ਸੀ। ਜਿਹੜੇ ਜਾਣ ਸਾਰ ਗੈਸ ਚੈਂਬਰਾਂ ਵਿਚ ਪਾ ਕੇ ਸਾੜ ਦਿੱਤੇ ਜਾਂਦੇ ਸੀ, ਉਹ ਤਾਂ ਗਨੀਮਤ ਸਮਝਦੇ ਸੀ, ਪਰ ਜਿਹੜੇ ਜਿਵੇਂ ਜਿਵੇਂ ਲੇਟ ਹੁੰਦੇ ਸੀ, ਉਹਨਾਂ ਲਈ ਦੁਸ਼ਵਾਰੀਆਂ ਦਾ ਮੌਤ ਨਾਲੋਂ ਵੀ ਭੈੜਾ ਸਿਲਸਿਲਾ ਸ਼ੁਰੂ ਹੁੰਦਾ ਸੀ। ਆਈਸੋਲੇਸ਼ਨ ਕੈਂਪ ਵਿਚ ਵੜ੍ਹਨ ਸਾਰ ਸਫਾਚੱਟ ਕੀਤੇ ਵਾਲ. ਚੀਥੜੇ ਚੀਥੜੇ ਕੱਪੜੇ, ਖਾਣੇ ਦੇ ਨਾਂ ਦੇ ਖਾਨਾਪੂਰਤੀ, ਘੱਟ ਤੋਂ ਘੱਟ ਖੁਰਾਕ ਤੇ ਔਖੇ ਤੋਂ ਔਖਾ ਕੰਮ, ਗਾਲ੍ਹਾਂ, ਝਿੜਕਾਂ, ਮਾਰ ਕੁੱਟ. ਹਰ ਪਲ ਸਾਮਣੇ ਦਿਸਦੀ ਮੌਤ, ਦਹਿਸ਼ਤ, ਬੱਚਿਆਂ ਦਾ ਮਾਵਾਂ ਦੇ ਸਾਮ੍ਹਣੇ ਤੜਫ-ਤੜਫ ਕੇ ਮਰਨਾ, ਨਾ ਕੋਈ ਆਪਣਾ, ਜਿਸ ਦੇ ਮੋਢੇ ਤੇ ਸਿਰ ਰੱਖ ਕੇ ਬੰਦਾ ਰੋ ਹੀ ਲਵੇ, ਪਲ ਪਲ ਮੌਤ ਦੀ ਰਾਹ ਉਡੀਕਦੇ ਮਰਨ ਤੋਂ ਪਹਿਲਾਂ ਹੀ ਛਿਣ-ਛਿਣ ਮਰਦੇ ਹੱਡੀਆਂ ਦੇ ਢਾਂਚੇ..ਪਤਾ ਨਹੀਂ ਕਦ ਕਿਸ ਦੀ ਵਾਰੀ ਆ ਜਾਏ। ਇਹ ਸਿਲਸਿਲਾ ਉਸ ਵਕਤ ਤੱਕ ਚਲਦਾ ਰਿਹਾ ਜਦ ਤੱਕ ਦੂਜੇ ਵਿਸ਼ਵ ਯੁੱਧ ਦੇ ਖਾਤਮੇ ਤੋਂ ਬਾਅਦ ਸੋਵੀਅਤ ਸੰਘ ਦੀਆਂ ਫੌਜਾਂ ਨੇ ਆਸ਼ਵਿਟਜ ਤੇ ਕਬਜ਼ਾ ਕਰਕੇ ਇਹਨਾਂ ਆਈਸੋਲੇਸ਼ਨ ਕੇਂਦਰਾਂ ਦਾ ਫਸਤਾ ਨਹੀਂ ਵੱਢਿਆ।

ਇਸ ਆਈਸੋਲੇਸ਼ਨ ਕੈਂਪ ਵਿਚ ਸਭ ਤੋਂ ਪਹਿਲਾਂ ਕੰਮ ਇਹ ਹੁੰਦਾ ਸੀ ਕਿ ਹਰ ਬੰਦੇ ਤੋਂ ਉਸ ਦੀ ਪਹਿਚਾਣ ਖੋਹ ਕੇ ਉਸ ਦੀ ਬਾਂਹ ਤੇ ਟੈਟੂ ਤਕਨੀਕ ਰਾਹੀਂ ਇਕ ਨੰਬਰ ਖੁਣ ਦਿੱਤਾ ਜਾਂਦਾ ਸੀ। ਬਸ ਉਸ ਤੋਂ ਬਾਅਦ ਉਸ ਦੇ ਨਾਂ ਸਮੇਤ ਉਸ ਦਾ ਹਰ ਰਿਸ਼ਤਾ ਮਰ ਜਾਂਦਾ ਸੀ ਤੇ ਉਸ ਨੂੰ ਉਸ ਨੰਬਰ ਨਾਲ ਹੀ ਜਾਣਿਆ ਜਾਂਦਾ ਸੀ।

· ਅਜਿਹਾ ਜੀ ਇਕ ਕੈਦੀ ਸੀ-ਕੈਦੀ ਨੰਬਰ 32407

· ਨਿਕ ਨੇਮ -ਲੇਲ

· ਪੂਰਾ ਨਾਮ- ਲੁਡਵਿਗ ਲੇਲ ਆਈਜ਼ੇਨਬਰਗ

· ਧਰਮ-ਯਹੂਦੀ

· ਜਨਮ ਸਥਾਨ-ਸਲੋਵਾਕੀਆ

ਉਮਰ ਦੀ 26ਵੀਂ ਪੌੜੀ ਦੇ ਚੜ੍ਹਨ ਵਾਲਾ ਸੋਹਣਾ ਸੁਨੱਖਾ ਭਰ ਜੁਆਨ ਲੇਲ.. ਉਹਨਾਂ ਦਿਨਾਂ ਵਿਚ ਲੇਲ ਨੂੰ ਦੋ ਹੀ ਸੁਪਨੇ ਆਉਂਦੇ ਸੀ-ਜਾਂ ਰੁਜ਼ਗਾਰ ਦੇ ਜਾਂ ਵਿਆਹ ਦੇ। ਇਕ ਕਹਿਰ ਦਾ ਦਿਨ ਚੜ੍ਹਿਆ, ਜਦ ਨਾਜੀ ਪੁਲਿਸ ਨੇ ਉਹਨਾਂ ਦੇ ਬੂਹੇ ਤੇ ਆ ਦਸਤਕ ਦਿੱਤੀ। ਪੁਲਿਸ ਦੇ ਰੂਪ ਵਿਚ ਉਹ ਮੌਤ ਦੀ ਦਸਤਕ ਸੀ। ਉਹਨਾਂ ਦਿਨਾਂ ਵਿਚ ਜਦ ਕਿਸੇ ਘਟ ਗਿਣਤੀ ਖਾਸ ਤੌਰ ਤੇ ਯਹੂਦੀ ਪਰਿਵਾਰ ਦੇ ਘਰ ਦਾ ਕੁੰਡਾ ਖੜਕਦਾ ਸੀ ਤੇ ਬਾਹਰ ਨਾਜੀ ਸਿਪਾਹੀ ਖੜੇ ਹੁੰਦੇ ਸਨ ਤਾਂ ਸਿੱਧਾ ਸੰਕੇਤ ਸੀ ਕਿ ਹੁਣ ਕੀ ਹੋਣ ਵਾਲਾ ਹੈ ? ਸਾਰੇ ਟੱਬਰ ਲਈ ਮੌਤ ਸਾਮਰਤੱਖ ਖੜੀ ਦੇਖ ਕੇ ਲੇਲ ਨੇ ਵੱਡਾ ਫੈਸਲਾ ਕੀਤਾ। ਉਸ ਨੇ ਪੁਲਿਸ ਅੱਗੇ ਅਰਜੋਈ ਕੀਤੀ ਕਿ ਉਸ ਦੇ ਪਰਿਵਾਰ ਨੂੰ ਛੱਡ ਦਿੱਤਾ ਜਾਵੇ, ਇਸ ਦੇ ਬਦਲੇ ਉਹ ਨਾਜੀ ਪੁਲਿਸ ਲਈ ਹਰ ਕੰਮ ਕਰਨ ਲਈ ਤਿਆਰ ਹੈ। ਸਾਰੇ ਟੱਬਰ ਦੀਆਂ ਧੜਕਣਾਂ ਹਥੌੜੇ ਵਾਂਗ ਵੱਜ ਰਹੀਆਂ ਸਨ। ਅਚਾਨਕ ਹਰਕਤ ਹੋਈ ਤੇ ਪੁਲਿਸ ਇੱਕਲੇ ਲੇਲ ਦੀ ਬਾਂਹ ਫੜ੍ਹ ਕੇ ਕੈਂਪ ਵਿਚ ਲੈ ਆਈ ਅਤੇ ਉਸ ਦੀ ਬਾਂਹ ਤੇ ਖੁਣ ਦਿੱਤਾ : 32407

ਨਾਜੀਆਂ ਲਈ ਕੰਮ ਕਰਦੇ ਲੇਲ ਨੂੰ ਅਚਾਨਕ ਟਾਇਫ਼ਾਈਡ ਹੋ ਗਿਆ ਅਤੇ ਇਸ ਬੁਰੇ ਵਕਤ ਵਿਚ ਫਰਾਂਸ ਤੋਂ ਆਏ ਇਕ ਪੇਪਨ ਨਾਂ ਦੇ ਯਹੂਦੀ ਕੈਦੀ ਨੇ ਉਸ ਨੂੰ ਸਾਂਭਿਆ ਅਤੇ ਉਸ ਨੂੰ ਲੇਲ ਨਾਲ ਮੋਹ ਹੋ ਗਿਆ। ਪੇਪਨ ਨੇ ਲੇਲ ਨੂੰ ਟੈਟੂ ਖੁਣਨਾ ਸਿੱਖਾ ਦਿੱਤਾ। ਫਿਰ ਇਕ ਦਿਨ ਅਚਾਨਕ ਪੇਪਨ ਕਿਧਰੇ ਗਾਇਬ ਹੋ ਗਿਆ ਅਤੇ ਨਾਜੀ ਕਮਾਂਡਰ ਨੇ ਕੈਂਪ ਵਿਚ ਆਉਣ ਵਾਲੇ ਹਰ ਕੈਦੀ ਦੀ ਬਾਂਹ ਤੇ ਨੰਬਰ ਖੁਣਨ ਦਾ ਕੰਮ ਲੇਲ ਨੂੰ ਸੌਂਪ ਦਿੱਤਾ। ਲੇਲ ਨੂੰ ਸਲੋਵਾਕੀਆ, ਹੰਗੇਰੀਅਨ ਅਤੇ ਪੋਲਿਸ਼ ਵਰਗੀਆਂ ਕਈ ਜ਼ੁਬਾਨਾਂ ਆਉਂਦੀਆਂ ਸਨ ਇਸ ਲਈ ਨਾਜ਼ੀ ਕਮਾਂਡਰ ਦੀ ਨਜ਼ਰ ਵਿਚ ਉਸ ਦੀ ਕਦਰ ਵੱਧ ਗਈ। ਉਸ ਦਾ ਕੰਮ ਸੌਖਾ ਹੋ ਗਿਆ ਤੇ ਖੁਰਾਕ ਵੀ ਠੀਕ ਮਿਲਣ ਲੱਗ ਪਈ ਅਤੇ ਰਹਿਣ ਲਈ ਨਿੱਜੀ ਕਮਰਾ ਵੀ। ਜਾਣੀ ਕਿ ਦੋਜ਼ਖ ਵਿਚ ਵੀ ਥੋੜਾ ਜਿਹਾ ਜੰਨਤ ਦਾ ਝਲਕਾਰਾ...। ਪਰ ਮੌਤ ਦੀ ਦਹਿਸ਼ਤ ਫਿਰ ਵੀ 24 ਘੰਟੇ ਉਸ ਦੇ ਸਿਰ ਤੇ ਸਵਾਰ ਰਹਿੰਦੀ। ਉਸ ਨੂੰ ਹਰ ਪਲ ਇਹ ਲੱਗਾ ਰਹਿੰਦਾ ਕਿ ਉਹ ਕੱਲ੍ਹ ਦਾ ਚੜ੍ਹਦਾ ਸੂਰਜ ਦੇਖ ਵੀ ਸਕੇਗਾ ਜਾਂ ਨਹੀਂ। ਉਹ ਗੈਸ ਚੈਬਰਾਂ ਵੱਲ ਜਾਂਦੀਆਂ ਭੀੜਾਂ ਤੱਕਦਾ.. ਉਹ ਭੀੜਾਂ, ਜਿਹੜੀਆਂ ਸਿਰਫ਼ ਜਾਂਦੀਆਂ ਹੀ ਜਾਂਦੀਆਂ ਸਨ, ਵਾਪਿਸ ਨਹੀਂ ਮੁੜਦੀਆਂ ਸਨ। ਉਥੇ ਕੋਈ ਕਿਸੇ ਲਈ ਰੋਂਦਾ ਨਹੀਂ ਸੀ। ਕਿਉਕਿ ਜ਼ਿੰਦਗੀ ਜੀਣ ਦੇ ਸੁਪਨੇ ਲੈਣ ਵਾਲਾ ਤਾਂ ਉੱਥੇ ਹੈ ਹੀ ਕੋਈ ਨਹੀਂ ਸੀ, ਉੱਥੇ ਤਾਂ ਸਾਰੀਆਂ ਮੌਤ ਦੀ ਵਾਰੀ ਉਡੀਕਦੀਆਂ ਬੇਰੰਗ ਰੂਹਾਂ ਹੁੰਦੀਆਂ ਸਨ। ਰੋਜ਼ਾਨਾ ਨਵੇਂ ਕੈਦੀ ਆਉਂਦੇ। ਲੇਲ ਸੂਈਆਂ ਨਾਲ ਉਹਨਾਂ ਦੇ ਗੁੱਟਾਂ ਤੇ ਨੰਬਰ ਖੁਣਦਾ। ਕੁਝ ਕੈਦੀਆਂ ਦੇ ਗੁੱਟਾਂ ਤੇ ਇਹ ਨੰਬਰ ਨਹੀਂ ਖੁਣੇ ਜਾਂਦੇ ਸੀ। ਪਤਾ ਕਿਉ ?

ਕਿਉਂਕਿ ਉਹਨਾਂ ਦੇ ਮਰਨ ਦੀ ਵਾਰੀ ਸਭ ਤੋਂ ਪਹਿਲਾਂ ਹੁੰਦੀ ਸੀ ਅਤੇ ਉਹਨਾਂ ਨੇ ਸਿੱਧਾ ਗੈਸ ਚੈਂਬਰਾਂ ਤੱਕ ਹੀ ਜਾਣਾ ਹੁੰਦਾ ਸੀ। ਲੇਲ ਨੂੰ ਇਸ ਦਾ ਪਤਾ ਹੁੰਦਾ ਸੀ। ਉਹ ਰੋਜ਼ ਕਈ-ਕਈ ਵਾਰ ਉਹਨਾਂ ਦੀ ਥਾਂ ਤੇ ਆਪਣੇ ਆਪ ਨੂੰ ਜਿਬ੍ਹਾ ਹੁੰਦਾ ਮਹਿਸੂਸ ਕਰਦਾ। ਗੈਸ ਚੈਂਬਰ ਦੀ ਕਲਪਨਾ ਨਾਲ ਹੀ ਉਸ ਦਾ ਦਮ ਘੁਟਣ ਲਗਦਾ। ਜਦ ਬੱਚੇ ਤੇ ਔਰਤਾਂ ਨੰਬਰ ਖੁਣਵਾਉਣ ਲਈ ਆਪਣੀਆਂ ਕੰਬਦੀਆਂ ਬਾਹਵਾਂ ਉਸ ਦੇ ਮੂਹਰੇ ਕਰਦੀਆਂ ਤਾਂ ਉਸ ਦੇ ਅੰਦਰੋਂ ਚੀਕ ਨਿਕਲਦੀ ਜੋ ਉਸ ਦੇ ਮੂੰਹ ਤੱਕ ਆਉਣ ਤੋਂ ਪਹਿਲਾਂ ਹੀ ਕਿਤੇ ਦਫ਼ਨ ਹੋ ਜਾਂਦੀ। ਜੁਲਾਈ 1942 ਦੀ ਇਕ ਸਵੇਰ..ਉਹ ਦੰਦਾਂ ਵਿਚਾਲੇ ਜੀਭ ਲੈ ਨੰਬਰ ਖੁਣ ਰਿਹਾ ਸੀ। ਅਚਾਨਕ ਇਕ ਬਹੁਤ ਹੀ ਸੁਬ੍ਹ ਤੇ ਕੋਮਲ ਬਾਂਹ ਉਸ ਦੇ ਸਾਮ੍ਹਣੇ ਆਈ॥ ਉਹ ਆਮ ਤੌਰ ਤੇ ਕੈਦੀਆਂ ਦਾ ਚਿਹਰਾ ਨਹੀਂ ਦੇਖਦਾ ਸੀ ਕਿਉਂਕਿ ਉਹਨਾਂ ਦੀਆਂ ਅੱਖਾਂ ਵਿਚ ਛਾਈ ਦਹਿਸ਼ਤ ਦੇਖਣ ਦੀ ਉਸ ਵਿਚ ਹਿੰਮਤ ਨਹੀਂ ਹੁੰਦੀ ਸੀ। ਬਸ ਉਹ ਨੀਵੀਂ ਪਾਈ ਜ਼ਿਲੱਤ ਦੇ ਅਹਿਸਾਸ ਵਿਚ ਆਪਣਾ ਕੰਮ ਕਰਦਾ ਰਹਿੰਦਾ। ਕਈ ਵਾਰ ਉਸ ਦਾ ਜੀਅ ਕਰਦਾ ਕਿ ਛੱਡ ਦੇਵੇ ਇਹ ਸਾਰਾ ਕੁਝ..ਪਰ ਕਰਦਾ ਵੀ ਤਾਂ ਕੀ ਕਰਦਾ। ਗੈਸ ਚੈਂਬਰ ਦਾ ਇਕ ਅਹਿਸਾਸ ਉਸ ਦੇ ਹੱਥ ਦੀਆਂ ਸੂਈਆਂ ਨੂੰ ਹੋਰ ਤੇਜੀ ਨਾਲ ਚੱਲਣ ਲਾ ਦਿੰਦਾ। ਪਰ ਉਸ ਮਲੂਕੜੀ ਜਿਹੀ ਬਾਂਹ ਨੇ ਉਸ ਨੂੰ ਆਪਣੀ ਨਜ਼ਰ ਚੁੱਕ ਕੇ ਉਪਰ ਦੇਖਣ ਤੇ ਮਜ਼ਬੂਰ ਕਰ ਦਿੱਤਾ। ਅੱਖਾਂ ਨਾਲ ਅੱਖਾਂ ਮਿਲੀਆਂ ਤੇ ਬਸ ਕੋਈ ਜਾਦੂ ਹੋ ਗਿਆ। ਦੋਵੇਂ




ਇਕ ਦੂਜੇ ਨੂੰ ਕੁਝ ਪਲ ਬਿਨਾ ਅੱਖ ਝਪਕੇ ਦੇਖਦੇ ਰਹੇ। ਮੌਤ ਦੀਆਂ ਵਾਦੀਆਂ ਵਿਚ ਜ਼ਿੰਦਗੀ ਦੇ ਗੁਲਾਬ ਖਿੜਨ ਦਾ ਪਹਿਲਾ ਅਹਿਸਾਸ ਜਾਗਿਆ। ਹੁਣ ਉਹ ਟੈਟੂ ਉਸ ਦੀ ਬਾਂਹ ਤੇ ਨਹੀਂ ਉਕਰ ਰਿਹਾ ਸੀ, ਬਲਕਿ ਮੁਹਬੱਤ ਦੀ ਨਾਜ਼ੁਕ ਕਲਮ ਨਾਲ ਦਿਲ ਦੇ ਵਰਕੇ ਤੇ ਆਪਣੀ ਪਹਿਚਾਣ ਲਿਖ ਰਿਹਾ ਸੀ। ਉਸ ਕੁੜੀ ਦਾ ਨਾਂ ਸੀ ਗੀਤਾ..ਗੀਤਾ ਫੁਰਮਾਨੋਵਾ.. ਹਿੰਦੂ ਪਿਛੋਕੜ ਵਾਲੇ ਘਟਗਿਣਤੀ ਪਰਿਵਾਰ ਦੀ ਸੂਹੀ ਕਲੀ ਵਰਗੀ ਕੁੜੀ।

ਬਸ ਉਸ ਦਿਨ ਤੋਂ ਬਾਅਦ ਦੋਹਾਂ ਦੀ ਦੁਨੀਆ ਬਦਲ ਗਈ। ਉਹ ਮੌਤ ਦੀ ਮੰਡੀ ਵਿਚ ਵੀ ਇਸ਼ਕ ਦੇ ਦੰਮਾਂ ਨਾਲ ਜ਼ਿੰਦਗੀ ਦਾ ਵਣਜ਼ ਕਰਨ ਲਗ ਪਏ। ਬੇਮਕਸਦ ਹੋਈ ਜ਼ਿੰਦਗੀ ਨੂੰ ਦਹਿਸ਼ਤ ਦੇ ਸਾਏ ਵਿਚ ਵੀ ਜਿਉਣ ਦਾ ਮਕਸਦ ਮਿਲ ਗਿਆ। ਮੁਹਬੱਤ ਜੀਣ ਦੇ ਬਹਾਨੇ ਲੱਭ ਲੈਂਦੀ ਹੈ। ਗੀਤਾ ਉਸ ਵਕਤ ਆਸਵਿਟਸਜ਼ ਦੇ ਕੋਲ ਬ੍ਰਿਕਿਨੂੰ ਦੇ ਆਈਸੋਲੇਸ਼ਨ ਕੈਂਪ ਵਿਚ ਨਜ਼ਰਬੰਦ ਸੀ। ਮੁਹਬੱਤ ਦੀ ਦੁਨੀਆਂ ਦੇ ਵਿਚ ਜੇਕਰ ਕੈਦੋਂ ਤੇ ਸ਼ਮੀਰ ਹੁੰਦੇ ਨੇ, ਘੜਾ ਲੁਕਾਉਣ ਵਾਲੀਆਂ ਨਣਾਨਾਂ ਹੁੰਦੀਆਂ ਨੇ, ਤਾਂ ਉੱਥੇ ਮੁਹੱਬਤੀ ਪਰਿੰਦਿਆਂ ਨੂੰ ਮਿਲਾਉਣ ਵਾਲੀਆਂ ਸਹਿਤੀਆਂ ਅਤੇ ਖ਼ਤ ਪਹੁੰਚਾਉਣ ਵਾਲੇ ਕਰਮੂੰ ਵੀ ਹੁੰਦੇ ਹਨ।

ਲੇਲ ਅਤੇ ਗੀਤਾ ਦਾ ਕਰਮੂੰ ਬਣਿਆ-ਉਸ ਦੀ ਸਕਿਉਰਟੀ ਕਰਨ ਵਾਲਾ ਸਿਪਾਹੀ। ਜੋ ਲੇਲ ਦੇ ਖ਼ਤ ਗੀਤਾ ਕੋਲ ਪਹੁੰਚਾਉਂਦਾ ਸੀ। ਸਿਰਫ ਖ਼ਤ ਹੀ ਨਹੀ ਬਲਕਿ ਹੋਰ ਸਾਮਾਨ ਵੀ ਪਹੁੰਚਾਉਂਦਾ ਸੀ। ਕੈਂਪ ਵਿਚ ਕਿਉਂਕਿ ਬਹੁਤ ਥੋੜਾ ਤੇ ਬਹੁਤ ਘਟੀਆ ਖਾਣਾ ਮਿਲਦਾ ਸੀ। ਇਸ ਲਈ ਲੇਲ ਆਪਣੇ ਖਾਣੇ ਵਿੱਚੋਂ ਖਾਣਾ ਬਚਾ ਕੇ ਗੀਤਾ ਕੋਲ ਭੇਜਦਾ। ਸਿਰਫ਼ ਗੀਤਾ ਦੀ ਨਹੀਂ, ਉਹ ਉਸ ਦੇ ਨਾਲ ਰਹਿ ਰਹੇ ਹੋਰ ਕੈਦੀਆਂ ਦੀ ਵੀ ਬਣਦੀ-ਸਰਦੀ ਮਦਦ ਕਰਦਾ। ਇਹ ਕੈਦੀ ਘਰੋਂ ਤੁਰਨ ਵੇਲੇ ਆਪਣੇ ਨਾਲ ਕੁਝ ਗਹਿਣੇ-ਗੱਟੇ ਲੁਕੋ ਕੇ ਲੈ ਆਉਂਦੇ ਸਨ। ਲੇਲ ਉਹਨਾਂ ਦੇ ਗਹਿਣਿਆਂ ਨੂੰ ਵੇਚਕੇ ਕੁਝ ਰਾਸ਼ਨ ਤੇ ਭੋਜਨ ਉਹਨਾਂ ਲਈ ਲਿਆ ਕੇ ਦਿੰਦਾ। ਦੋ ਸਾਲ ਚੋਰੀ-ਚੋਰੀ ਚੁਪਕੇ-ਚੁਪਕੇ ਇਹ ਮੁਹੱਬਤ ਪ੍ਰਵਾਨ ਚੜ੍ਹਦੀ ਰਹੀ। ਅਚਾਨਕ 1945 ਵਿਚ ਆਪਣੀ ਹਾਰ ਦੇਖ ਕੇ ਨਾਜ਼ੀਆਂ ਨੇ ਬਹੁਤ ਸਾਰੇ ਕੈਦੀਆਂ ਨੂੰ ਇਸ ਕੈਂਪ ਵਿੱਚੋਂ ਕੱਢ ਕੇ ਹੋਰ ਕੈਂਪਾਂ ਵਿਚ ਭੇਜਣਾ ਸ਼ੁਰੂ ਕਰ ਦਿੱਤਾ। ਇਸ ਸਿਫਟਿੰਗ ਵਿਚ ਲੇਲ ਦੀ ਗੀਤਾ ਵੀ ਗੁਆਚ ਗਈ। ਇੰਝ ਲਗਦਾ ਸੀ ਮੁਹਬਤ ਦੀ ਬੇਨਾਮ ਗਾਥਾ ਦਾ ਕਲਾਈਮੈਕਸ ਹੋਣ ਤੋਂ ਪਹਿਲਾਂ ਹੀ ਡਰਾਪ ਸੀਨ ਆ ਗਿਆ। ਚਲੋ ਖ਼ੈਰ ਸੋਵੀਅਤ ਨੇ ਹਮਲਾ ਕੀਤਾ। ਸਾਰੇ ਬਚੇ ਹੋਏ ਕੈਦੀ ਆਜ਼ਾਦ ਹੋ ਗਏ। ਪਰ ਮੁਹਬੱਤੀ ਪਰਿੰਦੇ ਇਕ ਦੂਜੇ ਤੋਂ ਵਿਛੜ ਗਏ ਸਨ। ਹੁਣ ਗੀਤਾ ਨੂੰ ਲੱਭਣਾ ਹੀ ਲੇਲ ਦੀ ਜ਼ਿੰਦਗੀ ਦਾ ਇੱਕੋ ਇਕ ਮਕਸਦ ਬਣ ਗਿਆ। ਲੇਲ ਰੋਜ਼ ਸਵੇਰੇ ਤੋਂ ਸ਼ਾਮ ਤੱਕ ਸਲੋਵਾਕੀਆ ਦੇ ਸ਼ਹਿਰ ਬਰਾਤੀਸਲਾਵਾ ਦੇ ਰੇਲਵੇ ਸਟੇਸ਼ਨ ਤੇ ਆਉਣ ਵਾਲੀਆਂ ਗੱਡੀਆ ਵਿਚ ਉਤਰਦੀਆਂ ਸਵਾਰੀਆਂ ਨੂੰ ਤੱਕਦਾ ਰਹਿੰਦਾ। ਉਸ ਨੂੰ ਲੱਗਦਾ ਸੀ ਕਿ ਕੈਂਪਾ ਦੇ ਕੈਦੀ ਇਹਨਾਂ ਗੱਡੀਆ ਰਾਹੀਂ ਹੀ ਆਪਣੇ ਘਰਾਂ ਨੂੰ ਪਰਤਣਗੇ। ਦਿਨ ਚੜ੍ਹਦਾ ਤੇ ਮੁਕ ਜਾਂਦਾ, ਪਰ ਲੇਲ ਦੀ ਉਡੀਕ ਨਾ ਮੁਕਦੀ। ਗੱਡੀ ਦੀ ਹਰ ਸੀਟੀ ਨਾਲ ਉਹ ਉਠਦਾ ਅਤੇ ਇਕੱਲੀ ਇਕੱਲੀ ਸਵਾਰੀ ਤੇ ਨਜ਼ਰ ਘੁਮਾਉਂਦਾ ਉਦਾਸ ਹੋ ਕੇ ਬੈਠ ਜਾਂਦਾ। ਇਥੇ ਵੀ ਉਸ ਨੂੰ ਸਕਿਉਰਟੀ ਵਾਲੇ ਭਾਈ ਵਾਂਗ ਸਟੇਸ਼ਨ ਮਾਸਟਰ ਨੇ ਰਾਹ ਦਿਖਾਇਆ ਕਿ ਭਗਤਾ ! ਇਕ ਵਾਰ ਰੈਡਕਰਾਸ ਦੇ ਕੈਂਪਾਂ ਵਿਚ ਜਾ ਕੇ ਪਤਾ ਕਰ.. ਉਸ ਵਕਤ ਲੇਲ ਦੇ ਬੁਲ੍ਹਾਂ ਤੇ ਸਾਡੇ ਸ਼ਿਵ ਵਰਗਾ ਕੋਈ ਗੀਤ ਥੀਰਕ ਰਿਹਾ ਹੋਵੇਗਾ:

ਇਕ ਕੁੜੀ ਜੀਹਦਾ ਨਾਮ ਮੁਹੱਬਤ..ਗੁੰਮ ਹੈ..ਗੁੰਮ ਹੈ..ਗੁੰਮ ਹੈ..

ਜਦ ਲੇਲ ਆਪਣੀ ਘੋੜਾ ਗੱਡੀ ਵਿਚ ਬੈਠ ਰੇਲਵੇ ਸਟੇਸ਼ਨ ਤੋਂ ਰੈਡਕਰਾਸ ਦੇ ਦਫ਼ਤਰ ਵੱਲ ਜਾ ਰਿਹਾ ਸੀ ਤਾਂ ਅਚਾਨਕ ਇਕ ਔਰਤ ਉਸ ਦੀ ਗੱਡੀ ਦੇ ਸਾਮ੍ਹਣੇ ਆਈ..ਬਸ ਨਜ਼ਰ ਤੋਂ ਲੈਕੇ ਘੋੜੇ ਦੀਆਂ ਟੰਗਾਂ ਤੱਕ ਸਭ ਕੁਝ ਠਹਿਰ ਗਿਆ..ਚਾਰੇ ਪਾਸੇ ਮੁਹੱਬਤ ਦੀਆਂ ਘੰਟੀਆਂ ਖੜ੍ਹਕ ਪਈਆਂ..ਲਗਦਾ ਸੀ ਕਿ ਪ੍ਰੋ. ਮੋਹਣ ਸਿੰਘ ਦਾ ਗੀਤ ਹਵਾ ਵਿਚ ਗੂੰਜ ਪਿਆ ਹੋਵੇ..ਨੀ ਅੱਜ ਕੋਈ ਆਇਆ ਸਾਡੇ ਵਿਹੜੇ..ਲੇਲ ਦੀ ਤਲਾਸ਼ ਪੂਰੀ ਹੋਈ ਅਤੇ ਅਕਤੂਬਰ 1945 ਵਿਚ ਦੋਹਾਂ ਦਾ ਵਿਆਹ ਹੋ ਗਿਆ।

ਪਰ ਮੁਹੱਬਤਾਂ ਦੀਆਂ ਪ੍ਰੀਖਿਆਵਾਂ ਏਨੀ ਛੇਤੀ ਕਿੱਥੇ ਮੁਕਦੀਆਂ ਹਨ। ਉਹਨਾਂ ਦੋਹਾਂ ਦੇ ਅੰਦਰ ਇਕ ਇਨਸਾਨੀ ਦਿਲ ਧੜਕਦਾ ਸੀ। ਉਹਨਾਂ ਨੇ ਮੌਤ ਵਰਗੇ ਉਦਾਸ ਅਤੇ ਬੇਆਸ ਪਲ ਦੇਖੇ ਸਨ। ਇਸ ਲਈ ਕਿਤੇ ਵੀ ਸੰਘਰਸ਼ ਹੁੰਦਾ, ਉਹ ਉਸ ਦੀ ਬਣਦੀ-ਸਰਦੀ ਮਦਦ ਕਰਦੇ। ਇਸਰਾਈਲੀਆਂ ਦੀ ਮਦਦ ਲਈ ਉਹ ਪੈਸੇ ਭੇਜਦੇ। ਇਕ ਵਾਰ ਸਮੇਂ ਦੀ ਸਰਕਾਰ ਨੂੰ ਪਤਾ ਲੱਗਿਆ। ਉਹਨਾਂ ਦੀ ਸਾਰੀ ਜਾਇਦਾਦ ਕੁਰਕ ਕਰ ਲਈ, ਦੇਸ਼ ਧਰੋਹ ਦਾ ਮੁਕੱਦਮਾ ਚਲਾਇਆ ਅਤੇ ਜੇਲ੍ਹ ਵਿਚ ਭੇਜ ਦਿੱਤਾ। ਕੁਝ ਦਿਨਾਂ ਬਾਅਦ ਉਹ ਜੇਲ੍ਹ ਵਿੱਚੋਂ ਭੱਜ ਗਏ। ਪਹਿਲਾਂ ਵਿਆਨਾ ਗਏ ਫਿਰ ਪੈਰਿਸ ਅਤੇ ਫਿਰ ਯੂਰਪ ਤੋਂ ਬਹੁਤ ਦੂਰ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਜਾ ਕੇ ਰਹਿਣ ਲੱਗੇ। ਲੇਲ ਨੇ ਕਪੜਿਆ ਦਾ ਕਾਰੋਬਾਰ ਕੀਤਾ ਅਤੇ ਗੀਤਾ ਨੇ ਡਰੈਸ ਡਿਜ਼ਾਈਨਿੰਗ ਦਾ ਕੰਮ ਕੀਤਾ। ਸਿਡਨੀ ਤੋਂ ਉਹ ਪੱਕੇ ਤੌਰ ਤੇ ਮੈਲਬੌਰਨ ਵਿਚ ਸਿਫ਼ਟ ਹੋ ਗਏ। ਗੀਤਾ ਤਾਂ ਕਈ ਵਾਰ ਯੂਰਪ ਜਾ ਆਈ ਸੀ ਪਰ ਲੇਲ ਉਸ ਤੋਂ ਬਾਅਦ ਕਦੇ ਯੂਰਪ ਨਹੀਂ ਗਿਆ।

ਅਸਲ ਵਿਚ ਉਸ ਅੰਦਰ ਇਕ ਕੰਪਲੈਕਸ ਪਲਦਾ ਰਿਹਾ ਕਿ ਕਿਸੇ ਨੂੰ ਇਹ ਨਾ ਪਤਾ ਲੱਗ ਜਾਏ ਕਿ ਲੇਲ ਨੇ ਨਾਜ਼ੀਆਂ ਲਈ ਕੰਮ ਕੀਤਾ ਸੀ। ਭਾਵੇਂ ਇਹ ਤਤਕਾਲੀ ਸਥਿਤੀਆਂ ਵਿਚ ਆਪਣੇ ਪਰਿਵਾਰ ਨੂੰ ਬਚਾਉਣ ਲਈ ਕੀਤਾ ਗਿਆ ਫੈਸਲਾ ਸੀ। ਪਰ ਫਿਰ ਵੀ ਲੇਲ ਦੇ ਅੰਦਰ ਦੁਸ਼ਮਣ ਲਈ ਕੰਮ ਕਰਨ ਦਾ ਕੰਡਾ ਸਾਰੀ ਉਮਰ ਫਸਿਆ ਰਿਹਾ। ਅਖੀਰਲੀ ਉਮਰੇ ਲੇਲ ਦੇ ਮਨ ਵਿਚ ਆਉਂਦਾ ਕਿ ਉਹ ਆਪਣੀ ਕਹਾਣੀ ਦੁਨੀਆ ਨੂੰ ਦੱਸੇ, ਪਰ ਫਿਰ ਵੀ ਗੀਤਾ ਉਸ ਨੂੰ ਰੋਕਦੀ ਰਹੀ। ਆਖਿਰ 2003 ਵਿਚ ਹੋਈ ਗੀਤਾ ਦੀ ਮੌਤ ਤੋਂ ਬਾਅਦ ਲੇਲ ਤੋਂ ਰਿਹਾ ਨਾ ਗਿਆ..ਤੇ ਉਸ ਨੇ ਫਿਲਮਕਾਰ ਹੀਦਰ ਮਾਰਿਸ ਨੂੰ ਇਹ ਸਾਰੀ ਕਹਾਣੀ ਸੁਣਾਈ ਅਤੇ ਮਾਰਿਸ ਨੇ 'ਦ ਟੈਟੂਇਸਟ ਆਫ ਆਸ਼ਵਿਟਜ਼' ਕਿਤਾਬ ਦੇ ਰੂਪ ਵਿਚ ਇਸ ਕਹਾਣੀ ਨੂੰ ਕਲਮਬੱਧ ਕੀਤਾ।

ਜਿਸ ਤਰ੍ਹਾਂ ਲੇਲ ਤੋਂ ਇਹ ਕਹਾਣੀ ਦੱਸੇ ਬਿਨਾ ਨਾ ਰਿਹਾ ਗਿਆ ਅਤੇ ਉਸ ਨੇ ਮਰਨ ਤੋਂ ਕੁਝ ਸਮਾਂ ਪਹਿਲਾਂ ਦੁਨੀਆਂ ਨੂੰ ਅਣੋਖੀ ਮੁਹੱਬਤ ਦੀ ਇਹ ਦਾਸਤਾਨ ਸੁਣਾਈ, ਉਸੇ ਤਰ੍ਹਾਂ ਮੈਂ ਕਰੋਨਾ ਦੇ ਬਹਾਨੇ ਇਸ ਕਹਾਣੀ ਨੂੰ ਇਸ ਮਹਾਂਮਾਰੀ ਦੇ ਆਇਸੋਲੇਸ਼ਨ ਦੀ ਵੀਰਾਨਗੀ ਝੱਲ ਰਹੇ ਤੁਹਾਡੇ ਨਾਲ ਸਾਂਝਾ ਕੀਤਾ। ਭਾਵੇਂ ਇਹ ਆਈਸੋਲੇਸ਼ਨ ਨਾਜ਼ੀਆਂ ਦੇ ਉਹਨਾਂ ਆਈਸੋਲੇਸ਼ਨ ਕੈਂਪਾਂ ਵਰਗਾ ਬਿਲਕੁਲ ਵੀ ਨਹੀਂ..ਪਰ ਅੱਜ ਆਪਾਂ ਇਸ ਦੇ ਬਹਾਨੇ ਉਹਨਾਂ ਆਈਸੋਲੇਟਿਡ ਕੈਂਪਾਂ ਦੀ ਦਰਿੰਦਗੀ ਤੇ ਉਸ ਦਰਿੰਦਗੀ ਦੇ ਅੰਨ੍ਹੇ ਦੌਰ ਵਿਚ ਪ੍ਰਵਾਨ ਚੜ੍ਹੀ ਮੁਹਬੱਤ ਦੀ ਕਹਾਣੀ ਨੂੰ ਮਾਣ ਰਹੇ ਹਾਂ। ਅਸਲ ਵਿਚ ਇਹ ਕਹਾਣੀ ਦਹਿਸਤ ਦੇ ਦੌਰ ਵਿਚ ਧੜਕਦੀ ਜ਼ਿੰਦਗੀ ਦਾ ਪ੍ਰਤੀਕ ਹੈ। ਹਰ ਦੌਰ ਵਿਚ ਨਾਜ਼ੀ ਵੀ ਹੁੰਦੇ ਹਨ, ਉਹਨਾਂ ਦੇ ਤਸ਼ੱਦਦ ਵੀ ਹੁੰਦੇ ਹਨ ਉਹਨਾਂ ਤਸ਼ੱਦਦਾਂ ਦੇ ਵਿਚਕਾਰ ਜੀਣ ਲਈ ਕੀਤੇ ਸੰਘਰਸ਼ ਦੇ ਰੂਪ ਵਿਚ ਲੇਲ ਤੇ ਗੀਤਾ ਦੀ ਮੁਹਬੱਤ ਵਰਗੀਆਂ ਕਹਾਣੀਆਂ ਵੀ ਹੁੰਦੀਆਂ ਹਨ। ਹਾਲਾਤ ਜਿੰਨੇ ਮਰਜੀ ਮਾੜੇ ਹੋਣ, ਪਰ ਜੀਣ ਦੇ ਜਜ਼ਬੇ ਧੜਕਦੇ ਰਹਿੰਦੇ ਹਨ,. ਮੌਤ ਦੀਆਂ ਵਾਦੀਆਂ ਵਿਚ ਵੀ ਜ਼ਿੰਦਗੀ ਦੀਆਂ ਹਵਾਵਾਂ ਰੁਮਕਦੀਆਂ ਹਨ। ਜ਼ਿੰਦਗੀ ਰੂਪੀ ਗੀਤਾ ਹਰ ਯੁੱਗ ਵਿਚ ਜਿਉਣ ਦਾ ਜਜ਼ਬਾ ਰੱਖਣ ਵਾਲੇ ਲੇਲ ਨੂੰ ਆਪਣੇ ਵੱਲ ਖਿਚਦੀ ਰਹੇਗੀ। ਦਹਿਸ਼ਤ ਭਾਵੇਂ ਨਾਜ਼ੀਆਂ ਦੀ ਹੋਵੇ ਜਾਂ ਕਰੋਨਾ ਦੀ, ਪਰ ਜ਼ਿੰਦਗੀ ਨੂੰ ਧੜਕਣੋਂ, ਹਵਾਵਾਂ ਨੂੰ ਰੁਮਕਣੋਂ ਤੇ ਫੁੱਲਾਂ ਨੂੰ ਮਹਿਕਣੋਂ ਕੋਈ ਨਹੀਂ ਰੋਕ ਸਕੇਗਾ।

# ਬਾਦਲ ਪਰਿਵਾਰ ਬਚਾ ਰਿਹਾ ਏ ਸਿੱਖਾਂ ਦੇ ਕਾਤਲ ਬੁਚੜ ਸੈਣੀ ਨੂੰ

**- ਬਘੇਲ ਸਿੰਘ ਧਾਲੀਵਾਲ**
(99142-58142)

ਅਕਾਲ ਤਖਤ ਸਾਹਿਬ ਦੇ ਜਥੇਦਾਰ ਲਈ ਇਹ ਢੁਕਵਾ ਸਮਾ ਹੈ ਜਦੋਂ ਉਹ ਕੌਮ ਧਰੋਹੀਆਂ ਤੇ ਧਾਰਮਿਕ ਰਹੁ-ਰੀਤਾਂ ਅਨੁਸਾਰ ਕਾਰਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਬਹਾਲ ਕਰ ਸਕਦੇ ਹਨ। ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਤੇ ਮੋਹਾਲੀ ਵਿੱਚ ਇੱਕ 29 ਸਾਲ ਪੁਰਾਣੇ ਕੇਸ ਵਿੱਚ ਪਰਚਾ ਦਰਜ ਹੋਇਆ ਹੈ। ਖਾੜਕੂ ਸਿੱਖ ਸੰਘਰਸ਼ ਦੌਰਾਨ ਕੇਪੀਐਸ ਗਿੱਲ ਦੇ ਖਾਸਮ ਖਾਸ ਰਹੇ ਸੁਮੇਧ ਸ਼ੈਣੀ ਨੂੰ ਸਿੱਖ ਕੌਮ ਦੇ ਸੰਘਰਸ਼ ਦੌਰਾਨ ਸਿੱਖ ਨੌਜਵਾਨਾਂ ਦੇ ਕਾਤਲ ਵਜੋਂ ਵੀ ਦੇਖਦੀ ਹੈ। ਇਸ ਤੋਂ ਇਲਾਵਾ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਿੱਚ ਸਾਂਤਮਈ ਪ੍ਰਦਰਸ਼ਣ ਕਰਦੀਆਂ ਸਿੱਖ ਸੰਗਤਾਂ ਤੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਅਤੇ ਹਜ਼ਾਰਾਂ ਨੂੰ ਗੰਭੀਰ ਰੂਪ ਵਿਚ ਜਖਮੀ ਕਰਨ ਦੇ ਦੋਸ ਵਿੱਚ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਹੋਰ ਪੁਲਿਸ ਅਧਿਕਾਰੀਆਂ ਸਮੇਤ ਸੁਮੇਧ ਸੈਣੀ ਨੂੰ ਦੋਸ਼ੀ ਬਣਾਇਆ ਗਿਆ ਹੈ। ਸੁਮੇਧ ਸ਼ੈਣੀ ਤੇ ਪਰਚਾ ਦਰਜ ਹੋਣਾ ਵੈਸੇ ਕੋਈ ਹੈਰਾਨੀ ਵਾਲੀ ਗੱਲ ਨਹੀ ਹੈ,ਕਿਉਕਿ ਇੱਕ ਨਾ ਇੱਕ ਦਿਨ ਉਹਨਾਂ ਨੇ ਕਟਿਹਰੇ ਵਿੱਚ ਖੜਾ ਹੋਣਾ ਹੀ ਹੋਣਾ ਸੀ, ਪਰ ਇਸ ਕੇਸ ਵਿੱਚ ਲਾਪਤਾ ਹੋਏ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਤੇ ਅਚਾਨਕ ਹੋਏ ਪਰਚੇ ਕਾਰਨ ਸਭ ਦਾ ਧਿਆਨ ਜਰੂਰ ਖਿੱਚਿਆ ਗਿਆ ਹੈ। ਇਸ ਮੌਕੇ ਜਿਹੜੀ ਬੇਹੱਦ ਹੀ ਮੰਦਭਾਗੀ ਗੱਲ ਸਾਹਮਣੇ ਆਈ ਹੈ ਉਹ ਇਹ ਹੈ ਕਿ ਸਾਬਕਾ ਪੁਲਿਸ ਮੁਖੀ ਦੇ ਬਚਾਓ ਲਈ ਫਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਕੀਤੀ ਚਾਰਾਜੋਈ ਸਾਹਮਣੇ ਆਈ ਹੈ। ਇੱਥੇ ਦੱਸਣਾ ਬਣਦਾ ਹੈ ਕਿ 2012 ਵਿੱਚ ਜਦੋਂ ਅਕਾਲੀ ਦਲ ਭਾਜਪਾ ਗੱਠਜੋੜ ਦੀ ਦੁਬਾਰਾ ਸਰਕਾਰ ਬਣੀ ਤਾਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਪਣੇ ਇਕਲੌਤੇ ਸਪੁੱਤਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਿਫਾਰਸ਼ ਤੇ ਬਗੈਰ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਧਿਆਨ ਰੱਖੇ ਅਤੇ ਪੰਥਕ ਜਥੇਬੰਦੀਆਂ ਦੇ ਭਾਰੀ ਵਿਰੋਧ ਦੀ ਪਰਵਾਹ ਕੀਤਿਆਂ ਸਰਕਾਰ ਬਣਦਿਆਂ ਹੀ ਸੁਮੇਧ ਸ਼ੈਣੀ ਨੂੰ ਡੀਜੀਪੀ ਨਿਯੁਕਤ ਕਰ ਦਿੱਤਾ,ਪਰੰਤੂ ਬਰਗਾੜੀ ਮੋਰਚੇ ਦੌਰਾਨ ਸਿੱਖਾਂ ਵਿੱਚ ਪਾਏ ਗਏ ਭਾਰੀ ਰੋਹ ਅੱਗੇ ਝੁਕਦਿਆਂ ਮਜਬੂਰਨ ਪਰਕਾਸ਼ ਸਿੰਘ ਬਾਦਲ ਨੂੰ ਸੁਮੇਧ ਸੈਣੀ ਨੂੰ ਪੁਲਿਸ ਮੁਖੀ ਦੇ ਅਹੁੱਦੇ ਤੋਂ ਲਾਂਭੇ ਕਰਨਾ ਪਿਆ ਸੀ। ਦੱਸਣਾ ਬਣਦਾ ਹੈ ਕਿ ਬਰਗਾੜੀ ਮੋਰਚਾ ਜਿਸਨੂੰ ਸੰਗਤਾਂ ਦਾ ਬੇਹੱਦ ਸਮੱਰਥਨ ਮਿਲਿਆ, ਜਿਸ ਨੇ ਦਿੱਲੀ ਤੱਕ ਕੰਬਣੀ ਛੇੜ ਦਿੱਤੀ ਤੇ ਜਿੱਤ ਦੇ ਬਿਲਕੁਲ ਕਰੀਬ ਵੀ ਪਹੁੰਚਿਆ ਪ੍ਰੰਤੂ ਪ੍ਰਬੰਧਕਾਂ ਦੀ ਬੇਈਮਾਨੀ ਕਾਰਨ ਬਗੈਰ ਕੋਈ ਖਾਸ ਪ੍ਰਾਪਤੀ ਦੇ ਦਮ ਤੋੜ ਗਿਆ ਸੀ। ਮੌਜੂਦਾ ਸਮੇ ਵਿੱਚ ਇੱਕ ਵਾਰ ਫਿਰ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਕੌਮ ਦੇ ਵਿਰੋਧ ਵਿਚ ਭੁਗਤਣ ਦਾ ਫੈਸਲਾ ਕੀਤਾ ਹੈ। ਸੁਮੇਧ ਸ਼ੈਣੀ ਦੇ ਬਚਾਓ ਲਈ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕਨੂੰਨੀ ਸਲਾਹਕਾਰ ਤੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਪੇਸ਼ ਹੋਏ, ਪ੍ਰੰਤੂ ਸ਼ੋਸ਼ਲ ਮੀਡੀਏ ’ਤੇ ਹੋਏ ਭਾਰੀ ਵਿਰੋਧ ਕਾਰਨ ਭਾਵੇਂ ਸਤਨਾਮ ਸਿੰਘ ਕਲੇਰ ਨੇ ਬਾਦਲ ਵਾਲੀ ਚਾਲ ਖੇਡਦਿਆਂ ਸੁਮੇਧ ਸੈਣੀ ਦੇ ਕੇਸ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ, ਪ੍ਰੰਤੂ ਬਾਦਲ ਦਾ ਕੌਮ ਦੇ ਖਿਲਾਫ ਭੁਗਤਣ ਦਾ ਸੱਚ ਇੱਕ ਵਾਰ ਲੋਕਾਂ ਦੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਚਾਰ ਦਹਾਕਿਆਂ ਤੱਕ ਪ੍ਰਕਾਸ਼ ਸਿੰਘ ਬਾਦਲ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਮੌਜੂ ਬਣਾ ਕੇ ਸਿਆਸੀ ਰੋਟੀਆਂ ਸੇਕਣ ਵਿੱਚ ਕਾਮਯਾਬ ਹੁੰਦਾ ਰਿਹਾ ਹੈ। ਪੰਜ ਵਾਰ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨੀ, ਇਹ ਵੀ ਪ੍ਰਕਾਸ਼ ਸਿੰਘ ਬਾਦਲ ਦੇ ਹਿੱਸੇ ਆਈ ਹੈ, ਕਿਉਂਕਿ ਬਾਦਲ ਨੇ ਪਰਿਵਾਰ ਸਮੇਤ ਘੱਟ ਗਿਣਤੀਆਂ ਨੂੰ ਖਤਮ ਕਰਕੇ ਦੇਸ਼ ਵਿਚ ਹਿੰਦੂ ਰਾਸ਼ਟਰ ਬਨਾਉਣ ਦੀ ਮੁਦਈ ਕੱਟੜ ਸੰਸਥਾ ਆਰ ਐਸ ਐਸ ਨੂੰ ਪਰਿਵਾਰ ਸਮੇਤ ਸੇਵਾਵਾਂ ਅਰਪਿਤ ਕੀਤੀਆਂ ਹੋਈਆਂ ਹਨ।

ਇਹ ਕੋਈ ਪਹਿਲਾ ਮੌਕਾ ਨਹੀ ਜਦੋਂ ਪਰਕਾਸ਼ ਸਿੰਘ ਬਾਦਲ ਨੇ ਕੌਮੀ ਭਾਵਨਾਵਾਂ ਨੂੰ ਦਰਕਿਨਾਰ ਕੀਤਾ ਹੋਵੇ, ਬਲਕਿ ਅਪਣੇ ਲੋਕਾਂ ਦਾ ਘਾਣ ਤਾਂ ਬਾਦਲ ਦੇ ਹਿੱਸੇ ਵੀਹਵੀ ਸਦੀ ਦੇ ਸੱਤਵੇਂ ਦਹਾਕੇ ਦੇ ਉਸ ਮੌਕੇ ਤੋਂ ਹੀ ਆਇਆ ਹੋਇਆ ਹੈ ਜਦੋ ਉਹਨਾਂ ਨੇ ਪੰਜਾਬ ਦੀ ਨਕਸਲਬਾੜੀ ਲਹਿਰ ਨੂੰ ਖਤਮ ਕਰਨ ਲਈ ਝੂਠੇ ਪੁਲਿਸ ਮੁਕਾਬਲਿਆਂ ਦੀ ਪਿਰਤ ਪਾ ਕੇ ਪੰਜਾਬੀ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਸੀ। ਉਸ ਤੋਂ ਬਾਅਦ 1978 ਵਿੱਚ ਨਿਰੰਕਾਰੀ ਕਾਂਡ ਵੀ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਹੋਇਆ ਅਤੇ ਫਿਰ ਜੂਨ 1984 ਦੇ ਫੌਜੀ ਹਮਲੇ ਮੌਕੇ ਨਿਭਾਈ ਗਈ ਬਾਦਲ ਸਮੇਤ ਸਮੁੱਚੀ ਅਕਾਲੀ ਆਹਲਾਕਮਾਨ ਦੀ ਭੂਮਿਕਾ ਤੋਂ ਪੂਰਾ ਸੰਸਾਰ ਜਾਣੂ ਹੋ ਚੁੱਕਾ ਹੈ। ਏਸੇ ਤਰਾਂ ਨੌਂਵੇਂ ਦਹਾਕੇ ਵਿੱਚ ਜਦੋ ਸਿੱਖ ਖਾੜਕੂਆਂ ਦੇ ਨਾਮ ਤੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪੁਲਿਸ ਮੁਖੀ ਕੇਪੀ ਗਿੱਲ ਵੱਲੋਂ ਪੰਜਾਬ ਦੀ ਸਮੁੱਚੀ ਜਵਾਨੀ ਦਾ ਸ਼ਿਕਾਰ ਖੇਡਿਆ ਜਾ ਰਿਹਾ ਸੀ ਤਾਂ ਉਹਦੇ ਵਿੱਚ ਵੀ ਪ੍ਰਕਾਸ਼ ਸਿੰਘ ਬਾਦਲ ਅਤੇ ਕੇਪੀ ਗਿੱਲ ਦੀਆਂ ਰਾਤਾਂ ਦੇ ਹਨੇਰਿਆਂ ਵਿਚ ਹੁੰਦੀਆਂ ਖੂਨੀ ਮੀਟਿੰਗਾਂ ਇਤਿਹਾਸ ਦੇ ਕਾਲੇ ਪੰਨਿਆਂ ਵਿਚ ਦਰਜ ਹੋ ਚੁੱਕੀਆਂ ਹਨ। 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਨਣੀ ਜਿੱਥੇ ਆਰ ਐਸ ਐਸ ਨਾਲ ਵਫਾਦਾਰੀ ਦੇ 1994 ਦੇ ਲਿਖਤੀ ਅਹਿਦ ਕਾਰਨ ਸੰਭਵ ਹੋ ਸਕੀ, ਉੱਥੇ ਸਿੱਖ ਜਵਾਨੀ ਦੇ ਘਾਣ ਵਿਚ ਪਾਏ ਅਹਿਮ ਯੋਗਦਾਨ ਦੇ ਇਨਾਮ ਵਜੋਂ ਵੀ ਕੇਂਦਰੀ ਤਾਕਤਾਂ ਵੱਲੋਂ ਸੂਬੇ ਦੀ ਸੂਬੇਦਾਰੀ ਬਾਦਲ ਨੂੰ ਦਿੱਤੀ ਗਈ। ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਬਣ ਚੁੱਕੇ ਹਨ ਤੇ ਉਹਨਾਂ ਦੀ ਇੱਕ ਵੀ ਪਾਰੀ ਅਜਿਹੀ ਨਹੀ ਜਿਸ ਵਿੱਚ ਉਹ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਤੇ ਸਿੱਖਾਂ ਦੇ ਖਿਲਾਫ ਨਾ ਭੁਗਤੇ ਹੋਣ,ਉਹ ਭਾਵੇਂ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਵਾਂਗ ਰਚਾਉਣ ਦਾ ਮੁੱਦਾ ਹੋਵੇ, ਡੇਰਾ ਮੁਖੀ ਦੀ ਮੁਆਫੀ ਦਾ ਮੁੱਦਾ ਹੋਵੇ, ਨੂਰ ਮਹਿਲੀਏ ਦਾ ਮੁੱਦਾ ਹੋਵੇ ਜਾਂ ਫਿਰ ਗੁਰੂ ਗਰੰਥ ਸਾਹਿਬ ਜੀ ਦੀਆਂ ਲਗਾਤਾਰ ਹੋਈਆਂ ਬੇਅਦਬੀਆਂ ਦਾ ਮੁੱਦਾ ਹੋਵੇ, ਸ੍ਰ ਬਾਦਲ ਨੇ ਕਦੇ ਵੀ ਦਿੱਲੀ ਦੀਆਂ ਖੁਸ਼ੀਆਂ ਲੈਣ ਖਾਤਰ ਕੌਮੀ ਘਾਣ ਕਰਨ ਤੋ ਗੁਰੇਜ਼ ਨਹੀ ਕੀਤਾ, ਉਹਨਾਂ ਨੇ ਆਪਣੀ ਹਰ ਪਾਰੀ ਵਿੱਚ ਸਿੱਖਾਂ ਨਾਲ ਬੇਇਨਸਾਫੀ ਕੀਤੀ, ਪਰ ਅਫਸੋਸ ! ਕਿ ਇਸ ਦੇ ਬਾਵਜੂਦ ਵੀ ਪ੍ਰਕਾਸ਼ ਸਿੰਘ ਬਾਦਲ ਉਮਰ ਭਰ ਸਿੱਖਾਂ ਦੇ ਕੌਮੀ ਆਗੂ ਵਜੋ ਨੁਮਾਇੰਦਗੀ ਕਰਦਾ ਆ ਰਿਹਾ ਹੈ। ਦਰਬਾਰ ਸਾਹਿਬ ਤੇ ਫੌਜੀ ਹਮਲੇ ਵਿੱਚ ਬਰਾਬਰ ਦਾ ਭਾਗੀਦਾਰ ਹੋਣ ਦੇ ਬਾਵਜੂਦ ਕਾਂਗਰਸ ਨੂੰ ਦੋਸ਼ੀ ਬਣਾ ਕੇ ਲਾਹਾ ਲੈਂਦਾ ਆ ਰਿਹਾ ਹੈ, ਜਿਸ ਨੂੰ ਸਿੱਖ ਸਮਝ ਹੀ ਨਾ ਸਕੇ। ਇਸ ਤੋ ਵੱਧ ਨਮੋਸ਼ੀ ਵਾਲੀ ਗੱਲ ਸਿੱਖ ਕੌਮ ਵਾਸਤੇ ਹੋਰ ਕੀ ਹੋ ਸਕਦੀ ਹੈ ਕਿ ਸਿੱਖਾਂ ਦੇ ਕਾਤਲ ਪੁਲਿਸ ਮੁਖੀ ਤੇ ਕਾਰਵਾਈ ਉਹ ਕਾਂਗਰਸ ਦੀ ਸਰਕਾਰ ਕਰ ਰਹੀ ਹੈ,ਜਿਸ ’ਤੇ ਸਿੱਖਾਂ ਦੀ ਦੁਸ਼ਮਣ ਹੋਣ ਦੇ ਦੋਸ਼ ਪ੍ਰਕਾਸ਼ ਸਿੰਘ ਬਾਦਲ ਲਾ ਕੇ ਸਾਰੀ ਉਮਰ ਸਿਆਸੀ ਲਾਹਾ ਲੈਂਦਾ ਆ ਰਿਹਾ ਹੈ ਤੇ ਸਿੱਖਾਂ ਦੇ ਕਾਤਲ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜੋਰ ਆਪ ਖੁਦ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਲਗਾ ਰਹੇ ਹਨ।

ਉਪਰੋਕਤ ਦੇ ਮੱਦੇਨਜਰ ਇਹ ਸੋਚਣਾ ਬਣਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਕਾਰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਾਦਲ ਦਲ ਦੀ ਸ਼ਰਮਨਾਕ ਹਾਰ ਵੀ ਹੋਈ, ਪਰੰਤੂ ਇਸ ਦੇ ਬਾਵਜੂਦ ਵੀ ਬਾਦਲ ਪਰਿਵਾਰ ਨੇ ਕੋਈ ਸਬਕ ਨਹੀ ਲਿਆ। ਬੇਸ਼ੱਕ ਪਹਿਲਾਂ ਵੀ ਅਦਾਲਤਾਂ ਵਿਚ ਬਾਦਲ ਸਰਕਾਰ ਸਮੇ ਸਮੇ ਬੁਚੜ ਪੁਲੀਸ ਅਫ਼ਸਰ ਸੁਮੇਧ ਸੈਣੀ ਜਾਂ ਅਜਿਹੇ ਹੋਰ ਪੁਲਿਸ ਅਧਿਕਾਰੀਆਂ ਦੇ ਹੱਕ ਵਿਚ ਭੁਗਤ ਕੇ ਬਚਾਅ ਕਰਦੀ ਰਹੀ ਹੈ, ਜਿਹੜੇ ਸਿੱਖ ਜੁਆਨੀ ਦਾ ਘਾਣ ਕਰਨ ਦੇ ਦੋਸ਼ੀ ਹਨ, ਪ੍ਰੰਤੂ ਹੁਣ ਕੇਸ ਰਜਿਸਟਰ ਹੁੰਦਿਆਂ ਹੀ ਜਿਸ ਤਰਾਂ ਅਕਾਲੀ ਦਲ ਬਾਦਲ ਨੇ ਸੁਮੇਧ ਸੈਣੀ ਨੂੰ ਬਚਾਉਣ ਲਈ ਕਨੂੰਨੀ ਸੇਵਾਵਾਂ ਮੁਹੱਈਆਂ ਕਰਵਾਈਆਂ ਹਨ, ਉਹਨਾਂ ਨੇ ਨਵੇਂ ਸੁਆਲਾਂ ਨੂੰ ਜਨਮ ਦਿੱਤਾ ਹੈ।

ਜਿਹੜੇ ਗੁਰਦੁਆਰਾ ਕਮਿਸ਼ਨ ਦਾ 80 ਫੀਸਦੀ ਖਰਚਾ ਸ਼੍ਰੋਮਣੀ ਕਮੇਟੀ ਝੱਲਦੀ ਹੋਵੇ ਅਤੇ ਜਿਹੜਾ ਬਣਿਆ ਹੀ ਸਿੱਖਾਂ ਦੀਆਂ ਗੁਰਦੁਆਰਾ ਪਰਬੰਧ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਹੋਵੇ, ਉਹ ਗੁਰਦੁਆਰਾ ਕਮਿਸ਼ਨ ਦਾ ਚੇਅਰਮੈਨ ਸਿੱਖਾਂ ਦੇ ਖਿਲਾਫ ਕਿਵੇਂ ਭੁਗਤ ਸਕਦਾ ਹੈ ? ਜਿਹੜੇ ਚੇਅਰਮੈਨ ਦੇ ਘਰੋਂ ਚੱਲਣ ਤੋ ਲੈ ਕੇ ਦਫਤਰ ਪਹੁੰਚਣ ਤੱਕ ਦਾ ਸਾਰਾ ਖਰਚਾ ਸਰੋਮਣੀ ਕਮੇਟੀ ਦੇ ਸਿਰ ਤੋ ਹੁੰਦਾ ਹੋਵੇ ਤੇ ਦਫਤਰ ਮੁਹੱਈਆ ਕਰਵਾਉਣ ਤੋ ਲੈ ਕੇ ਫਰਨੀਚਰ ਤੱਕ ਦਾ ਬੰਦੋਬਸਤ ਸਰੋਮਣੀ ਕਮੇਟੀ ਦਾ ਹੋਵੇ,ਜੇਕਰ ਉਹ ਚੇਅਰਮੈਨ ਸਿੱਖ ਕੌਮ ਦਾ ਸਰਮਾਇਆ ਖਾ ਕੇ ਸਿੱਖ ਦੁਸ਼ਮਣਾਂ ਦੇ ਹੱਕ ਵਿਚ ਭੁਗਤਦਾ ਹੈ ਤਾਂ ਉਹਨਾਂ ਨੂੰ ਸਿੱਖ ਸੰਸਥਾ ਸ਼ਰੋਮਣੀ ਕਮੇਟੀ ਵੱਲੋਂ ਸਹੂਲਤਾਂ ਕਿਉ ਦਿੱਤੀਆਂ ਜਾ ਰਹੀਆਂ ਹਨ ? ਕੀ ਇਹ ਸਾਰੇ ਵਰਤਾਰੇ ਤੋ ਸਰੋਮਣੀ ਕਮੇਟੀ ਦੇ ਪ੍ਰਧਾਨ ਸਕੱਤਰ ਵਾਕਫ ਨਹੀ ਸਨ ? ਕੀ ਪ੍ਰਧਾਨ ਸਕੱਤਰ ਇਹ ਨਹੀ ਜਾਣਦੇ ਸਨ ਕਿ ਉਪਰੋਕਤ ਚੇਅਰਮੈਨ ਇਸ ਤੋਂ ਪਹਿਲਾਂ ਵੀ ਅਜਿਹੇ ਪੁਲਿਸ ਅਧਿਕਾਰੀਆਂ ਦੇ ਕੇਸ ਲੜਦਾ ਰਿਹਾ ਹੈ,ਜਿਹੜੇ ਸਿੱਖ ਜੁਆਨੀ ਦਾ ਘਾਣ ਕਰਨ ਦੇ ਦੋਸ਼ੀ ਪਾਏ ਗਏ ਸਨ ? ਇਹ ਵੀ ਵੱਡਾ ਸੁਆਲ ਹੈ ਕਿ ਕੀ ਹੁਣ ਕੌਮ ਦੇ ਖਿਲਾਫ ਭੁਗਤਣ ਵਾਲੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਰਪ੍ਰਸਤ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ ? ਉਪਰੋਕਤ ਹੋਰ ਵੀ ਬਹੁਤ ਸਾਰੇ ਸੁਆਲਾਂ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਹੁਣ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਬਣਦੀ ਹੈ,ਕਿਉਕਿ ਸਿੱਖ ਅਵਾਮ ਦੀ ਟੇਕ ਜਥੇਦਾਰ ਅਕਾਲ ਤਖਤ ਸਾਹਿਬ ਤੇ ਹੀ ਹੈ।

ਸੋ ਇਹ ਆਸ ਕਰਨੀ ਬਣਦੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਜਿੱਥੇ ਪੰਜਾਬ ਸਰਕਾਰ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਨੂੰ ਹਟਾਉਣ ਦੀ ਸਿਫਾਰਸ ਕਰਨਗੇ, ਉੱਥੇ ਬਾਦਲ ਅਕਾਲੀ ਦੇ ਪ੍ਰਧਾਨ ਸੁਖਬੀਰ ਬਾਦਲ, ਸਰਪਰਸਤ ਪ੍ਰਕਾਸ਼ ਸਿੰਘ ਬਾਦਲ, ਗੁਰਦੁਆਰਾ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਅਤੇ ਅਕਾਲੀ ਦਲ ਦੇ ਕਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਦੇ ਖਿਲਾਫ ਸਿੱਖੀ ਰਹੁਰੀਤਾਂ ਅਨੁਸਾਰ ਬਣਦੀ ਕਾਰਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਾਣ ਮਰਯਾਦਾ ਨੂੰ ਕਾਇਮ ਰੱਖ ਸਕਣਗੇ।

**✡ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਦੋ ਸਿੱਖ ਨੌਜਵਾਨਾਂ ਦੇ ਕਤਲ ’ਚ ਸੈਣੀ ਦਾ ਹੱਥ**

**✡ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਵੱਲੋਂ ਸ਼ਿਕਾਇਤ ਦਰਜ ਕਰਵਾ ਸੈਣੀ ਲਈ ਸੰਕਟ ਖੜਾ ਕੀਤਾ**

**✡ ਮੌਜੂਦਾ ਮੁੱਦੇ ’ਤੇ ਸੈਣੀ ਦੀ ਵਕਾਲਤ ਕਰਨ ਵਾਲੇ ਸੁਖਬੀਰ ਬਾਦਲ, ਪ੍ਰਕਾਸ਼ ਸਿੰਘ ਬਾਦਲ, ਗੁਰਦੁਆਰਾ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਤੇ ਅਕਾਲੀ ਦਲ ਦੇ ਕਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਬਾਰੇ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਾਰਵਾਈ ਕਰੇ**

### ਸੁਮੇਧ ਸੈਣੀ ਕੇਪੀ ਐਸ ਗਿੱਲ ਦਾ ਚਹੇਤਾ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੌਰਾਨ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੌਰਾਨ ਪੰਜਾਬ ਪੁਲਸ ਦੇ ਸੁਪਰ ਕਾਪ ਕੇ.ਪੀ.ਐਸ. ਗਿੱਲ ਦੀ ਸੱਜੀ ਬਾਂਹ ਰਹੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੋਸ਼ੀ ਸਮਝੇ ਜਾਂਦੇ ਹਨ। ਉਸ ਦੌਰਾਨ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਬਾਦਲ ਸਰਕਾਰ ’ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ।

ਅਗਸਤ 1991 ਵਿੱਚ ਸੈਣੀ ਚੰਡੀਗੜ ਦੇ ਐੱਸਐੱਸਪੀ ਸੀ ਉਸ ਦੌਰਾਨ ਉਨਾਂ ਉੱਤੇ ਜਾਨਲੇਵਾ ਹਮਲਾ ਹੋਇਆ। ਇਸ ਹਮਲੇ ਵਿੱਚ ਸੁਮੇਧ ਤਾਂ ਬਚ ਗਏ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ। ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀਬੀਆਈ ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖਿਲਾਫ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨਾਂ ਦੀ ਮੌਤ ਹੋ ਗਈ। ਅਮਰ ਕੌਰ ਆਪਣੇ ਪੁੱਤਰ ਵਿਨੋਦ ਕੁਮਾਰ ਅਤੇ ਜਵਾਈ ਅਸ਼ੋਕ ਕੁਮਾਰ ਲਈ ਨਿਆਂ ਹਾਸਲ ਕਰਨ ਲਈ ਕਾਨੂੰਨੀ ਲੜਾਈ ਲੜ ਰਹੀ ਸੀ। ਉਸ ਵਲੋਂ ਅਦਾਲਤ ਵਿੱਚ ਲਾਏ ਦੋਸ਼ਾਂ ਦੇ ਮੁਤਾਬਕ ਸਾਬਕਾ ਡੀਜੀਪੀ ਸੁਮੇਧ ਸੈਣੀ ਨੇ ਉਸ ਦੇ ਪੁੱਤ ਤੇ ਜਵਾਈ ਅਤੇ ਉਨਾਂ ਦੇ ਡਰਾਈਵਰ ਮੁਖ਼ਤਿਆਰ ਸਿੰਘ ਨੂੰ ਅਗਵਾ ਕੀਤਾ ਸੀ ਤੇ ਉਸ ਤੋਂ ਬਾਅਦ ਉਹ ਕਦੇ ਨਹੀਂ ਮਿਲੇ। ਮਾਰਚ 1994 ਵਿਚ ਸੁਮੇਧ ਸਿੰਘ ਸੈਣੀ ਲੁਧਿਆਣਾ ਦੇ ਐਸਐਸਪੀ ਸਨ। ਲੁਧਿਆਣਾ ਪੁਲਿਸ ਨੇ ਅਮਰ ਕੌਰ ਦੇ ਪਰਿਵਾਰ ਦੇ ਤਿੰਨ ਜੀਅ ਲੁਧਿਆਣਾ ਕੋਤਵਾਲੀ ਪੁਲਿਸ ਸਟੇਸ਼ਨ ਚ ਹਿਰਾਸਤ ਵਿੱਚ ਰੱਖੇ ਹੋਏ ਸਨ। ਸੈਣੀ ਮੋਟਰ ਕੇਸ ਦੇ ਨਾਂ ਨਾਲ ਮਸ਼ਹੂਰ ਇਸ ਕੇਸ ਸੁਮੇਧ ਸੈਣੀ ਨੂੰ ਮੁਲਜ਼ਮ ਬਣਾਇਆ ਗਿਆ ਸੀ, ਹਾਲਾਂਕਿ ਉਸ ਨੇ ਹਮੇਸ਼ਾ ਅਜਿਹੇ ਸਾਰੇ ਹੀ ਦੋਸ਼ਾਂ ਨੂੰ ਰੱਦ ਕੀਤਾ ਹੈ। ਖਿਲਾਫ ਪਿਛਲੇ 23 ਸਾਲਾਂ ਤੋਂ ਕਾਨੂੰਨੀ ਜੰਗ ਲੜ ਰਹੀ ਮਾਤਾ ਅਮਰ ਕੌਰ ਅਧਵਾਟੇ ਹਾਰ ਗਈ। ਆਪਣੇ ਪੁੱਤਰ, ਜਵਾਈ ਤੇ ਉਨਾਂ ਦੇ ਡਰਾਇਵਰ ਨੂੰ ਮਾਰ ਕੇ ਖਪਾ ਦੇਣ ਲਈ ਸੁਮੇਧ ਸੈਣੀ ਨੂੰ ਮੁੱਖ ਦੋਸ਼ੀ ਟਿੱਕਣ ਵਾਲੀ ਮਾਤਾ ਅਮਰ ਕੌਰ ਦੀ ਇੱਕੋ ਹਸਰਤ ਰਹਿ ਗਈ ਸੀ ਕਿ ਉਹ ਆਪਣੇ ਲਾਡਲਿਆਂ ਦੇ ਕਾਤਲਾਂ ਨੂੰ ਸਜ਼ਾ ਦਿਵਾ ਕੇ ਇਸ ਜ਼ਹਾਨ ਤੋਂ ਵਿਦਾ ਹੋਵੇ। ਪਰ ਜਿਸ ਕਾਨੂੰਨ ਤੇ ਕਾਨੂੰਨ ਦੇ ਰਾਜ ’ਤੇ ਉਸ ਨੇ ਅਟੁੱਟ ਵਿਸਵਾਸ਼ ਰੱਖਿਆ ਉਸੇ ਕਾਨੂੰਨ ਦੀਆਂ ਚੋਰ ਮੋਰੀਆਂ ਤੇ ਹੇਰਾਫੇਰੀਆਂ ਨੇ ਮਾਤਾ ਨੂੰ ਅਧਵਾਟੇ ਦਮ ਤੋੜ ਜਾਣ ਲਈ ਮਜ਼ਬੂਰ ਕਰ ਦਿੱਤਾ। 77 ਵਰਿਆਂ ਦੀ ਬੁਢਾਪੇ ਦੀ ਉਮਰੇ ਮਾਤਾ ਨੇ ਸੰਘਰਸ਼ ਸ਼ੁਰੂ ਕੀਤਾ ਤੇ 23 ਵਰਿਆਂ ਤੱਕ ਇਨਸਾਫ ਲਈ ਲੜਦੀ ਰਹੀ, ਲਕਵਾ ਹੋਣ ਤੋਂ ਬਾਅਦ ਦਸ ਸਾਲ ਤਾਂ ਉਹ ਬਿਸਤਰ ਤੋਂ ਹੀ ਲੜਦੀ ਰਹੀ। ਇਨਸਾਫ ਦਾ ਰਾਹ ਤੱਕਦੀ-ਤੱਕਦੀ ਅੰਤ ਉਹ 13 ਦਸੰਬਰ ਨੂੰ ਚਲ ਵਸੀ। ਇਸ ਤਰਾਂ ਜਾਪਦਾ ਹੈ ਕਿ ਭਾਰਤ ਦਾ ਨਿਆਂ ਪ੍ਰਬੰਧ ਸਿਰਫ ਲੱਚਰ ਤੇ ਭ੍ਰਿਸ਼ਟ ਹੀ ਨਹੀਂ ਸਗੋਂ ਦੂਹਰੇ ਖਾਸੇ ਵਾਲਾ ਹੈ। ਜਦੋਂ ਇਸ ਦੇ ਕਟਹਿਰੇ ਵਿੱਚ ਮਾਸੂਮ, ਮਜ਼ਲੂਮ ਤੇ ਦੱਬੇ-ਕੁਚਲੇ ਲੋਕ ਖੜੇ ਹੁੰਦੇ ਹਨ ਤਾਂ ਇਹ ਲੋਹੇ ਦਾ ਥਣ ਬਣ ਜਾਂਦਾ ਹੈ ਅਤੇ ਜਦੋਂ ਕਦੇ ਇਸ ਦੇ ਕਟਹਿਰੇ ਵਿਚ ਕਿਸੇ ਰਸੂਖਵਾਨ ਜਾਂ ਤਾਕਤਵਾਰ ਨੂੰ ਖੜਾ ਲਿਆ ਜਾਵੇ ਤਾਂ ਇਹ ਮੋਮ ਦੇ ਨੱਕ ਵਾਂਗ ਮੁਲਾਇਮ ਹੋ ਜਾਂਦਾ ਹੈ। ਇਸ ਲਈ ਤਾਰੀਖਾਂ ਪੈਂਦੀਆਂ ਰਹੀਆਂ, ਜੱਜ ਆਉਂਦੇ-ਜਾਂਦੇ ਰਹੇ, ਅਦਾਲਤਾਂ ਬਦਲਦੀਆਂ ਰਹੀਆਂ ਤੇ ਸੁਮੇਧ ਸੈਣੀ ਮੌਜ ਨਾਲ ਡੀ.ਜੀ.ਪੀ ਬਣ ਕੇ ਹਕੂਮਤੀ ਛਟੀ ਚਲਾਉਂਦਾ ਰਿਹਾ ਤੇ ਹੁਣ ਵੀ ਉਸ ਨੂੰ ਜ਼ਮਾਨਤ ਮਿਲ ਗਈ ਹੈ। ਸੈਣੀ ਚੰਡੀਗੜ ਵਿੱਚ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਅਤੇ ਬਠਿੰਡਾ ਵਿੱਚ ਐੱਸਐੱਸਪੀ ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿੱਚ ਇੱਕ ਇੰਜਨੀਅਰ ਨਾਲ ਖਿੱਚਧੂਹ ਕਰਨ ਕਰਕੇ ਵਿਵਾਦਾਂ ਵਿੱਚ ਆ ਚੁੱਕਾ ਹੈ। ਗਿੱਲ ਅਤੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ। ਕੁਝ ਲੋਕ ਉਨਾਂ ਨੂੰ ਖਾੜਕੂਵਾਦ ਨਾਲ ਲੜਨ ਵਾਲਾ ਬਹਾਦਰ ਪੁਲਿਸ ਅਫ਼ਸਰ ਮੰਨਦੇ ਹਨ ਅਤੇ ਕੁਝ ਲੋਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ। 2007 ਤੋਂ ਬਆਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿੱਚ ਰਹੇ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ 2012 ਤੋਂ 2015 ਤੱਕ ਪੰਜਾਬ ਪੁਲਿਸ ਮੁਖੀ ਦੇ ਰਹੇ ਤੇ ਬਾਦਲ ਦਲ ਦੇ ਚਹੇਤੇ ਬਣੇ ਰਹੇ। 2009 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀਐੱਸ ਠਾਕੁਰ ਨੇ ਸੈਣੀ ’ਤੇ ਪੰਜਾਬ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ। ਸੁਮੇਧ ਸਿੰਘ ਸੈਣੀ, ਕੈਪਟਨ ਅਮਰਿੰਦਰ ਦੇ ਪਹਿਲੇ ਕਾਰਜਕਾਲ ਦੌਰਾਨ ਉਨਾਂ ਦੇ ਭਰੋਸੇਯੋਗ ਅਫ਼ਸਰ ਸਨ। ਅਕਾਲੀ ਸਰਕਾਰ ਦੌਰਾਨ ਕੈਪਟਨ ’ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ। ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦੇ ਮੁਖੀ (2007-12) ਸਨ।

### ਸੈਣੀ ਦਾ ਚੇਲਾ ਪਿੰਕੀ ਕੈਟ

ਪਿੰਕੀ ਕੈਟ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦਾ ਚਹੇਤਾ ਸੀ ਅਤੇ ਖਾੜਕੂਵਾਦ ਸਮੇਂ ਉਸ ਦੀ ਮੁਖ਼ਬਰੀ ਉਤੇ ਕਈ ਨੌਜਵਾਨ ਪੁਲਿਸ ਨੇ ਫੜੇ ਸਨ। ਬਾਅਦ ਵਿਚ ਉਸ ਨੂੰ ਪੁਲਿਸ ਇੰਸਪੈਕਟਰ ਬਣਾ ਦਿੱਤਾ ਗਿਆ। ਉਸ ਨੇ ਮਾਮੂਲੀ ਤਕਰਾਰ ਪਿੱਛੋਂ ਲੁਧਿਆਣਾ ਦੇ ਨੌਜਵਾਨ ਅਵਤਾਰ ਸਿੰਘ ਗੋਲਾ ਦਾ 2001 ਵਿਚ ਕਤਲ ਕਰ ਦਿੱਤਾ ਸੀ। ਇਸ ਦੋਸ਼ ਵਿਚ 2007 ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਪਰ ਮਈ 2014 ਵਿਚ ਬਾਦਲ ਹਕੂਮਤ ਵੱਲੋਂ ਉਸ ਨੂੰ ਸੱਤ ਸਾਲ ਤੇ ਸੱਤ ਮਹੀਨਿਆਂ ਬਾਅਦ ਹੀ ਚੁੱਪ-ਚੁਪੀਤੇ ਰਿਹਾਅ ਕਰ ਦਿੱਤਾ ਗਿਆ ਤੇ ਫਿਰ ਨੌਕਰੀ ਵੀ ਬਹਾਲ ਕਰ ਦਿੱਤੀ। ਬਹਾਲੀ ਦਾ ਤਿੱਖਾ ਵਿਰੋਧ ਹੋਣ ’ਤੇ ਬਾਦਲ ਸਰਕਾਰ ਨੂੰ ਉਸ ਨੂੰ ਨੌਕਰੀ ਤੋਂ ਹਟਾਉਣਾ ਪਿਆ। ਉਸ ਨੂੰ ਗਿਲਾ ਸੀ ਕਿ ਜਿਨਾਂ ਦੇ ਇਸ਼ਾਰੇ ’ਤੇ ਉਹ ਖੁਦ ਘਿਨਾਉਣੇ ਜੁਰਮਾਂ ਨੂੰ ਅੰਜਾਮ ਦਿੰਦਾ ਰਿਹਾ, ਉਹ ਮੁਸੀਬਤ ਸਮੇਂ ਉਸ ਦੇ ਨਾਲ ਨਹੀਂ ਖੜ ਰਹੇ। ਪਿੰਕੀ ਨੇ ਸੁਮੇਧ ਸੈਣੀ ਅਤੇ ਕੇ.ਪੀ.ਐਸ. ਗਿੱਲ ’ਤੇ ਗੰਭੀਰ ਦੋਸ਼ ਲਾਏ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ, ਪਰ ਸਰਕਾਰ ਨੇ ਇਹ ਰਿਪੋਰਟ ਹੀ ਦੱਬ ਲਈ ਹੈ। ਉਸ ਸਮੇਂ ਐਸ.ਐਸ.ਪੀ. ਰਹੇ ਸੁਮੇਧ ਸੈਣੀ ’ਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ ਲੱਗਦੇ ਰਹੇ ਹਨ, ਪਰ ਇਸ ਦੇ ਬਾਵਜੂਦ ਉਸ ਨੂੰ ਪੁਲਿਸ ਮੁਖੀ ਬਣਾ ਦਿੱਤਾ ਗਿਆ। ਅਕਾਲੀ ਦਲ ਨੇ 1997 ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ ਸਰਕਾਰ ਆਉਣ ’ਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਟਰੁਥ ਕਮਿਸ਼ਨ ਬਣਾਇਆ ਜਾਵੇਗਾ, ਪਰ ਦੋ ਵਾਰ ਲਗਾਤਾਰ ਸਰਕਾਰ ਬਣਾਉਣ ਦੇ ਬਾਵਜੂਦ ਇਸ ਪਾਸਿਓਂ ਮੂੰਹ ਫੇਰੀ ਰੱਖਿਆ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਕੋਰੋਨਾ ਮਹਾਂਮਾਰੀ ਦੌਰਾਨ ਗੁਰੂ ਨਾਨਕ ਦਾ ਸ਼ਬਦ ਅਭਿਆਸ, ਲੰਗਰ ਤੇ ਪੰਥਕ ਸ਼ਕਤੀ

## ਸਿੱਖ ਪੰਥ ਨੇ ਮੌਤ ਦੀ ਦਹਿਸ਼ਤ ਦੇ ਪਹਿਰੇ ਵਿਚ ਪੂਰੇ ਵਿਸ਼ਵ ਨੂੰ ਆਪਣਾ ਪਰਿਵਾਰ ਸਮਝਦਿਆਂ ਲੋਕਾਂ ਦਾ ਮਨੋਬਲ ਉੱਪਰ ਚੁੱਕਿਆ

**-ਰਜਿੰਦਰ ਸਿੰਘ**

ਸਮੁੱਚੀ ਦੁਨੀਆਂ ਇਸ ਦੌਰਾਨ ਕੋਰੋਨਾ ਵਾਇਰਸ ਦੀ ਲਪੇਟ ਵਿਚ ਹੈ। ਇਸ ਮਹਾਂ-ਸੰਕਟ ਦੀ ਖਤਰਨਾਕ ਸਥਿਤੀ ਦੌਰਾਨ ਵਿਸ਼ਵ ਵਿਚ ਘੱਟ ਗਿਣਤੀ ਵਜੋਂ ਮੰਨੇ ਜਾਂਦੇ ਸਿੱਖ ਪੰਥ ਨੇ ਵਿਸ਼ਵ ਦੇ ਲੋਕਾਂ ਨੂੰ ਮੌਤ ਦੇ ਡਰ ਤੋਂ ਮੁਕਤ ਕਰਕੇ ਚੜਦੀ ਕਲਾ ਵਲ ਲਿਜਾਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਹ ਸੇਵਾ, ਲੰਗਰ, ਗੁਰਦੁਆਰਿਆਂ ਤੇ ਗੁਰੂ ਨਾਨਕ ਦੇ ਸ਼ਬਦ ਅਭਿਆਸ ਕਾਰਨ ਵਾਪਰਿਆ ਹੈ। ਨਿਰਸੁਆਰਥ ਸੇਵਾ, ਸਰਬੱਤ ਦਾ ਭਲਾ, ਮਨੁੱਖੀ ਅਧਿਕਾਰ ਤੇ ਸਮੁੱਚੀ ਮਨੁੱਖਤਾ ਦੇ ਹੱਕ ਵਿਚ ਖੜਨਾ ਖਾਲਸਾ ਪੰਥ ਦੀ ਤਾਕਤ ਤੇ ਇਤਿਹਾਸ ਹੈ। ਭਾਰਤ ਤੋਂ ਲੈ ਕੇ ਅਮਰੀਕਾ, ਇੰਗਲੈਂਡ, ਅਸਟਰੇਲੀਆ, ਇਟਲੀ, ਫਰਾਂਸ, ਜਰਮਨ, ਸਮੁੱਚਾ ਯੂਰਪ, ਨਿਊਜ਼ੀਲੈਂਡ, ਕੈਨੇਡਾ, ਦੁਬਈ ਤੱਕ ਜਿੱਥੇ ਜਿੱਥੇ ਗੁਰੂ ਘਰ ਤੇ ਸਿੱਖ ਪੰਥ ਬਿਰਾਜਮਾਨ ਹੈ, ਉੱਥੇ ਗੁਰਧਾਮਾਂ ਰਾਹੀਂ ਅਤੇ ਪੰਥਕ ਜਥੇਬੰਦੀਆਂ ਰਾਹੀਂ ਮਨੁੱਖਤਾ ਦੀ ਸੇਵਾ ਹੋ ਰਹੀ ਹੈ। ਇੱਥੋਂ ਤੱਕ ਕਿ ਉਸ ਅਫਗਾਨਿਸਤਾਨ ਵਿਚ ਵੀ ਜਿੱਥੇ ਸਿੱਖਾਂ ਨੂੰ ਬੇਰਹਿਮੀ ਨਾਲ ਨਿਸ਼ਾਨਾ ਬਣਾਇਆ ਗਿਆ ਹੈ। ਸਿੱਖਾਂ ਦੇ ਸਭ ਤੋਂ ਪਹਿਲੇ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸੇਵਾ ਦਾ ਪ੍ਰਗਟਾਅ ਹੁਣ ਤੱਕ ਲਾਗੂ ਹੋ ਰਿਹਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ 1500 ਈਸਵੀ ਵਿੱਚ ਇਹ ਪ੍ਰਥਾ ਸ਼ੁਰੂ ਕੀਤੀ। ਇਸ ਪ੍ਰਥਾ ਨੂੰ ਸਿੱਖਾਂ ਨੇ ਅੱਜ ਵੀ ਜਿਉਂ ਦਾ ਤਿਉਂ ਚੱਲਦਾ ਰੱਖਿਆ ਹੋਇਆ ਹੈ ਕਿ ਕੋਈ ਵੀ ਮਨੁੱਖ ਭੁੱਖਾ ਨਹੀਂ ਰਹਿਣਾ ਚਾਹੀਦਾ ਤੇ ਲੰਗਰ ਸੇਵਾ ਵਿਚ ਕੋਈ ਮਜ਼ਹਬ, ਵਰਗ, ਨਸਲ, ਜਾਤ-ਪਾਤ ਅੜਿੱਕਾ ਨਹੀਂ ਬਣਨੀ ਚਾਹੀਦੀ। ਇਸ ਲੰਗਰ ਪ੍ਰਥਾ ਨੂੰ ਗੁਰੂ ਅੰਗਦ ਦੇਵ ਨੇ ਜਾਰੀ ਰੱਖਦੇ ਹੋਏ ਇਸ ਵਿੱਚ ਸੁਧਾਰ ਕਰ ਕੇ ਇਸ ਦੀ ਕਾਰਜਪ੍ਰਣਾਲੀ ਨੂੰ ਹੋਰ ਵੀ ਬਿਹਤਰ ਬਣਾਇਆ, ਜਿਸ ਦੇ ਪ੍ਰਮਾਣ ਗੁਰਬਾਣੀ ਵਿੱਚ ਹੇਠ ਲਿਖੇ ਅਨੁਸਾਰ ਮਿਲਦੇ ਹਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।  
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।  
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ।

ਭਾਈ ਬਲਵੰਡ ਦੇ ਆਪਣੇ ਸ਼ਬਦਾਂ ਵਿੱਚ ਇਸ ਦਾ ਅਰਥ ਹੈ, 'ਮਾਤਾ ਖੀਵੀ ਆਪਣੇ ਪਤੀ ਵਾਂਗ ਬਹੁਤ ਹੀ ਭਲੀ ਇਨਸਾਨ ਸੀ। ਉਨਾਂ ਦੀ ਛਾਂ ਪੁੱਤਰਾਂ ਵਾਂਗ ਸੰਘਣੀ ਤੇ ਠੰਢੀ ਸੀ। ਜਿਤਨੀ ਮਿੱਠੀ ਖੀਰ ਸੀ ਉਤਨੇ ਹੀ ਮਿੱਠੇ ਉਨਾਂ ਦੇ ਬੋਲ ਸਨ। ਹਰ ਇਕ ਨੂੰ ਬੜੇ ਪਿਆਰ ਨਾਲ ਲੰਗਰ ਖੁਆਉਂਦੇ ਤੇ ਜੇ ਕਿਸੇ ਗਰੀਬ ਗੁਰਬੇ ਨੂੰ ਮਾੜੀ ਹਾਲਤ ਵਿੱਚ ਦੇਖਦੇ ਤਾਂ ਚੁੱਪ-ਚਾਪ ਉਸ ਦੇ ਜੇਬ ਵਿਚ ਪੈਸੇ ਵੀ ਪਾ ਦਿੰਦੇ।"

ਇਸ ਤੋਂ ਬਾਅਦ ਗੁਰੂ ਅਮਰਦਾਸ ਨੇ ਇਸ ਨੂੰ ਚੱਲਦਾ ਰੱਖਣ ਦੇ ਨਾਲ-ਨਾਲ ਇਹ ਪੱਕਾ ਨਿਯਮ ਬਣਾਇਆ ਕਿ ਜੋ ਵੀ ਸ਼ਰਧਾਲੂ ਉਨਾਂ ਨੂੰ ਮਿਲਣ ਆਉਂਦੇ ਹਨ, ਸਭ ਤੋਂ ਪਹਿਲਾਂ ਉਨਾਂ ਨੂੰ 'ਗੁਰੂ



ਕਾ ਲੰਗਰ' ਛਕਾਇਆ ਜਾਵੇ ਤੇ ਬਾਅਦ ਵਿੱਚ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਭੇਜਿਆ ਜਾਵੇ।

ਭਾਰਤ ਵਿਚ ਵੀ ਹਰੇਕ ਰਾਜ ਵਿਚ ਹਰੇਕ ਸੰਕਟ ਦੌਰਾਨ ਸਿੱਖ ਆਪਣੀ ਸੇਵਾ ਜਾਰੀ ਰੱਖਦੇ ਹਨ ਤੇ ਗੁਰੂ ਦੇ ਸਿਧਾਂਤ ਦਾ ਪਾਲਣ ਕਰਦੇ ਹਨ। ਤੁਹਾਨੂੰ ਇਹ ਵੀ ਯਾਦ ਕਰਵਾ ਦੇਈਏ ਕਿ ਜਦੋਂ 1947 ਦੌਰਾਨ ਭਾਰਤ ਦੀ ਵੰਡ ਹੋਈ ਸੀ, ਦੰਗੇ ਹੋਏ ਸਨ ਤਾਂ ਕਈ ਪਰਿਵਾਰ ਪਾਕਿਸਤਾਨ ਤੋਂ ਉਜੜ ਕੇ ਭਾਰਤ ਆਏ ਸਨ ਤਾਂ ਉਸ ਸਮੇਂ ਦੌਰਾਨ ਸਿੱਖ ਪੰਥ ਨੇ ਲੰਗਰ ਰਾਹੀਂ ਅਹਿਮ ਸੇਵਾ ਨਿਭਾਈ ਸੀ। ਜਿੱਥੇ ਸਰਕਾਰਾਂ ਫੇਲ ਹੋ ਜਾਂਦੀਆਂ ਹਨ, ਉੱਥੇ ਗੁਰੂ ਦਾ ਖਾਲਸਾ ਮਨੁੱਖਤਾ ਦੇ ਹਿੱਤ ਵਿਚ ਨਿਤਰਦਾ ਹੈ ਤੇ ਹਰੇਕ ਸੰਕਟ ਦਾ ਮੁਕਾਬਲਾ ਕਰਦਾ ਹੈ। ਜਦੋਂ ਕੋਰੋਨਾ ਵਾਇਰਸ ਦੌਰਾਨ ਵਿਸ਼ਵ ਦੀਆਂ ਸਰਕਾਰਾਂ ਬਾਕਾਇਦਾ ਜੰਗ ਲੜ ਰਹੀਆਂ ਹਨ ਤਾਂ ਸਿੱਖਾਂ ਦੀ ਲੰਗਰ ਪਰੰਪਰਾ ਇਸ ਵਿਚ ਬੇਹੱਦ ਅਹਿਮ ਭੂਮਿਕਾ ਨਿਭਾਅ ਰਹੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸਾਫ ਕਿਹਾ ਹੈ ਕਿ ਜੇਕਰ ਤੁਹਾਨੂੰ ਖਾਣ ਲਈ ਜਾਂ ਹੋਰ ਸੇਵਾਵਾਂ ਲਈ ਜ਼ਰੂਰਤ ਪੈ ਜਾਵੇ ਤਾਂ ਗੁਰਦੁਆਰਿਆਂ ਤੇ ਸਿੱਖ ਸੰਸਥਾਵਾਂ ਦਾ ਸਹਾਰਾ ਲਵੋ ਤੇ ਸਹਿਯੋਗ ਦੇਵੋ। ਕੈਨੇਡਾ, ਬ੍ਰਿਟੇਨ, ਅਸਟਰੇਲੀਆ, ਯੂਰਪ, ਨਿਊਜ਼ੀਲੈਂਡ ਦੀਆਂ ਸਰਕਾਰਾਂ ਨੇ ਵੀ ਸਿੱਖ ਪੰਥ ਦੀ ਇਸ ਨਿਡਰਤਾ ਨੂੰ ਦੇਖ ਕੇ ਵਿਸਾਖੀ 'ਤੇ ਜਿੱਥੇ ਵਧਾਈ ਦਿੱਤੀ ਹੈ, ਉੱਥੇ ਉਨਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ। ਇਨਾਂ ਸਾਰੇ ਦੇਸਾਂ ਦੇ ਰੇਡੀਓ ਸਟੇਸ਼ਨ, ਟੈਲੀਵਿਜ਼ਨ ਤੇ ਵੱਡੀਆਂ ਅਖ਼ਬਾਰਾਂ ਸਿੱਖਾਂ ਦੀ ਲੰਗਰ ਪਰੰਪਰਾ ਤੇ ਸੇਵਾ ਬਾਰੇ ਕਈ ਪੇਸ਼ਕਾਰੀਆਂ ਕਰ ਚੁੱਕੀਆਂ ਹਨ ਤੇ ਕਰ ਵੀ ਰਹੀਆਂ ਹਨ। ਕੌਮਾਂਤਰੀ ਮੀਡੀਆ ਨੇ ਬੜੇ ਵਿਸਥਾਰ ਨਾਲ ਦੱਸਿਆ ਹੈ ਕਿ ਸਿੱਖ ਟਰੱਕ ਡਰਾਈਵਰ ਤੇ ਟਰਾਂਸਪੋਟਰ ਇਸ ਮਾੜੇ ਹਾਲਾਤਾਂ ਦੌਰਾਨ ਮੌਤ ਦੇ ਭੈਅ ਤੋਂ ਮੁਕਤ ਹੋ ਕੇ ਆਪਣੇ ਦੇਸਾਂ ਦੀ ਆਰਥਿਕਤਾ ਸੰਭਾਲ ਰਹੇ ਹਨ। ਕੈਨੇਡਾ, ਅਮਰੀਕਾ ਵਿਚ ਰਾਤੋ ਰਾਤ ਲੰਗਰ ਦੇ ਲਈ ਟਰੱਕ, ਟਰਾਲਿਆਂ ਵਿਚ ਸਿੱਖਾਂ ਨੇ ਆਪਣੇ ਖਰਚੇ 'ਤੇ ਲੰਗਰ ਪੈਕਿਜ਼ਿੰਗ ਕਰਨ ਤੇ ਮਹਿਫੂਜ਼ ਰੱਖਣ ਲਈ ਅਤਿ ਆਧੁਨਿਕ ਮਸ਼ੀਨਰੀ ਦੇ ਨਾਲ ਵਿਸ਼ੇਸ਼ ਫਰੀਜ਼ਰ ਤੱਕ ਫਿੱਟ ਕਰ ਦਿੱਤੇ ਹਨ। ਸੀਐਨਐਨ ਦੇ ਮੁਤਾਬਕ ਕਈ ਹੋਰ ਯੂਰਪੀਅਨ ਦੇਸਾਂ ਵਿਚ ਵੀ ਅਜਿਹਾ ਕੀਤਾ ਗਿਆ ਹੈ, ਇਹ ਬੇਮਿਸਾਲ ਹੈ। ਕੋਰੋਨਾ ਵਾਇਰਸ ਨੇ ਪੰਜਾਬ ਅਤੇ ਸਮੁੱਚੇ ਭਾਰਤ ਵਿਚ ਪਸਰਨ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੁਕਮਨਾਮਾ ਜਾਰੀ ਕੀਤਾ ਸੀ ਕਿ ਗੁਰੂ ਘਰ ਦੀਆਂ ਗੋਲਕਾਂ ਦੇ ਮੂੰਹ ਗਰੀਬਾਂ ਦੇ ਲਈ ਖੋਲ ਦਿੱਤੇ ਜਾਣ। ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਗੁਰਦੁਆਰਿਆਂ ਦੇ ਲਈ ਆਦੇਸ਼ ਜਾਰੀ ਕੀਤੇ ਕਿ ਜ਼ਰੂਰਤ ਦੇ ਹਿਸਾਬ ਨਾਲ ਲੰਗਰ ਲਗਾਏ ਤੇ ਪਹੁੰਚਾਏ ਜਾਣ। ਸੁੱਕੇ ਰਾਸ਼ਨ ਦੀ ਵੰਡ ਦਾ ਵੀ ਪ੍ਰਬੰਧ ਕੀਤਾ ਗਿਆ। ਕੋਰੋਨਾ ਸੰਕਟ ਦੌਰਾਨ ਸਿੱਖਾਂ ਨੇ ਭਾਰਤ ਨੂੰ ਹਾਲ ਦੀ ਘੜੀ ਭੁੱਖਮਰੀ ਤੋਂ ਬਚਾ ਲਿਆ ਹੈ।

ਵੱਡੀ ਗੱਲ ਇਹ ਹੈ ਕਿ ਵਿਸ਼ਵ ਦੇ ਲੋਕਾਂ ਨੂੰ ਮੌਤ ਦੇ ਭੈਅ ਤੋਂ ਮੁਕਤ ਕੀਤਾ ਹੈ। ਜੇਕਰ ਸਿੱਖ ਸੇਵਾ ਦੇ ਲਈ ਘਰਾਂ ਤੋਂ ਬਾਹਰ ਨਾ ਨਿਕਲਦੇ ਤਾਂ ਵਿਸ਼ਵ ਦੇ ਲੋਕਾਂ ਦਾ ਮਨੋਬਲ ਉੱਚਾ ਨਹੀਂ ਹੋਣਾ ਸੀ। ਗੋਰੇ ਜੋ ਆਪਣੇ ਬਜ਼ੁਰਗਾਂ ਨੂੰ ਇਕੱਲਾ ਛੱਡ ਚੁੱਕੇ ਸਨ, ਉਸ ਦੀ ਸੇਵਾ ਵੀ ਸਿੱਖ ਜਗਤ ਨੇ ਨਿਭਾਈ ਹੈ। ਇਸ ਸੰਬੰਧ ਵਿਚ ਅਮਰੀਕਾ, ਕੈਨੇਡਾ ਵਿਚ ਟੀਮਾਂ ਵੀ ਬਣੀਆਂ ਹਨ। ਇੰਗਲੈਂਡ ਵਿਚ ਵੀ ਅਜਿਹੀਆਂ ਖ਼ਬਰਾਂ ਹਨ। ਇਟਲੀ ਜਿੱਥੇ ਮੌਤ ਦਾ ਭੈਅ ਸਭ ਤੋਂ ਜ਼ਿਆਦਾ ਹੈ, ਉੱਥੇ ਵੀ ਸਿੱਖਾਂ ਦੀ ਨਿਡਰ ਭੂਮਿਕਾ ਦੇਖਣ ਵਾਲੀ ਹੈ। ਸਿੱਖਾਂ ਦੀ ਇਸ ਸੇਵਾ ਕਾਰਨ ਪੂਰੇ ਵਿਸ਼ਵ ਵਿਚ ਸਿੱਖਾਂ ਦੀ ਧਾਕ ਜੰਮ ਗਈ ਹੈ। ਭਾਰਤ ਦੇ ਜਿਹੜੇ ਫਿਰਕਾਪ੍ਰਸਤ ਲੋਕ ਸਿੱਖਾਂ ਨੂੰ ਅੱਤਵਾਦੀ ਕਹਿੰਦੇ ਸਨ, ਉਨਾਂ ਦਾ ਜ਼ਹਿਰ ਇਸ ਸੇਵਾ ਨੇ ਖੁੰਡਾ ਕਰ ਦਿੱਤਾ ਹੈ। ਭਵਿੱਖ ਵਿਚ ਜਦੋਂ ਕਦੇ ਕੋਰੋਨਾ ਕਾਲ ਦਾ ਇਤਿਹਾਸ ਲਿਖਿਆ ਜਾਵੇ ਉਸ ਦਾ ਜ਼ਿਕਰ ਮਹਾਂ ਮਨੁੱਖ ਵਜੋਂ ਸਿੱਖਾਂ ਦਾ ਆਵੇਗਾ ਕਿ ਕਿਵੇਂ ਉਨਾਂ ਨੇ ਮੌਤ ਦੀ ਦਹਿਸ਼ਤ ਦੇ ਪਹਿਰੇ ਵਿਚ ਪੂਰੇ ਵਿਸ਼ਵ ਨੂੰ ਆਪਣਾ ਪਰਿਵਾਰ ਸਮਝਦਿਆਂ ਲੋਕਾਂ ਦਾ ਮਨੋਬਲ ਉੱਪਰ ਚੁੱਕਿਆ। ਕੋਈ ਰਾਸ਼ਟਰ ਨਹੀਂ, ਕੋਈ ਜਾਤ ਨਹੀਂ, ਕੋਈ ਨਸਲ ਨਹੀਂ ਬਸ ਸਮੁੱਚਾ ਬ੍ਰਹਿਮੰਡ ਹੈ, ਸਮੁੱਚਾ ਜਗਤ ਹੈ, ਜਿਸ ਦਾ ਹਿਰਦਾ ਸਿੱਖ ਜਗਤ ਠਾਰ ਰਿਹਾ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776




## ਪਾਠਕਾਂ ਦਾ ਨਜ਼ਰੀਆ

### ਸ਼ਾਬਾਸ਼ ! ਵੀਰ ਸਿੰਘ ਤੇ ਰਣਜੀਤ ਬਾਵਾ

ਨੌਜਵਾਨ ਲਿਖਾਰੀ ਵੀਰ ਸਿੰਘ ਦਾ ਲਿਖਿਆ ਤੇ ਰਣਜੀਤ ਬਾਵਾ ਦਾ ਗਾਇਆ ਮੇਰਾ ਕੀ ਕਸੂਰ ਨਾਂ ਦਾ ਗੀਤ ਜਿਓਂ ਹੀ ਸ਼ੋਸ਼ਲ ਮੀਡੀਏ 'ਤੇ ਵਾਇਰਲ ਹੋਇਆ ਤਾਂ ਗਊ ਜਾਨਵਰ ਨੂੰ ਮਾਤਾ ਕਹਿਕੇ ਉਸ ਦਾ ਪਿਸ਼ਾਬ ਪੀਣ ਵਾਲ਼ਿਆਂ ਨੂੰ ਬਹੁਤ ਤਕਲੀਫ਼ ਹੋਈ । ਗੀਤ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜਿਸ ਨਾਲ ਕਿਸੇ ਦੀ ਆਸਥਾ ਨੂੰ ਠੇਸ ਪਹੁੰਚਦੀ ਹੋਵੇ, ਇਸ ਗੀਤ ਵਿੱਚ ਗੱਲ ਸਭਨਾ ਧਰਮਾਂ ਚ ਫੈਲ ਚੁੱਕੇ ਬਿਪਰਵਾਦ ਦੀ ਕੀਤੀ ਗਈ ਹੈ ਕਿ ਇਸ ਸਮੇਂ ਧਰਮ, ਧਰਮ ਨਾ ਰਹਿਕੇ ਅਧਰਮ ਬਣ ਚੁੱਕੇ ਹਨ, ਜਾਤਾਂ ਦੀਆ ਵੰਡੀਆ ਤੇ ਫਿਰਕੂ ਨਫ਼ਰਤ ਫੈਲਾਉਣ ਦੇ ਅੱਡੇ ਤੇ ਬਜ਼ਾਰ ਬਣ ਚੁੱਕੇ ਹਨ । ਗੀਤ ਵਿੱਚ ਉਸ ਮਾੜੇ ਵਰਤਾਰੇ ਉੱਤੇ ਉਂਗਲ ਚੁੱਕੀ ਗਈ ਹੈ ਤੇ ਚੋਟ ਕੀਤੀ ਗਈ ਹੈ ਜੋ ਸਾਡੇ ਆਸ ਪਾਸ ਨਿੱਤ ਵਰਤ ਰਿਹਾ ਹੈ, ਗੀਤ ਵਿੱਚ ਗੱਲ ਉਸ ਸਿਸਟਮ ਦੇ ਸੱਚ ਦੀ ਕੀਤੀ ਗਈ ਹੈ ਜਿਸ ਵਿੱਚ ਅਸੀਂ ਜੀਊਣ ਵਾਸਤੇ ਮਜਬੂਰ ਵੀ ਹਾਂ ਤੇ ਲਾਚਾਰ ਵੀ ।

ਸਾਨੂੰ ਪਤਾ ਵੀ ਨਹੀਂ ਲੱਗਾ ਕਿ ਇਸ ਗੀਤ ਦਾ ਵਿਰੋਧ ਕਰਨ ਵਾਲੀ ਲਾਬੀ ਨੇ 1947 ਤੋਂ ਬਾਅਦ ਇਕ ਬਹੁਤ ਹੀ ਗਹਿਰੀ ਸ਼ਾਜਿਸ਼ ਤਹਿਤ ਕਦੋਂ ਜਾਤ ਪਾਤ ਨੂੰ ਪੱਕਾ ਕਰਨ ਵਾਸਤੇ ਕੁੱਝ ਕੁ ਰਿਆਇਤਾਂ ਦੇ ਕੇ ਇਸ ਨੂੰ ਸਰਟੀਫ਼ਿਕੇਟ ਵਿੱਚ ਬਦਲ ਦਿੱਤਾ ਤੇ ਉਹ ਰਿਆਇਤਾਂ ਲੈਣ ਵਾਸਤੇ ਅਸੀਂ ਆਪਣੀ ਆਰਥਿਕ ਹਾਲਤ ਦਾ ਹਵਾਲਾ ਦੇਣ ਦੀ ਬਜਾਏ, ਥਾਂ ਪੁਰ ਥਾਂ ਜਾਤ ਦੱਸਣ ਦਾ ਸਰਟੀਫ਼ਿਕੇਟ ਪੇਸ਼ ਕਰਨ ਵਾਸਤੇ ਮਜਬੂਰ ਵੀ ਹਾਂ ਤੇ ਜ਼ਲੀਲ ਵੀ ਹੁੰਦੇ ਆ ਰਹੇ ਹਾਂ । ਉਂਜ ਤਾਂ ਪੰਜਾਬ ਵਿੱਚ ਬਹੁਤ ਸਾਰੇ ਅਖੌਤੀ ਗਾਇਕ ਤੁਰੇ ਫਿਰਦੇ ਨੇ ਜੋ ਆਪਣੇ ਆਪ ਨੂੰ ਲੋਕ ਹਿਤੂ ਅਖਵਾਉਣ ਵਿੱਚ ਮਾਣ ਮਹਿਸੂਸ ਕਰਦੇ ਹੋਣਗੇ, ਪਰ ਰਣਜੀਤ ਬਾਵੇ ਨੇ ਉਕਤ ਗੀਤ ਗਾ ਕੇ ਦੱਸ ਦਿੱਤਾ ਕਿ ਅਸਲ ਲੋਕ ਹਿਤੂ ਗਾਇਕ ਕੌਣ ਹੁੰਦਾ ਹੈ । ਇਸ ਗੀਤ ਵਿੱਚ ਕਿਸੇ ਗ਼ਰੀਬੜੇ ਤੇ ਜਾਤ-ਪਾਤ ਦੀ ਚੱਕੀ ਵਿਚ ਪਿਸ ਰਹੇ ਨੌਜਵਾਨ ਦੇ ਧੁਰ ਅੰਦਰਲੀ ਪੀੜਾ ਦੀ ਹੂਕ ਸੁਣਾਈ ਦੇਂਦੀ ਹੈ, ਜਿਸ ਕਰਕੇ ਰਣਜੀਤ ਬਾਵਾ ਤੇ ਗੀਤ ਦੇ ਲੇਖਕ ਵੀਰ ਸਿੰਘ ਸ਼ਾਬਾਸ਼ ਤੇ ਵਧਾਈ ਦੇ ਪਾਤਰ ਹਨ ।

ਰਹੀ ਗੱਲ ਕੇਸ ਦਰਜ ਕਰਾਉਣ ਵਾਲ਼ਿਆਂ ਦੀ, ਇਸ ਸੰਬੰਧ ਵਿੱਚ ਏਹੀ ਕਹਿਣਾ ਬਣਦਾ ਹੈ ਕਿ ਜੰਮ ਜੰਮ ਕਰਾਉਣ, ਉਹਨਾਂ ਦੀਆ ਗਿੱਦੜ ਭਬਕੀਆਂ ਤੋਂ ਗੀਤ ਦੇ ਲੇਖਕ ਤੇ ਗਾਇਕ ਨੂੰ ਬਿਲਕੁਲ ਵੀ ਡਰਨ ਜਾਂ ਧੜਕਣ ਦੀ ਲੋੜ ਨਹੀਂ ਕਿਉਂਕਿ ਗੀਤ ਵਿੱਚ ਕੁਝ ਵੀ ਅਜਿਹਾ ਨਹੀਂ ਜੋ ਤਲਖ਼ ਹਕੀਕਤ ਤੋਂ ਪਰੇ ਹੋਵੇ । ਗਾਂ ਦਾ ਮੂਤ ਸਿਰਫਿਰਿਆ ਲੋਕਾਂ ਵਾਸਤੇ ਹੀ ਸ਼ਰਬਤ ਹੋ ਸਕਦਾ ਹੈ ਆਮ ਲੋਕਾਈ ਵਾਸਤੇ ਉਹ ਮੂਤ ਹੀ ਰਹੇਗਾ ਤੇ ਪੱਥਰ ਸਿਰਫ ਪੱਥਰ ਹੀ ਰਹੇਗਾ । ਗੀਤ ਵਿੱਚ ਬਾਕੀ ਧਰਮਾਂ ਵਿੱਚ ਆਏ ਨਿਘਾਰ ਤੇ ਕੁਰਾਹੇ ਪੈਣ ਦੀ ਗੱਲ ਵੀ ਕੀਤੀ ਗਈ ਹੈ । ਕਹਿਣ ਦਾ ਭਾਵ ਇਹ ਹੈ ਕਿ ਉਕਤ ਗੀਤ ਬਿਲਕੁਲ ਖਰੀ ਤੇ ਸੰਤੁਲਿਤ ਸੋਚ ਦਾ ਪ੍ਰਗਟਾਵਾ ਕਰਦਾ ਹੈ ਤੇ ਗਾਇਕ ਨੇ ਪੇਸ਼ਕਾਰੀ ਵੀ ਉਸੇ ਰੂਪ ਵਿੱਚ ਕੀਤੀ ਹੈ । ਗੀਤ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਦਾ, ਜਿਸ ਕਰਕੇ ਇਸ ਵਿਰੁੱਧ ਕੋਈ ਕੇਸ ਦਰਜ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਜੇਕਰ ਕਿਸੇ ਸਿਰਫਿਰੇ ਨੇ ਪੁਲਿਸ ਤੱਕ ਪਹੁੰਚ ਕਰਕੇ ਐਫ ਆਰ ਆਈ ਦਰਜ ਕਰਵਾ ਵੀ ਦਿੱਤੀ ਹੈ ਤਾਂ ਪੁਲਿਸ ਦੀ ਜਾਂਚ ਪੜਤਾਲ ਸਿਰਫ ਲੀਰਾਂ ਦੀ ਖਿੱਦੋ ਫਰੋਲਣ ਤੋਂ ਵੱਧ ਕੁੱਝ ਵੀ ਨਹੀਂ ਹੋਵੇਗੀ । ਰਹੀ ਗੱਲ ਕਿਸੇ ਵੱਲੋਂ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਦੀ ਤਾਂ ਇਸ ਸੰਬੰਧ ਵਿੱਚ ਇਹ ਕਹਾਂਗਾ ਕਿ, ਆਧੁਨਿਕ ਤਕਨੀਕ ਦਾ ਪੂਰਾ ਲਾਹਾ ਲਿਆ ਜਾਵੇ, ਫ਼ੋਨ ਰਿਕਾਰਡ ਕਰਕੇ ਪੁਲਿਸ ਨੂੰ ਸੂਚਿਤ ਕੀਤਾ ਜਾਵੇ ਤਾਂ ਕਿ ਅਜਿਹਾ ਕਰਨ ਵਾਲਿਆ ਨੂੰ ਫੜਕੇ ਕਾਨੂੰਨ ਹਵਾਲੇ ਕੀਤਾ ਜਾ ਸਕੇ।

ਗੀਤ ਬਾਰੇ ਕੁੱਝ ਫਿਰਕੂ ਲੋਕਾਂ ਵਲੋ ਕੀਤੇ ਜਾ ਰਹੇ ਖਾਹਮੁਖਾਹ ਵਿਵਾਦ ਤੋ ਜਿੱਥੇ ਉਹਨਾਂ ਦੇ ਮੰਦਬੁੱਧੀ ਤੇ ਮੂਰਖ ਹੋਣ ਦਾ ਪਤਾ ਲਗਦਾ ਉਥੇ ਇਸ ਦੇ ਨਾਲ ਹੀ ਇਸ ਮੌਕੇ 'ਤੇ ਅਜਿਹੇ ਲੋਕਾਂ ਨੂੰ ਇਹ ਸਵਾਲ ਵੀ ਕਰਨਾ ਬਣਦਾ ਹੈ ਕਿ ਓ ਮਾਈ ਗਾਡ ਬਣਾਉਣ ਵਾਲੇ ਪੁਰੇਸ਼ ਰਾਵਲ, ਪੀ ਕੇ ਫ਼ਿਲਮ ਬਣਾਉਣ ਵਾਲੇ ਆਮਿਰ ਖਾਨ ਤੇ ਮੁੰਨਾ ਬਾਈ ਐਮ ਬੀ ਬੀ ਐਸ ਬਣਾਉਣ ਵਾਲੇ ਸੰਜੇ ਦੱਤ ਤੇ ਉਹਨਾ ਫਿਲਮਾਂ ਦੇ ਹੋਰ ਐਕਟਰਾਂ ਤੇ ਪ੍ਰੋਡਿਊਸਰਾਂ ਵਿਰੁੱਧ ਕਿੱਨੇ ਕੁ ਕੇਸ ਦਰਜ ਕੀਤੇ ਕਰਵਾਏ ਗਏ ਸਨ ? ਇਸ ਦੇ ਨਾਲ ਹੀ ਪੰਜਾਬੀ ਭਾਈਚਾਰੇ ਨੂੰ ਵੀ ਬੇਨਤੀ ਹੈ ਕਿ ਸ਼ੋਸ਼ਲ ਮੀਡੀਏ ਦੀ ਸਹੀ ਵਰਤੋ ਕਰਨ, ਮੁੱਦੇ ਉੱਤੇ ਉਸਾਰੂ ਤੇ ਰਚਨਾਮਕ ਚਰਚਾ ਕਰਨ, ਨਾ ਕਿ ਗਾਲੀ ਗਲੋਚ ਕਰਕੇ ਆਪਣੀ ਅਕਲ ਦਾ ਦੀਵਾਲਾ ਕੱਢਣ ।

ਗੀਤ ਲੇਖਕ ਤੇ ਗਾਇਕ ਦੋਹਾਂ ਨੇ ਪੰਜਾਬੀ ਗਾਇਕੀ ਦੇ ਇਸ ਨਿਘਾਰ ਭਰੇ ਯੁੱਗ ਵਿਚ ਉਕਤ ਗੀਤ ਰਾਹੀਂ ਜੋ ਨਵੀ ਪਿਰਤ ਪਾਈ ਹੈ ਉਸ ਦਾ ਸਮੂਹ ਪੰਜਾਬੀਆ ਨੂੰ ਪੁਰਜੋਰ ਤੇ ਭਰਪੂਰ ਸਵਾਗਤ ਕਰਨਾ ਚਾਹੀਦਾ ਹੈ ਤੇ ਆਉਣ ਵਾਲੇ ਸਮੇ ਵਿਚ ਪੰਜਾਬੀ ਗਾਇਕੀ ਹਥਿਆਰੀ ਤੇ ਲੱਚਰਪੁਣੇ ਦੀ ਫੁਕਰਾਪੰਥੀ ਤੋਂ ਹਟਕੇ ਪੰਜਾਬ ਦੇ ਲੋਕਾਂ ਨੂੰ ਕੋਈ ਵਧੀਆ ਸੁਨੇਹਾ ਦੇਣ ਦੀ ਰਾਹ ਪੈ ਸਕੇ।

**ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**

### ਇੰਨੀ ਵਡੀ ਮਨੁਖੀ ਹਿਜਰਤ ?

ਪੰਜਾਬ ਦੇ ਸਰਕਾਰੀ ਪੋਰਟਲ ਅਨੁਸਾਰ 48 ਘੰਟਿਆਂ ਦੇ ਅੰਦਰ ਅੰਦਰ 6 ਲਖ ਮਜ਼ਦੂਰ (ਕੁਲਬੀਰ ਸਿੰਘ ਕੀਰਤ ਅਨੁਸਾਰ ਹੁਣ 8.30 ਲਖ) ਪੂਰਬੀ ਰਾਜਾਂ ਵਲ ਜਾਣ ਦੀ ਮਨਜ਼ੂਰੀ ਮੰਗ ਬੈਠੇ ਹਨ ? ਹਿੰਦੁਸਤਾਨ ਦੀਆਂ ਦਖਣੀ ਰਿਆਸਤਾਂ ਤੋਂ ਕਰੋੜ ਕੁ ਲੋਕ ਉਤਰ ਵਲ ਜਾਣ ਦੇ ਅਭਿਲਾਸ਼ੀ ਹਨ ? ਦਿਲੀ, ਮੁੰਬਈ, ਗੁਜਰਾਤ ਦੇ ਕਈ ਸ਼ਹਿਰਾਂ ਤੋਂ ਕਰਫਿਊ ਦੇ ਪਹਿਲੇ ਹੀ ਦਿਨੀਂ ਲਖਾਂ ਵਿਚ ਖਲਕਤ ਦੇ ਪੈਦਲ ਚਲਣ ਦਾ ਦਿ ?ਸ਼ ਅਸੀਂ ਵੇਖ ਲਿਆ ਹੈ ?

ਅਜੇ ਬਦੇਸਾਂ ਵਿਚੋਂ ਹਿੰਦੁਸਤਾਨ ਵਲ ਪੈਣ ਵਾਲੇ ਸੰਭਾਵਤ ਚਾਲੇ ਵਖਰੇ ਹਨ ? ਕਹਿੰਦੇ ਆ ਡੇਢ ਲਖ ਵਿਅਕਤੀ ਇਕਲੇ ਅਰਬ ਦੇਸਾਂ ਤੋਂ ਵਾਪਸੀ ਲਈ ਲੰਗਰ ਲੰਗੋਟੇ ਕੱਸੀ ਬੈਠੇ ਹਨ ? ਇਹ ਸਭ ਹਿੰਦੁਸਤਾਨ ਦੇ ਮਹਾਂਮਾਰੀ ਦੇ ਦੁਖਾਂਤ ਦੇ ਅੰਦਰ ਦਾ ਦੂਹਰਾ ਦੁਖਾਂਤ ਹੈ ? ਸੰਕਟ ਦਾ ਕੇਂਦਰੀ ਨੁਕਤਾ ਇਹ ਹੈ ਕਿ ਸਾਰੇ ਹਿੰਦੁਸਤਾਨ ਵਿਚੋਂ ਇਸ ਦਾ ਇਕਲਾ ਹਿੰਦੀ ਰੀਜਨ ਸਭ ਤੋਂ ਵਧ ਹਿਲਿਆ ਫਿਰਦਾ ਹੈ ? ਇਹ ਰੀਜਨ ਆਰਥਕ ਪਖੋਂ ਡੂੰਘੀ ਬੀਮਾਰੀ ਦਾ ਸ਼ਿਕਾਰ ਹੈ ? ਉਪਰੋਂ ਆਹ ਆਫਤ ਆਣ ਪਈ ਹੈ ? ਅਜਿਹਾ ਕਿਉਂ ਹੈ ? ਪਿਛਲੇ 70 ਸਾਲਾਂ ਦੀ ਨਹਿਰੂਵਾਦੀ ਅਖੌਤੀ ਸੰਤੁਲਤ ਯੋਜਨਾਬੰਦੀ ਅਧੀਨ ਦੇਸ ਦੇ ਗ਼ੈਰ-ਹਿੰਦੀ ਰਾਜਾਂ ਦੇ ਰਿਸੋਰਸਜ਼ ਦਾ ਚੋਖਾ ਹਿੱਸਾ ਇਹਨਾਂ ਸਟੇਟਾਂ ਦੇ ਢਿਡ ਪਿਆ ਹੈ ? ਪਰ ਇਹ ਸਟੇਟਾਂ ਉਥੇ ਦੀਆਂ ਉਥੇ ਹੀ ਖੜੀਆਂ ਹਨ ? ਸਗੋਂ ਇਹ ਪੰਜਾਬ ਵਰਗੀਆਂ ਅਗੇ ਵਧੂ ਸਟੇਟਾਂ ਨੂੰ ਵੀ ਲੈ ਬੈਠੀਆਂ ਹਨ ?

ਦਰਅਸਲ ਕਾਰਨ ਇਕ ਤੋਂ ਵਧ ਹੋ ਸਕਦੇ ਹਨ ? ਸਭ ਤੋਂ ਵਡਾ ਉਭਰਵਾਂ ਤੱਥ ਇਨਾਂ ਦਾ ਬਣਤਰੀ ਨੁਕਸ ਹੈ ? ਇਹਨਾਂ ਅਣਤਰਤੀਬੀ , ਬੇਸੁਰੀਆਂ ਸਟੇਟਾਂ ਦਾ ਸਭਿਆਚਾਰਕ ਤੇ ਭਾਸ਼ਾਈ ਕਾਇਆ ਕਲਪ ਪਹਿਲੀ ਲੋੜ ਹੈ ? ਯੂਪੀ ਵਖੋ ਵਖ ਚਾਰ ਬੋਲੀਆਂ ਅਤੇ ਸਭਿਆਚਾਰਾਂ ਦਾ, ਬਿਹਾਰ, ਰਾਜਸਥਾਨ ਅਤੇ ਮਧ ਪਰਦੇਸ਼ ਘਟੋਘ ਟ ਦੋ ਦੋ ਦਾ ਨਰੜ ਹਨ ? ਜੇ ਸਟੇਟਾਂ ਦੀ ਅਜਿਹੀ ਮੁੜ ਸਿਰਜਣਾ ਹੋ ਜਾਵੇ ਤਾਂ ਇਹਨਾਂ ਦੇ ਲੋਕਾਂ ਅੰਦਰ ਨਵੇਂ ਸਭਿਆਚਾਰਕ, ਭਾਸ਼ਾਈ ਅਤੇ ਅਪਣੇ ਅਪਣੇ ਵਿਲਖਣ ਰਾਸ਼ਟਰਵਾਦ/ਉਪਰਾਸ਼ਟਰਵਾਦ ਦੇ ਚਾਅ ਅਤੇ ਵਿਕਾਸ ਦੇ ਵਲਵਲੇ ਪੈਦਾ ਹੋ ਸਕਦੇ ਹਨ ? ਉਹਨਾਂ ਨੂੰ ਅਪਣੀ ਅਪਣੀ ਲੀਡਰਸ਼ਿਪ ਹਾਸਲ ਹੋ ਸਕਦੀ ਹੈ ? ਪਰ ਬੀਜੇਪੀ ਅਤੇ ਕਾਂਗਰਸ ਦੋਵੇਂ ਪਾਰਟੀਆਂ ਇਨਾਂ ਬੀਮਾਰੂ ਸਟੇਟਾਂ ਦੇ ਰਾਹ ਦੇ ਕੰਡੇ ਹਨ ? ਜਿੰਨੀ ਦੇਰ ਇਹ ਕੰਡੇ ਚੁਣੇ ਨਹੀਂ ਜਾਂਦੇ ਤਾਂ ਮੁਸ਼ਕਲ ਰਹਿਣੀ ਹੈ ?

ਸੁਖਦੇਵ ਸਿੰਘ ਸੀਨੀਅਰ ਪੱਤਰਕਾਰ

ਫਿਰਕੂਵਾਦ ਦੇ ਝੰਡੇ

ਧਰਮ , ਦੇਸ਼ , ਰਾਜ ਜਾਂ ਸੰਸਥਾਵਾਂ ਹਰ ਇਕ ਦੇ ਕੁਝ ਚਿੰਨ , ਰਹੁ ਰੀਤਾਂ , ਰਿਵਾਜ਼ , ਪਿਰਤਾਂ ਹੁੰਦੀਆਂ ਹਨ । ਹੋ ਸਕਦਾ ਇਹਨਾਂ ਵਿਚੋਂ ਕੁਝ ਫਜ਼ੂਲ ਵੀ ਹੋਣ ਜਾ ਕੁਝ ਸਮੇ ਦੀਆਂ ਹਾਣੀ ਨਾ ਹੋਣ। ਪਰ ਉਹਨਾਂ ਵਿਚੋਂ ਕਿਸੇ ਇਕ ਖਾਸ ਵਰਗ ਜਾ ਧਰਮ ਦੀਆਂ ਰੀਤਾਂ ਤੇ ਸਵਾਲ ਚੱਕ ਸਟਰਾਅ ਮੈਨ ਤਰਕ ਦੇਣਾ ਕਿੰਨਾ ਕੁ ਸਹੀ ਹੈ। ਜੇ ਸ਼ਿਵ ਲਿੰਗ ਤੇ ਦੁੱਧ ਨਾ ਅਰਪਣ ਕਰਨ ਨਾਲ ਗਰੀਬ ਦੇ ਪੇਟ ਵਿਚ ਰੋਟੀ ਪੈਂਦੀ ਹੈ ਤਾਂ ਫੇਰ ਤੇ ਮਜ਼ਾਰਾਂ ਤੇ ਅਤੇ ਦੇਸ਼ਾਂ ਦੇ ਝੰਡਿਆਂ ਲਈ ਕਪੜਾ ਨਾ ਵਰਤ ਕਿ ਤਨ ਵੀ ਢਕਿਆ ਜਾ ਸਕਦਾ ਹੈ।

ਪਿੱਛੇ ਜਿਹੇ ਕਿਸੇ ਪਾਗਲ ਨੇ ਪੱਗ ਬਾਰੇ ਇਹੋ ਜਿਹੀ ਟਿੱਪਣੀ ਕੀਤੀ ਸੀ ਜਿਹੜੀ ਮੈਨੂੰ ਬਹੁਤ ਭੱਦੀ ਲੱਗੀ , ਕੀ ਅੱਜ ਇਹੋ ਮਨੋ ਦਸ਼ਾ ਕਿਸੇ ਸ਼ਿਵ ਭਗਤ ਹਿੰਦੂ ਵੀਰ ਦੀ ਨਹੀ ਹੋ ਸਕਦੀ।

ਦੂਜਾ ਅਸੀਂ ਧਰਮ ਤੇ ਹੀ ਇਹੋ ਜਿਹਾ ਹਮਲਾ ਕਿਉਂ ਕਰਦੇ ਹਾਂ। ਕੀ ਅਫ਼ਿਰਕੂ ਸੰਸਥਾਵਾ ਦੀਆਂ ਐਸੀਆਂ ਪਿਰਤਾਂ ਨਹੀ।ਕਿੰਨੇ ਥਾਨਾਂ ਦੇ ਥਾਨ ਕਪੜਾ ਦੇਸ਼ਾਂ ਦੇ ਜੰਡਿਆ ਜਾਂ ਫੌਜਾਂ ਵਿਚ regimental flags ਤੇ ਲੱਗਦਾ ਹੈ ਜਦ ਕਿ ਦੇਸ਼ ਵਿਚ ਬਹੁਤ ਲੋਕ ਗਰੀਬ ਹਨ ਤੇ ਤਨ ਢੱਕਣ ਨੂੰ ਕਪੜਾ ਨਹੀ।

ਖਾਣੇ ,ਵਸਤਰ ਆਦੀ ਦੀ ਘਾਟ ਅਤੇ ਗਰੀਬੀ ਇਸ ਲਈ ਨਹੀ ਕਿ ਧਾਰਮਿਕ ਲੋਕ ਇਹਨੂੰ ਕਿਸੇ ਰੀਤੀ ਰਿਵਾਜ਼ ਲਈ ਵਰਤ ਰਹੇ ਹਨ।

ਇਹਦਾ ਮੂਲ ਕਾਰਨ ਵਸੀਲਿਆਂ ਦੀ ਗੈਰ ਬਰਾਬਰੀ ਵਾਲੀ ਵੰਡ ਪਰਣਾਲੀ ਹੈ । ਭਾਰੂ ਧਿਰਾਂ ਵਲੋਂ ਵਸੀਲਿਆਂ ਤੇ ਕਬਜਾ ਕਰ ਲਿਆ ਜਾਂਦਾ ਹੈ ਅਤੇ ਬਹੁਤ ਵੱਡੇ ਹਿਸੇ ਨੂੰ ਇਹਦੇ ਤੋਂ ਸੱਖਣਾ ਰੱਖਿਆ ਜਾਂਦਾ ਹੈ ਤਾਂ ਕਿ ਉਹਨਾਂ ਦਾ ਸ਼ੋਸ਼ਣ ਕੀਤਾ ਜਾ ਸਕੇ। ਇਸੇ ਤਰਾਂ ਕਿਤੇ ਜਾਤ ਦੇ ਅਧਾਰ ਤੇ ਇਨਸਾਨ ਨੂੰ ਦਬਾਇਆ ਜਾਂਦਾ ਹੈ ਤੇ ਕਿਤੇ ਨਸਲ ਦੇ ਅਧਾਰ ਤੇ , ਹਾਂ ਇਹਦੇ ਲਈ ਜੇ ਕੁਝ ਲੋਕਾਂ ਨੇ ਗਲਤ ਵਿਆਖਿਆ ਕਰ ਧਰਮ ਨੂੰ ਵਰਤਿਆ ਤਾਂ ਬਹੁਤ ਲੋਕਾਂ ਨੇ ਕਿਸੇ ਨਾ ਕਿਸੇ ਸਿਧਾਂਤ ਜਾਂ ਵਿਗਿਆਨ ਨੂੰ ਵਰਤ ਕਿ ਵੀ ਇਹੋ ਵਰਤਾਰਾ ਸਰ ਅੰਜਾਮ ਦਿਤਾ ।

ਇਹ ਮਨੁੱਖੀ ਪ੍ਰਵਰਤੀ ਚੋਂ ਉਭਰਿਆ ਵਰਤਾਰਾ ਹੈ। ਸੋ ਸਵਾਲ ਵੀ ਉਸ ਤੰਤਰ ਜਾਂ ਸਿਧਾਂਤ ਤੇ ਖੜਾ ਕਰੋ ਜਿਹੜਾ ਵਸੀਲਿਆਂ ਦੀ ਗੈਰ ਬਰਾਬਰੀ ਦੀ ਵੰਡ ਨੂੰ ਮਾਨਤਾ ਦਿੰਦਾ ਹੈ।

ਰਹੀ ਗੱਲ ਕਿਸੇ ਐਸੇ ਰੀਤੀ ਰਿਵਾਜ਼ ਦੀ ਜਿਹੜਾ ਤੁਹਾਨੂੰ ਸਹੀ ਨਹੀ ਜਾਪਦਾ ਤੇ ਤੁਸੀ ਲੋਕਾਂ ਨੂੰ ਉਸ ਤੋਂ ਹਟਾਉਣਾ ਚਾਉਂਦੇ ਹੋ ਤਾਂ ਇਹ ਗੱਲ ਬਿਲਕੁਲ ਸਹੀ ਹੈ ਕਿ ਕਲਾਕਾਰ ਦੇ ਤੌਰ ਤੇ ਇਹ ਤੁਹਾਡਾ ਫਰਜ਼ ਬਣਦਾ ਹੈ। ਪਰ ਇਹਦਾ ਰਾਹ ਬੇਹਤਰ ਵੀ ਚੁਣਿਆ ਜਾ ਸਕਦਾ ਹੈ। ਗੁਰੂ ਸਾਹਿਬ ਸਾਨੂੰ ਇਹ ਰਾਹ ਵਿਖਾ ਗਏ ਹਨ। ਜਗੰਨਾਥ ਪੁਰੀ ਵਿਚ ਉਹਨਾਂ ਪਹਿਲਾਂ ਉਚਾਰੀ ਜਾਣ ਵਾਲੀ ਆਰਤੀ ਤੇ ਕਿੰਤੂ ਪਰੰਤੂ ਨਾ ਕਰਦੇ ਹੋਏ ਇਕ ਸ਼ਬਦ ਉਚਾਰਿਆ। ਉਹਨਾਂ ਪਿਛਲੀ ਲੀਹ ਨੂੰ ਕਟਿਆ ਵੱਡਿਆ ਨਹੀ ਬਸ ਕੋਲ ਇਕ ਵੱਡੀ ਲਾਈਨ ਖਿੱਚ ਕੇ ਦਿਖਾ ਦਿੱਤੀ ਸਮਝਣ ਵਾਲੇ ਸਮਝ ਗਏ ਨਾਲ ਹੀ ਕਿਸੇ ਦੇ ਮਨ ਅਤੇ ਭਾਵਨਾ ਨੂੰ ਠੇਸ ਨਹੀ ਲੱਗੀ।

**ਅਜੈ ਪਾਲ ਸਿੰਘ**

### ਲੰਗਰ ਦੀ ਵਿਚਾਰਧਾਰਕ ਮਹਾਨਤਾ

ਇਸ ਵੱਡੀ ਮਹਾਂਮਾਰੀ ਵਾਲੀ ਮੁਸੀਬਤ ਵਿੱਚ ਸਾਡੀ ਕਰੁਣਾ ਨੇ ਸਾਥੋਂ ਥਾਂ-ਥਾਂ ਲੰਗਰ ਲਗਵਾਏ ਹਨ। ਇਸ ਵਿਰਾਸਤੀ ਪ੍ਰਥਾ-ਪਰੰਪਰਾ ਨੇ ਦੁਨੀਆਂ ਵਿੱਚ ਵਾਹ-ਵਾਹੀ ਵੀ ਲੁੱਟੀ ਹੈ ਪਰ ਸਾਨੂੰ ਇਸ ਸਵਾਲ ਉੱਤੇ ਵਾਪਸ ਆਉਣਾ ਪਵੇਗਾ ਕਿ ਲੰਗਰ ਦੀ ਵਿਰਾਸਤ ਪਿੱਛੇ ਹਕੀਕੀ ਮੰਤਵ ਕੀ ਸੀ ? ਭੁੰਜੇ ਚੌਕੜੀ ਮਾਰ, ਦੋ ਹੱਥ ਫੈਲਾਅ ਅਤੇ ਗੁਰੂ ਦੀ ਉਸਤਤ ਦੇ ਸ਼ਬਦ ਉਚਾਰ ਕੇ ਪਕਾਈਆਂ ਰੋਟੀਆਂ ਤੇ ਰਿੱਝੀ ਦਾਲ ਸਾਡੀਆਂ ਜਾਅਲੀ ਵਿਤਕਰੇ ਦੀਆਂ ਕੰਧਾਂ ਤੋੜ ਕੇ ਰੱਖ ਦਿੰਦੀ ਹੈ। ਵਿਤਕਰਾ ਜਾਤ-ਪਾਤ ਦਾ ਸੀ ਤਾਂ ਗੁਰੂ ਨੇ ਪੰਗਤ ਵਿੱਚ ਬਿਠਾਇਆ, ਭੀੜ ਨੂੰ ਸੰਗਤ ਬਣਾਇਆ। ਜਦੋਂ ਵਿਤਕਰਾ ਆਰਥਿਕ ਢਾਂਚੇ ਵਿੱਚ ਰਚਿਆ ਹੋਵੇ ਤਾਂ ਫਿਰ ਉਸ ਢਾਂਚੇ ਨੂੰ ਤਹਿਸ-ਨਹਿਸ ਕਰਨ ਤੇ ਕਿਸੇ ਨਵੇਂ ਬਰਾਬਰੀ ਵਾਲੇ ਪੰਗਤੀ-ਸੰਗਤੀ ਢਾਂਚੇ ਦੇ ਨਿਰਮਾਣ ਲਈ ਸੰਘਰਸ਼ ਦਾ ਬਿਗਲ ਕਿਹੜੇ ਸਮਿਆਂ ਵਿੱਚ ਵੱਜਣਾ ਸੀ ? ਵਿਵੇਕ ਦਾ ਇਹ ਲੰਗਰ ਕਿੱਥੇ ਵਰਤਣਾ ਸੀ ?

ਗੁਰਸ਼ਬਦ ਨਾਲ ਰੁਸ਼ਨਾਇਆਂ ਨੂੰ ਲੰਗਰ ਦੇ ਅੰਦਰਲੇ ਸੱਤਾ ਦੇ ਸਮੀਕਰਨ ਹਰ ਹਾਲਤ ਵੇਖਣੇ ਪੈਣਗੇ। ਲੰਗਰ ਦਾਨ ਨਾਲ ਚੱਲਦਾ ਹੈ, ਦਸਵੰਧ ਨਾਲ ਚੱਲਦਾ ਹੈ। ਲੋੜਵੰਦ ਉਸ ਉੱਤੇ ਨਿਰਭਰ ਹੁੰਦੇ ਹਨ। ਇਹ ਚੰਗਾ ਕਾਰਜ ਹੈ। ਗੁਰੂ ਦਾ ਕਾਰਜ ਇਸ ਤੋਂ ਵੀ ਵਡੇਰਾ ਹੈ। ਇਸ ਨੇ ਮਿਹਨਤਕਸ਼ਾਂ ਨੂੰ ਦਾਨਵੀਰ ਬਣਾਉਣਾ ਸੀ, ਅਣਮਨੁੱਖੀ ਹੱਦ ਤੱਕ ਹੱਡਭੰਨਵੀਂ ਮਿਹਨਤ ਕਰਨ ਵਾਲਿਆਂ ਨੂੰ ਇਸ ਯੋਗ ਬਣਾਉਣਾ ਸੀ ਕਿ ਉਹ ਚੰਗੇ ਘਰਾਂ ਵਿੱਚ ਰਹਿੰਦੇ, ਉਨਾਂ ਦੇ ਬੱਚੇ ਚੰਗੇ ਸਕੂਲਾਂ ਕਾਲਜਾਂ ਵਿੱਚ ਪੜਦੇ, ਉਹ ਵੀ ਆਪਣੇ ਯੂਪੀ ਬਿਹਾਰ ਦੇ ਪਿੰਡਾਂ ਵਿੱਚ ਚੋਖਾ ਪੈਸਾ ਭੇਜਦੇ, ਆਪਣੇ ਸਵਰਗੀ ਮਾਂ-ਬਾਪੂ ਦੀ ਯਾਦ ਵਿੱਚ ਪਿੰਡ ਦੀ ਫਿਰਨੀ ਦੇ ਬਾਹਰਵਾਰ ਟਾਈਲਾਂ-ਥੱਪਿਆ ਕੋਈ ਗੇਟ ਲਾਉਂਦੇ। ਉਹ ਵੀ ਲੰਗਰ ਵਰਤਾਉਂਦੇ।

ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ ਤਾਂ ਗ਼ਰੀਬ ਦਾ ਗੁਰਬਤੀ ਸੰਸਾਰ ਵਡੇਰੇ ਲੰਗਰ ਦੀ ਮੰਗ ਕਰਦਾ ਹੈ। ਜਿੱਥੇ ਅਨਪੜਤਾ ਹੈ, ਉੱਥੇ ਵਿੱਦਿਆ ਦਾ ਲੰਗਰ ਚਾਹੀਦਾ ਹੈ, ਸਕੂਲਾਂ ਕਾਲਜਾਂ ਦਾ ਲੰਗਰ ਚਾਹੀਦਾ ਹੈ। ਹਸਪਤਾਲਾਂ ਦਵਾਈਆਂ ਰੁਜ਼ਗਾਰ ਦਾ ਲੰਗਰ ਚਾਹੀਦਾ ਹੈ। ਪਰ ਇਹ ਲੰਗਰ ਕਿਸੇ ਸਰਦੀ-ਪੁੱਜਦੀ ਦਿਆਨਤਦਾਰ ਜਮਾਤ ਉੱਤੇ ਨਿਰਭਰ ਨਹੀਂ ਹੋ ਸਕਦਾ। ਇਹ ਮੁਲਕ ਦੀ ਮਲਕੀਅਤ ਵਿੱਚ ਹੱਕ ਦੀ ਲੜਾਈ ਹੈ। ਐਸਾ ਨਿਜ਼ਾਮ ਬਣਾਉਣ ਲਈ, ਇਹਦੇ ਲਈ ਹਕੂਮਤਾਂ ਨਾਲ ਲੜਨ ਦੀ ਕਾਮਿਆਂ ਮਿਹਨਤਕਸ਼ਾਂ ਦੀ ਸਮਝ ਬਣੇ, ਕੁੱਵਤ ਹੋਵੇ, ਉਹ ਸੰਘਰਸ਼ ਚਾਹੀਦਾ ਹੈ। ਸਾਂਝੇ ਸੰਗਤੀ ਸਰਮਾਏ ਵਿੱਚ ਉਨਾਂ ਦੀ ਮਿਹਨਤ ਦੇ ਬਰਾਬਰ ਦੀ ਹਿੱਸੇਦਾਰੀ ਵਾਲਾ ਨਿਜ਼ਾਮ ਚਾਹੀਦਾ ਹੈ। ਐਸੇ ਨਿਜ਼ਾਮ ਦੀ ਰਚਨਾ ਲਈ ਕੋਈ ਵਿਆਖਿਆਨ ਚਾਹੀਦਾ ਹੈ। ਸ਼ਬਦ ਵਿਚਾਰ ਚਾਹੀਦਾ ਹੈ।

ਹੱਕਾਂ ਦੀ ਲੜਾਈ ਵਿੱਚ ਕੋਈ ਦੂਜੇ ਦੀ ਦਿਆਨਤਦਾਰੀ ਉੱਤੇ ਨਿਰਭਰ ਨਹੀਂ ਹੁੰਦਾ। ਮਿਹਨਤ ਦੀ ਉਜਰਤ ਮਿਲੇ ਤਾਂ ਕਾਮਾ ਛੱਤ ਵੀ ਪੱਕੀ ਪਾ ਲੈਸੀ, ਅੰਦਰ ਗੁੱਥੀ ਆਟੇ ਦੀ ਵੀ ਵਾਧੂ ਰਖਸੀ। ਪੰਡ ਚੁੱਕ ਗੱਡੀ ਬਹਿ ਸਿਆਲਦਾ ਨਾਲ ਬਥੇਰੇ ਹੋਰ ਚਾਲੇ ਨਾ ਪਾਉਂਦਾ। ਸਮਝ, ਵਿਵੇਕ, ਸੰਘਰਸ਼, ਰੋਸ਼ਨ ਦਿਮਾਗ਼ ਅਤੇ ਹੱਕੀ ਲੜਾਈਆਂ ਲੜਨ ਵਿੱਢਣ ਦੀਆਂ ਵਿਉਂਤਬੰਦੀਆਂ ਦਾ ਇਹ ਵਡੇਰਾ ਲੰਗਰ ਸਾਨੂੰ ਗੁਰੂ ਦੀ ਨਜ਼ਰ ਵਿੱਚ ਪ੍ਰਵਾਨ ਚੜਾਉਂਦਾ। ਮਜ਼ਦੂਰ ਕਾਮਾ ਫਿਰ ਵਬਾ ਦੇ ਦਿਨਾਂ ਵਿੱਚ ਸਾਡੇ ਨਾਲ ਲੰਗਰ ਵਰਤਾਉਂਦਾ।

ਅੱਧੀ ਸਦੀ ਤੋਂ ਮੁਲਕ ਲਈ ਅਨਾਜ ਪੈਦਾ ਕਰਨ ਵਾਲੇ ਭਾਈਚਾਰੇ ਨੂੰ ਸੋਚਣਾ ਚਾਹੀਦਾ ਹੈ ਕਿ ਉਹਦੇ ਮੋਢੇ ਨਾਲ ਮੋਢਾ ਜੋੜ ਜਿਨਾਂ ਪਰਵਾਸੀਆਂ ਇਨਾਂ ਗੁਰੂ ਕੇ ਲੰਗਰਾਂ ਲਈ ਕਣਕਾਂ ਉਗਾਈਆਂ, ਗਿੱਟਿਆਂ ਪਾਣੀ 'ਚ ਖੜ ਪਨੀਰੀਆਂ ਲਾਈਆਂ, ਪੰਡਾਂ ਬੰਨੀਆਂ, ਭਰੀਆਂ ਚੁੱਕੀਆਂ, ਬੋਰੀਆਂ ਢੋਈਆਂ, ਅੱਜ ਉਹ ਮੂੰਹ-ਅੱਢ ਕਿਸੇ ਬੁਰਕੀ ਲਈ ਸਾਡੀ ਸਦੀਆਂ ਪੁਰਾਣੀ ਕਿਸੇ ਵਿਰਾਸਤੀ ਪਰੰਪਰਾ ਦੇ ਮੁਥਾਜ ਕਿਉਂ ਹਨ ? ਗਰੀਬ ਕਾ ਮੂੰਹ ਗੁਰੂ ਕੀ ਗੋਲਕ ਦਾ ਦਮ ਭਰਨ ਵਾਲੇ ਗੁਰੂ ਦੇ ਔਖੇ ਸਵਾਲਾਂ ਲਈ ਤਿਆਰ ਰਹਿਣ।

**ਐੱਸ ਪੀ ਸਿੰਘ**

### ਕੋਵਿਡ-19 ਨੂੰ ਕਾਬੂ ਹੇਠ ਰੱਖਣ ਵਿਚ ਮਿਸਾਲ ਬਣਿਆ ਕੈਨੇਡਾ

ਕੈਨੇਡਾ ਜੋ ਅਮਰੀਕਾ ਦੀ ਲੰਬੀ ਉੱਤਰੀ ਸਰਹੱਦ ਨਾਲ ਲੱਗਦਾ ਹੈ, ਨੇ ਸਹੀ ਸਮੇਂ, ਸਹੀ ਕਦਮ ਚੁੱਕ ਕੇ ਇਸ ਆਫ਼ਤ ਕੋਵਿਡ-19 ਨੂੰ ਕਾਬੂ ਹੇਠ ਰੱਖਣ ਵਿਚ ਸਫ਼ਲਤਾ ਹਾਸਲ ਕੀਤੀ ਜੋ ਏਸ਼ੀਆ ਅੰਦਰ ਮਿਸਾਲ ਬਣੇ ਦੱਖਣੀ ਕੋਰੀਆ ਵਾਂਗ ਪੱਛਮੀ ਸਮਰੱਥ ਰਾਸ਼ਟਰਾਂ ਸਨਮੁੱਖ ਹੀ ਨਹੀਂ ਬਲਕਿ ਪੂਰੇ ਵਿਸ਼ਵ ਅੰਦਰ ਇਕ ਵਧੀਆ ਮਿਸਾਲ ਹੈ। ਇਸ ਲਈ ਇਸ ਦੇਸ਼ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਸ ਦੀ ਲਿਬਰਲ ਪਾਰਟੀ ਦੀ ਸਰਕਾਰ ਦੀ ਸੰਵੇਦਨਸ਼ੀਲ ਅਤੇ ਜਾਗਰੂਕ ਟੀਮ ਵਧਾਈ ਦੀ ਪਾਤਰ ਹੈ। ਉਸ ਵੱਲੋਂ ਜਨਤਕ ਸਹਾਇਤਾ ਲਈ ਤਤਕਾਲ 82 ਬਿਲੀਅਨ ਡਾਲਰ ਜਾਰੀ ਕਰਨੇ, ਆਪਣੀਆਂ ਵਧੀਆ ਸਿਹਤ ਸੇਵਾਵਾਂ ਨੂੰ ਹਰਕਤ ਵਿਚ ਲਿਆਉਣਾ, ਪੋਰਟੇਬਲ ਹਸਪਤਾਲਾਂ ਦੀ ਵਿਵਸਥਾ ਕਰਨਾ, ਦੇਸ਼ ਅੰਦਰ ਲਾਕਡਾਊਨ ਵਿਵਸਥਾ ਲਾਗੂ ਕਰਨਾ, ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਅਨੁਸਾਰ 'ਜਾਂਚ' ਅਤੇ ਅਲੱਗ ਨਿਵਾਸ ਪ੍ਰਬੰਧ ਮਜ਼ਬੂਤ ਕਰਨਾ ਆਦਿ ਕਦਮਾਂ ਸਦਕਾ ਕੋਰੋਨਾ ਦੇ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਨੂੰ ਕਾਬੂ ਹੇਠ ਲਿਆਂਦਾ ਗਿਆ। ਉਨਾਂ ਆਪਣੇ ਗਿਆਰਾਂ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਵਧੀਆ ਤਾਲਮੇਲ ਕਾਇਮ ਰੱਖਿਆ ਭਾਵੇਂ ਕਿ ਉਹ ਵਿਰੋਧੀ ਧਿਰਾਂ ਦੇ ਹੀ ਕਿਉਂ ਨਾ ਹੋਣ। ਪ੍ਰਧਾਨ ਮੰਤਰੀ ਟਰੂਡੋ ਦੀ ਪਤਨੀ ਸੋਫੀ ਇਸ ਨਾਮੁਰਾਦ ਬਿਮਾਰੀ ਤੋਂ ਪੀੜਤ ਸੀ ਜੋ ਹੁਣ ਸਿਹਤਯਾਬ ਹੋ ਚੁੱਕੀ ਹੈ। ਦੂਸਰੇ ਪਾਸੇ ਡੋਨਾਲਡ ਟਰੰਪ ਦੇ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਕਾਰਨ ਅਮਰੀਕਾ ਇਸ ਨਾਮੁਰਾਦ ਬਿਮਾਰੀ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ ਹੈ।

ਕੈਨੇਡੀਅਨਾਂ ਅਤੇ ਅਮਰੀਕੀਆਂ ਦੀਆਂ ਆਪਸੀ ਪਰਿਵਾਰਕ ਰਿਸ਼ਤੇਦਾਰੀਆਂ ਤੋਂ ਇਲਾਵਾ ਡੂੰਘੇ ਪੁਰਾਣੇ ਇਤਿਹਾਸਕ ਸਬੰਧ ਹਨ। ਟਰੰਪ ਨੇ ਸੱਤਾ ਵਿਚ ਆਉਂਦੇ ਹੀ ਅਮਰੀਕੀ, ਕੈਨੇਡਾਈ ਅਤੇ ਮੈਕਸੀਕੋ ਆਧਾਰਤ ਤ੍ਰੈ-ਪੱਖੀ ਵਪਾਰਕ ਸੰਧੀ ਤੋੜ ਕੇ ਦੋਹਾਂ ਨਾਲ ਵੱਖ-ਵੱਖ ਧੌਂਸਬਾਜ਼ੀ ਭਰੀ ਵਪਾਰਕ ਸੰਧੀ ਕੀਤੀ ਜਿਸ ਕਾਰਨ ਕੈਨੇਡਾ ਅਤੇ ਮੈਕਸੀਕੋ ਦੇ ਲੋਕ ਬਹੁਤ ਨਾਰਾਜ਼ ਸਨ। ਹੁਣ ਉਸ ਨੇ ਕੈਨੇਡਾ ਸਮੇਤ ਗੁਆਂਢੀ ਦੇਸ਼ਾਂ ਨੂੰ ਇਸ ਸੰਕਟ ਦੀ ਘੜੀ ਵਿਚ ਆਪਣੀਆਂ ਕੰਪਨੀਆਂ 'ਤੇ ਐੱਨ : 95 ਮਾਸਕਾਂ ਦਾ ਨਿਰਯਾਤ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਅਮਰੀਕੀ ਸਰਹੱਦ ਦੇ ਨਾਲ ਲੱਗਦੇ ਕੈਨੇਡਾ ਦੇ ਸਭ ਤੋਂ ਅਮੀਰ ਰਾਜ ਓਂਟਾਰੀਓ ਦੇ ਪ੍ਰੀਮੀਅਰ ਅਨੁਸਾਰ ਉਸ ਦੇ ਰਾਜ ਨੂੰ ਆ ਰਹੀਆਂ 5 ਲੱਖ ਮਾਸਕਾਂ ਰੋਕ ਦਿੱਤੀਆਂ ਗਈਆਂ ਹਨ। ਪ੍ਰਧਾਨ ਮੰਤਰੀ ਟਰੂਡੋ ਨੇ ਇਸ ਨੀਤੀ ਨੂੰ ਭਵਿੱਖ ਵਿਚ ਦੋਹਾਂ ਦੇਸ਼ਾਂ ਲਈ ਚੰਗਾ ਨਹੀਂ ਸਮਝਿਆ। ਫਿਰ ਵੀ ਆਸ ਕੀਤੀ ਕਿ ਅਮਰੀਕਾ ਉਸ ਦੇ ਦੇਸ਼ ਨੂੰ ਲੋੜੀਂਦੀ ਮੈਡੀਕਲ ਸਪਲਾਈ ਬੰਦ ਨਹੀਂ ਕਰੇਗਾ।

ਅਮਰੀਕਾ ਵਿਚ ਇਸ ਸਮੇਂ ਕੈਨੇਡਾ ਨਾਲੋਂ ਕੋਵਿਡ-19 ਰਾਹੀਂ ਮਰਨ ਵਾਲੇ ਲੋਕਾਂ ਦੀ ਗਿਣਤੀ 5 ਗੁਣਾ ਤੋਂ ਵੀ ਵੱਧ ਹੈ ਜੋ ਆਉਣ ਵਾਲੇ ਦਿਨਾਂ ਵਿਚ ਹੋਰ ਵੱਧ ਜਾਵੇਗੀ। ਇਕ ਅਧਿਐਨ ਅਨੁਸਾਰ ਜਿੱਥੇ ਕੈਨੇਡਾ ਦੇ ਵਧੀਆ ਸਿਹਤ ਪ੍ਰਬੰਧਾਂ ਕਰ ਕੇ ਆਉਂਦੇ ਇਕ ਤੋਂ ਦੋ ਸਾਲ ਵਿਚ ਇਸ ਵਬਾਅ ਨਾਲ ਮਰਨ ਵਾਲਿਆਂ ਦੀ ਗਿਣਤੀ 3000 ਤੋਂ 15000 ਹੋਵੇਗੀ ਉੱਥੇ ਹੀ ਅਗਲੇ ਦੋ ਮਹੀਨਿਆਂ ਵਿਚ ਅਮਰੀਕਾ ਵਿਚ ਮਰਨ ਵਾਲਿਆਂ ਦੀ ਗਿਣਤੀ ਇਕ ਲੱਖ ਤੋਂ ਦੋ ਲੱਖ 40 ਹਜ਼ਾਰ ਹੋਵੇਗੀ।

ਨਿਊਯਾਰਕ ਦੇ ਗਵਰਨਰ ਨੇ ਇਸ ਭਿਆਨਕ ਬਿਮਾਰੀ ਕਾਰਨ ਲਾਸ਼ਾਂ ਦੇ ਸੱਥਰ ਰੋਜ਼ਾਨਾ ਵਿਛਣ ਕਰ ਕੇ ਰੋਜ਼ਾਨਾ ਸਖ਼ਤ ਬਿਮਾਰਾਂ ਲਈ ਵੈਂਟੀਲੇਟਰਾਂ ਦੀ ਮੰਗ ਕੀਤੀ ਤਾਂ ਟਰੰਪ ਨੇ ਟਕੇ ਵਰਗਾ ਜਵਾਬ ਦੇ ਦਿੱਤਾ। ਉਨਾਂ ਕਿਹਾ ਕਿ ਮੈਂ ਸਾਰਾ ਦੇਸ਼ ਵੇਖਣਾ ਹੈ, ਗਵਰਨਰ ਆਪਣੀਆਂ ਲੋੜਾਂ ਆਪ ਪੂਰੀਆਂ ਕਰੇ। ਇਵੇਂ ਹੀ ਦੇਸ਼ ਦੇ ਦੂਸਰੇ ਰਾਜਾਂ ਦੇ ਡੈਮੋਕ੍ਰੇਟ ਗਵਰਨਰ ਫੈਡਰਲ ਸਰਕਾਰ ਅਤੇ ਰਾਸ਼ਟਰਪਤੀ ਵੱਲੋਂ ਸਹਿਯੋਗ ਨਾ ਕਰਨ ਕਰ ਕੇ ਉਨਾਂ ਦੀ ਆਲੋਚਨਾ ਕਰ ਰਹੇ ਹਨ। ਨਿਊਯਾਰਕ ਟਾਈਮਜ਼ ਅਨੁਸਾਰ ਟਰੰਪ ਪ੍ਰਸ਼ਾਸਨ ਦੀ ਕੋਵਿਡ-19 ਪ੍ਰਤੀ ਬੇਧਿਆਨੀ ਅਤੇ ਬਦਇੰਤਜ਼ਾਮੀ ਲਈ ਡੈਮੋਕ੍ਰੇਟ ਜਾਂਚ ਕਮਿਸ਼ਨ ਦੀ ਮੰਗ ਕਰ ਰਹੇ ਹਨ। ਸੰਨ 2018 ਦੀਆਂ ਪ੍ਰਤੀਨਿਧ ਸਦਨ ਸਬੰਧੀ ਮੱਧਕਾਲੀ ਚੋਣਾਂ 'ਚ ਡੈਮੋਕ੍ਰੇਟਾਂ ਨੇ ਕੈਨੇਡਾ ਦੇ ਸਿਹਤ ਸਿਸਟਮ ਦੀ ਸ਼ਲਾਘਾ ਕਰਦਿਆਂ ਅਮਰੀਕਾ ਅੰਦਰ ਐਸੇ ਸਿਸਟਮ ਨੂੰ ਲਾਗੂ ਕਰਨ ਦਾ ਮੁੱਦਾ ਉਠਾਇਆ ਸੀ। ਇਸੇ ਲਈ ਇਸ ਸਦਨ ਵਿਚ ਉਨਾਂ ਬਹੁਮਤ ਹਾਸਲ ਕਰ ਲਿਆ ਸੀ। ਬਰਨੀ ਸੈਂਡਰਜ਼ ਤਾਂ ਇਸ ਮੁੱਦੇ ਨੂੰ ਹਮੇਸ਼ਾ ਮਹੱਤਤਾ ਦਿੰਦੇ ਹਨ। ਡੈਮੋਕ੍ਰੇਟਿਕ ਪਾਰਟੀ ਦਾ ਰਾਸ਼ਟਰਪਤੀ ਅਹੁਦੇ ਦਾ ਮੋਹਰੀ ਉਮੀਦਵਾਰ ਜੋਅ ਬੇਡਨ ਵੀ ਕੈਨੇਡੀਅਨ ਸਿਹਤ ਸਿਸਟਮ ਦਾ ਦੀਵਾਨਾ ਹੈ ਅਤੇ ਹਮੇਸ਼ਾ ਉਸ ਦੀ ਸ਼ਲਾਘਾ ਕਰਦਾ ਹੈ।

**ਦਰਬਾਰਾ ਸਿੰਘ ਕਾਹਲੋਂ**

## ਸਤਿੰਦਰ ਸਰਤਾਜ ਵੱਲੋਂ ਗਾਏ...

ਡਾ: ਸਰਤਾਜ਼ ਨੇ ਜਿਥੇ ਫ਼ਾਰਸੀ ਭਾਸ਼ਾ ਦੇ ਨਿਯਮ ਅਨੁਸਾਰ ਦਰੁਸਤ ਲਿਖਿਆ ਹੈ ਅਤੇ ਦਰੁਸਤ ਉਚਾਰਣ ਕੀਤਾ ਹੈ ਉਥੇ ਨਾਲ ਹੀ ਯਕੀਂ ਸ਼ਬਦ ਲਈ ਸਭ ਤੋਂ ਵਧੀਆ ਉਚਾਰਣ ਸੇਧ ਦਿੱਤੀ ਹੈ। ਅਕਸਰ ਅਸੀਂ ਯਕੀਨ ਸ਼ਬਦ ਨੂੰ ਯਕੀਂ ਲਿਖਦੇ ਹਾਂ ਅਤੇ ਕਈ ਫ਼ਾਰਸੀ ਸ਼ਬਦਾਂ ਨੂੰ ਬਿੰਦੀ ਅਤੇ ਕੰਨਾ ਲਗਾ ਕੇ ਕੰਮ ਸਾਰਦੇ ਹਾਂ ਜਿਵੇਂ, ਕਮਾਂ, ਜਵਾਂ, ਮਿਆਂ ਅਤੇ ਰਵਾਂ ਆਦਿਕ ਪਰ ਡਾ: ਸਰਤਾਜ਼ ਨੇ ਯਕੀਨ ਦਾ ਸ਼ੁੱਧ ਉਚਾਰਣ ਦਰਸਾਉਂਦਿਆਂ ਯ ਤੋਂ ਬਾਅਦ ਕ ਹੇਠਾਂ ਬਿੰਦੀ ਅਤੇ ਨ ਨੂੰ ਤਸ਼ਦੀਦ ਵਰਤ ਕੇ ਬਹੁਤ ਹੀ ਸੁੰਦਰ ਅਤੇ ਦਰੁਸਤ ਉਚਾਰਣ ਸੇਧ ਦਿੱਤੀ ਹੈ।

(ਹ)

ਮੁਹੱਮਦ ਸ਼ਬਦ ਨਾਲ ਨੂਨ ਦੀ ਵਰਤੋਂ ਬਾਰੇ:- ਜ਼ਫ਼ਰਨਾਮਾਹ ਦੇ ਬਹੁਤ ਸਾਰੇ ਫ਼ਾਰਸੀ ਅਤੇ ਗੁਰਮੁਖੀ ਖਰੜਿਆਂ ਵਿੱਚ ਇਹ ਸ਼ੇਅਰ ਇੰਜ ਮਿਲਦਾ ਹੈ,

ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ ॥
ਨ ਸਾਹਿਬ ਸ਼ਨਾਸੀ ਨਾ ਮੁਹਮਦ ਯਕੀਂ ॥

ਫ਼ਾਰਸੀ ਦੇ ਬਹੁਤ ਸਾਰੇ ਖਰੜਿਆਂ ਵਿੱਚ ਮੁਹੱਮਦ ਤੋਂ ਪਹਿਲਾਂ ਨੂਨ ਸ਼ਬਦ ਦੀ ਵਰਤੋਂ ਹੈ ਅਤੇ ਕੁਝ ਵਿੱਚ ਨਹੀਂ ਹੈ। ਸ: ਨਿਰੰਜਣ ਸਿੰਘ ਨੂਰ ਨੇ ਆਪਣੇ ਅਨੁਵਾਦ ਵਿੱਚ ਜਿਸ ਖਰੜੇ ਨੂੰ ਆਧਾਰ ਬਣਾਇਆ ਹੈ ਉਸ ਵਿੱਚ ਮੁਹੱਮਦ ਤੋਂ ਪਹਿਲਾਂ ਨੂਨ ਸ਼ਬਦ ਨਹੀਂ ਹੈ ਪਰ ਇਸਦੇ ਉਚਾਰਣ ਹੋਣ ਜਾਂ ਨਾ ਹੋਣ ਨਾਲ ਇਸ ਦੇ ਅਰਥਾਂ ਉਪਰ ਕੋਈ ਨਾਂਹਵਾਚਕ ਪ੍ਰਭਾਵ ਨਹੀਂ ਪੈਂਦਾ ਹੈ ਅਤੇ ਵਿਆਖਿਆ ਵਿੱਚ ਇਸ ਦੇ ਅਰਥ ਸਪੱਸ਼ਟ ਹਨ ਪਰ ਗਾਇਨ ਦੇ ਉਚਾਰਣ ਵਿੱਚ ਸ਼ਬਦੀ ਤਵਾਜ਼ਨ ਬਰਕਰਾਰ ਰੱਖਣ ਲਈ ਇਸ ਨੂੰ ਨਾਂ ਵੀ ਉਚਾਰਿਆ ਜਾਵੇ ਤਾਂ ਅਰਥਾਂ ਉਪਰ ਕੋਈ ਅਸਰ ਨਹੀਂ ਪੈਂਦਾ।

ਦੋ ਖਰੜੇ ਇਸ ਦੇ ਸਬੂਤ ਵਜੋਂ ਨਾਲ ਹਨ;

੧:-ਜ਼ਫ਼ਰਨਾਮਾ ਅਨੁਵਾਦ ਨਿਰੰਜਣ ਸਿੰਘ ਨੂਰ

੨: ਬਿਜਲਈ ਮਾਧਿਅਮਾਂ ਉਪਰ ਉਪਲਬਧ ਖਰੜਾ

ਦੋ ਵਾਰੀ ਨੂਨ ਸ਼ਬਦ ਦੇ ਨਾ ਉਚਾਰਣ ਦੀਆਂ ਕਈ ਹੋਰ ਸਰੋਤਾਂ ਵਿੱਚ ਤਸ਼ਬੀਹਾਂ ਮੌਜੂਦ ਹਨ ਜੀ।

(ਕ)

### ਪੀਰ ਮੋਰੋ ਸ਼ਬਦ ਦੀ ਵਰਤੋਂ:

ਹਮ ਅਜ਼ ਪੀਰ ਮੋਰੋ ਹਮ ਅਜ਼ ਪੀਲ ਤਨ ॥
ਕਿ ਆਜਿਜ਼ ਨਵਾਜ਼ ਅਸਤ ਗ਼ਾਫ਼ਿਲ ਸ਼ਿਕਨ ॥(੭੩) (ਸ ਅੱਖਰ ਹੇਠ ਨੁਕਤਾ ਹੈ)

ਡਾ: ਸਰਤਾਜ ਵਲੋਂ ਗਾਇਨ ਕੀਤੇ ਗਏ ਪਾਠ ਵਿੱਚ ਇਕ ਹੋਰ ਮੁੱਖ ਨੁਕਤਾ ਉਠਾਇਆ ਗਿਆ ਹੈ ਕਿ ਡਾ: ਸਰਤਾਜ਼ ਨੇ ਉਚਾਰਣ ਅਤੇ ਲਿਖਤ ਵਿੱਚ ਪੱਰਿ ਮੋਰੋ ਸ਼ਬਦ ਦਾ ਉਚਾਰਣ ਪੀਰ ਮੋਰੋ ਕਰਕੇ ਗੁਰੂ ਸਾਹਿਬ ਦੀ ਰਚਨਾ ਦੀ ਬੇਅਦਬੀ ਕੀਤੀ ਹੈ ਅਤੇ ਇਸ ਦੀ ਤਸ਼ਬੀਹ ਲਈ ਚੌਪਈ ਸਾਹਿਬ ਦਾ ਹਵਾਲਾ ਦਿੱਤਾ ਗਿਆ ਹੈ। ਆਪ ਜੀ ਦੇ ਹੁਕਮ ਉਪਰ ਮੇਰਾ ਇੰਦਰਾਜ਼ ਹੈ ਕਿ ਪੱਰਿ ਮੋਰੋ ਸ਼ਬਦ ਦੀ ਵਰਤੋਂ ਵੀ ਅਸ਼ੁੱਧ ਰੂਪ ਵਿੱਚ ਸ: ਪਿਆਰਾ ਸਿੰਘ ਪਦਮ ਨੇ ਕੀਤੀ ਹੈ ਅਤੇ ਇਸ ਦੀ ਵਰਤੋਂ ਕਰਨੀ ਮੂਲ ਪਾਠ ਪ੍ਰਤੀ ਸਭ ਤੋਂ ਵੱਡੀ ਹਿਮਾਕਤ ਹੈ।

ਹੁਣ ਤੱਕ ਸਾਡੇ ਕੋਲ ਅਤੇ ਦਾਸ ਦੇ ਨਿਜੀ ਕਿਤਾਬਘਰ ਵਿੱਚ ਜ਼ਫ਼ਰਨਾਮਾਹ ਦੇ ਜਿੰਨੇ ਵੀ ਖਰੜੇ, ਟੀਕੇ, ਕਾਵਿ ਸ਼ੈਲੀ ਦੇ ਸਰੋਤ ਮੌਜੂਦ ਹਨ ਉਹਨਾਂ ਸਾਰਿਆਂ ਵਿੱਚ ਹੀ ਪੀਰ ਮੋਰੋ ਸ਼ਬਦ ਦੀ ਵਰਤੋਂ ਹੋਈ ਹੈ ਅਤੇ ਸ: ਪਦਮ ਸਾਹਿਬ ਦੀ ਅਸ਼ੁੱਧੀ ਨੂੰ ਆਧਾਰ ਬਣਾ ਕੇ ਬੇਲੋੜਾ ਵਿਵਾਦ ਖੜਾ ਕਰਕੇ ਸੰਗਤਾਂ ਵਿੱਚ ਭੰਬਲਭੂਸਾ ਖੜਾ ਕੀਤਾ ਜਾ ਰਿਹਾ ਹੈ। ਹੇਠ ਲਿਖੇ ਖਰੜਿਆਂ ਵਿੱਚ ਪੀਰ ਮੋਰੋ ਸ਼ਬਦ ਦੀ ਵਰਤੋਂ ਹੈ ਅਤੇ ਭੇਦ ਕੇਵਲ ਇੰਨਾ ਕੁ ਹੈ ਕਿ ਕੁਝ ਵਿੱਚ ਪੀਰ ਮੋਰੋ ਅਤੇ ਕੁਝ ਵਿੱਚ ਪੀਰ ਓ ਮੋਰ ਓ ਸ਼ਬਦ ਵਰਤਿਆ ਗਿਆ ਹੈ ਅਤੇ ਉਚਾਰਣ ਇਕ ਹੀ ਹੈ।

### ਹਵਾਲੇ:

੧:-ਹੱਥ ਲਿਖਤ ਫ਼ਾਰਸੀ ਸਰੋਤ
੨:-ਪੱਥਰ ਛਾਪੇ ਦਾ ਫ਼ਾਰਸੀ ਖਰੜਾ
੩:- ਨਾਨਕ ਚੰਦ ਨਾਜ਼ ਦਾ ਉਰਦੂ ਤਰਜ਼ਮਾ
੪:-ਹੱਥ ਲਿਖਤ ਸਰੂਪ ਸ੍ਰੀ ਹਜ਼ੂਰ ਸਾਹਿਬ
੫:-ਹੱਥ ਲ਼ਿਖਤ ਉਤਾਰਾ ਭਾਈ ਮਨੀ ਸਿੰਘ ਦੀ ਲਿਖਤ ਦਾ
੬:-ਹੱਥ ਲਿਖਤ ਖਰੜਾ ਦਸਮ ਗ੍ਰੰਥ
੭:-ਟੀਕਾ ਦਸਮ ਗ੍ਰੰਥ -ਰਤਨ ਸਿੰਘ ਜੱਗੀ
੮:-ਵਿਆਖਿਆ ਵਿਦਿਆ ਮਾਰਤੰਡ ਗਿ: ਨਰੈਣ ਸਿੰਘ ਮੁਜੰਗਾਂ ਵਾਲੇ
੯:-ਨਿਰੰਜਣ ਸਿੰਘ ਨੂਰ
੧੦:-ਬਿਜਲਈ ਮਾਧਿਅਮ ਉਪਰ ਮੌਜੂਦ ਅਨੁਵਾਦ
੧੧:-ਵਿਆਖਿਆ ਸਿੱਖ ਮਿਸ਼ਨਰੀ ਕਾਲਜ

ਫ਼ਾਰਸੀ ਅਤੇ ਗੁਰਮੁਖੀ ਦੇ ਬਹੁਤ ਸਾਰੇ ਖਰੜਿਆਂ ਵਿੱਚ ਸ਼ੁਧ ਪਾਠ ਪੀਲਤਨ ਹੈ ਅਤੇ ਉਹੀ ਡਾ: ਸਰਤਾਜ਼ ਨੇ ਉਚਾਰਣ ਕੀਤਾ ਹੈ ਅਤੇ ਲਿਖਤ ਵਿੱਚ ਵਰਤਿਆ ਹੈ । ਕੇਵਲ ਨਵੀਨ ਖਰੜਿਆਂ ਵਿੱਚ ਫੀਲਤਨ ਸ਼ਬਦ ਵਰਤਿਆ ਗਿਆ ਹੈ। ਅਨੁਵਾਦ ਵੀ ਦੋ ਰੂਪਾਂ ਵਿੱਚ ਹਨ, ਪੀਰ ਸ਼ਬਦ ਬੁੱਢੀ ਕਮਜ਼ੋਰ ਕੀੜੀ ਦੇ ਰੂਪ ਵਿੱਚ ਵੀ ਮਿਲਦਾ ਹੈ ਅਤੇ ਬੱਚੇ ਤੋਂ ਬੁੱਢਾ ਅਤੇ ਕੀੜੀ ਤੋਂ ਹਾਥੀ ਵੀ ਮਿਲਦਾ ਹੈ। ਡਾ: ਸਰਤਾਜ਼ ਦਾ ਉਚਾਰਣ ਅਤੇ ਲਿਖਤ ਦਰੁਸਤ ਹੈ ਪੁਰਾਤਨ ਖਰੜਿਆਂ ਅਨੁਸਾਰ।

(ਖ)

### ਆਹਰਮਨਾਂ ਸ਼ਬਦ ਦੀ ਵਰਤੋ:

ਸ਼ੇਅਰ:-
ਚਿਹ ਖ਼ੁਸ਼-ਗੁਫ਼ਤ ਫ਼ਿਰਦੌਸੀਏ ਖ਼ੁਸ਼ ਜ਼ਬਾਨ ॥(ਨ ਤਸ਼ਦੀਦ ਯੁਕਤ)
ਸ਼ਿਤਾਬੀ ਬਵਦ ਕਾਰੇ ਐਹਰਮਨਾਨ॥(ਨ ਤਸ਼ਦੀਦ ਯੁਕਤ)

ਇਸ ਉਪਰ ਵੀ ਇਤਰਾਜ਼ ਜਤਾਇਆ ਗਿਆ ਕਿ ਡਾ: ਸਰਤਾਜ ਨੇ ਐਹਰਮਨਾਨ (ਨ ਤਸ਼ਦੀਦ ਯੁਕਤ) ਸ਼ਬਦ ਦੀ ਵਰਤੋਂ ਅਤੇ ਉਚਾਰਣ ਗ਼ਲਤ ਕੀਤਾ ਜੈ ਜਦੋਂ ਕਿ ਫ਼ਾਰਸੀ ਦੇ ਮੂਲ ਸਰੋਤਾਂ ਵਿੱਚ ਇਹ ਸ਼ਬਦ ਪੂਰੇ ਨੂਨ ਨਾਲ ਇਸੇ ਤਰਾਂ ਹੀ ਹੈ, ਹਵਾਲੇ ਲਈ ਦੋਖਰੜੇ ਨਾਲ ਹਨ ।

੧:-ਪੱਥਰ ਛਾਪੇ ਦਾ ਫ਼ਾਰਸੀ ਖਰੜਾ
੨:- ਨਾਨਕ ਚੰਦ ਨਾਜ਼ ਦਾ ਤਰਜ਼ਮਾ

ਇਸ ਤੋਂ ਬਾਅਦ ਫ਼ਾਰਸੀ ਲਿਖਤ ਵਿੱਚ ਡਾ. ਗੁਰਦੇਵ ਸਿੰਘ ਨੇ ਆਪਣੇ ਅਨੁਵਾਦ ਵਿੱਚ ਅੱਧੇ ਨੂਨ ਦੀ ਵਰਤੋਂ ਕੀਤੀ ਹੈ ਜਿਸ ਦਾ ਹਵਾਲਾ ਨਾਲ ਹੈ। ਪੰਜਾਬੀ ਦੇ ਬਹੁਤ ਸਾਰੇ ਅਨੁਵਾਦਾਂ ਅਤੇ ਖਰੜਿਆ ਵਿੱਚ ਆਹਰਮਨ, ਅਹਿਰਮਨਾ, ਆਹਿਰਮਨਾ ਅਤੇ ਆਹਰਮਨਾਂ ਸ਼ਬਦਾ ਦੀ ਵਰਤੋਂ ਹੋਈ ਹੈ ਜਿਸ ਦੇ ਸਬੂਤ ਨਾਲ ਹਨ। ਡਾ. ਸਰਤਾਜ ਨੇ ਇਸ ਦੇ ਉਚਾਰਣ ਅਤੇ ਲਿਖਤ ਦਾ ਆਧਾਰ ਫ਼ਾਰਸੀ ਸਰੋਤ ਬਣਾ ਕੇ ਨ ਅੱਖਰ ਨਾਲ ਤਸ਼ਦੀਦ ਵਰਤ ਕੇ ਤਸਗ਼ੀਰ (ਅੱਧਾ) ਕੀਤਾ ਹੈ ਅਤੇ ਬਹੁਤ ਹੀ ਵਧੀਆਂ ਉਚਾਰਣ ਸੇਧ ਹੈ ਜੋ ਕਿ ਮੂਲ ਖਰੜਿਆਂ ਅਤੇ ਸ਼ੁੱਧ ਲਿਖਤਾਂ ਦੇ ਅਨੁਕੂਲ ਹੈ।

(ਗ)

### ਜਨ ਸਪੁਰਦ:

ਬਸੇ ਹਮਲਹ ਕਰਦੰਦ ਬਸੇ ਜ਼ਖ਼ਮ ਖ਼ੁਰਦ॥ (ਹ ਤਸ਼ਦੀਦ ਯੁਕਤ)
ਦੁਕਸ ਰਾ ਬਜਨ ਕੁਸ਼ਤੋ ਜਨ ਹਮ ਸਪੁਰਦ॥ (ਕ ਪੈਰ ਬਿੰਦੀ ਨਾਲ਼)

ਇਸ ਬਾਰੇ ਇਤਰਾਜ਼ ਹੈ ਕਿ ਜਨ ਸ਼ਬਦ ਦਾ ਅਰਥ ਔਰਤ ਬਣਦਾ ਹੈ ਅਤੇ ਅਰਥਾਂ ਦੇ ਅਨਰਥ ਹੁੰਦੇ ਹਨ ਪਰ ਇਸ ਸ਼ਬਦ ਦਾ ਅਰਥ ਔਰਤ ਤਾਂ ਬਣਦਾ ਸੀ ਜੇ ਡਾ. ਸਰਤਾਜ ਨੇ ਜ਼ ਜਾਂ ਜ਼ੋਏ ਲਈ ਜ਼ਫ਼ਰਨਾਮਾਹ ਵਾਲਾ ਜ ਵਰਤਿਆ ਹੁੰਦਾ। ਇੰਨਾ ਜ਼ਰੂਰ ਹੈ ਕਿ ਸ਼ਾਇਦ ਲਿਖਤ ਦੌਰਾਨ ਨ ਸ਼ਬਦ ਨੂੰ ਤਸ਼ਦੀਦ ਨਹੀਂ ਲੱਗ ਸਕੀ ਪਰ ਇਸ ਨਾਲ ਅਰਥਾਂ ਦੇ ਅਨਰਥ ਨਹੀਂ ਹੁੰਦੇ ਕਿਉਂ ਕਿ ਉਚਾਰਣ ਬਿਲਕੁਲ ਦਰੁਸਤ ਜਾਂ ਕੀਤਾ ਹੈ ਅਤੇ ਅਰਥ ਵੀ ਬਿਲਕੁਲ ਦਰੁਸਤ ਲਿਖੇ ਹਨ।

ਵੈਸੇ ਫ਼ਾਰਸੀ ਦੇ ਨੁਸਖਿਆਂ ਵਿੱਚ ਜ਼ੋਏ ਅਲਫ਼ ਅਤੇ ਨੂਨ ਪੂਰੇ ਦੀ ਵਰਤੋਂ ਵੀ ਹੋਈ ਅਤੇ ਅੱਧੇ ਨੂਨ ਦੀ ਵਰਤੋਂ ਵੀ ਹੋਈ ਹੈ। ਦੋਵਾਂ ਹੀ ਫ਼ਾਰਸੀ ਲਿਖਤਾਂ ਦੇ ਪ੍ਰਮਾਣ ਨਾਲ ਹਨ। ਬਹੁਤ ਸਾਰੇ ਖਰੜਿਆਂ ਵਿੱਚ ਇਸ ਬਾਰੇ ਵੀ ਭੇਦ ਹੈ। ਕੁਝ ਗੁਰਮੁੱਖੀ ਲਿਖਤਾਂ ਵਿੱਚ ਜਾਂ ਹਮਸਪੁਰਦ ਹੈ ਅਤੇ ਕੁਝ ਵਿੱਚ ਹਮ ਜਾਂ ਸਪੁਰਦ ਹੈ ਪਰ ਅਰਥ ਸਾਰਿਆਂ ਦੇ ਹੀ ਸ਼ੁੱਧ ਭਾਵਨਾ ਅਨੁਸਾਰ ਹਨ। ਸੋ ਇਸ ਨੁਖਸੇ ਉਪਰ ਆਪ ਜੀ ਡਾ: ਸਰਤਾਜ਼ ਨੂੰ ਹਿਦਾਇਤ ਦੇ ਸਕਦੇ ਹੋ ਕਿ ਉਹ ਲਿਖਤ ਵਿਚਲੀ ਗ਼ਲਤੀ ਨੂੰ ਦਰੁਸਤ ਕਰ ਲੈਣ ਉਚਾਰਣ ਉਹਨਾਂ ਦਾ ਫ਼ਾਰਸੀ ਬੋਲੀ ਅਨੁਸਾਰ ਬਿਲਕੁਲ ਦਰੁਸਤ ਹੈ।

ਇਸੇ ਤਰਾਂ ਹੀ ਔਰੰਗਜ਼ੇਬ ਸ਼ਬਦ ਦੇ ਸ਼ਬਦਜੋੜ ਬਾਰੇ ਹੈ ਤਾਂ ਉਹ ਵੀ ਅਨੇਕਾਂ ਖਰੜਿਆਂ ਵਿੱਚ ਅਨੇਕਾਂ ਭੇਦਾਂ ਵਿੱਚ ਮਿਲਦਾ ਹੈ ਜਿਵੇਂ ਅਉਰੰਗ ਜੇਬ, ਅਉਰੰਗਜ਼ੇਬ, ਅਤੇ ਔਰੰਗਜ਼ੇਬ ਪਰ ਡਾ: ਸਰਤਾਜ਼ ਨੇ ਉਚਾਰਣ ਅਤੇ ਲਿਖਤ ਵਿੱਚ ਔਉਰੰਗਜ਼ੇਬ ਵਰਤਿਆ ਹੈ ਜੋ ਕਿ ਉਚਾਰਣ ਸੇਧ ਵਿੱਚ ਕੋਈ ਤਰੁੱਟੀ ਨਹੀਂ ਪੈਦਾ ਕਰਦਾ ਹੈ।

### ਵਰਤੇ ਗਏ ਸਰੋਤਾਂ ਦੀ ਸੂਚੀ:

੧:-ਹੱਥ ਲਿਖਤ ਉਤਾਰਾ ਦਸਮ ਗ੍ਰੰਥ
੨:-ਸ੍ਰੀ ਹਜ਼ੂਰ ਸਾਹਿਬ ਵਾਲੀ ਦਸਮ ਗ੍ਰੰਥ ਦੀ ਬੀੜ( ਮੰਨੀ ਜਾਂਦੀ ਹੈ)
੩:-ਹੱਥ ਲਿਖਤ ਉਤਾਰਾ ਜ਼ਫ਼ਰਨਾਮਾਹ ਫ਼ਾਰਸੀ
੪:-ਪੱਥਰਛਾਪਾ ਖਰੜਾ ਜ਼ਫ਼ਰਨਾਮਾਹ ਫ਼ਾਰਸੀ
੫:-ਹੱਥ ਲਿਖਤ ਦਾ ਉਤਾਰਾ ਜ਼ਫ਼ਰਨਾਮਾਹ ਗੁਰਮੁੱਖੀ
੫:- ਜ਼ਫ਼ਰਨਮਾਹ ਦਾ ਉਰਦੂ ਤਰਜ਼ਮਾ ਨਾਨਕ ਚੰਦ ਨਾਜ਼
੬:-ਦਸਮ ਗ੍ਰੰਥ ਦਾ ਟੀਕਾ-ਰਤਨ ਸਿੰਘ ਜੱਗੀ
੭:- ਜ਼ਫ਼ਰਨਾਮਾਹ ਸਟੀਕ ਗਿ: ਅਮੀਰ ਸਿੰਘ
੮:- ਜ਼ਫ਼ਰਨਾਮਾਹ ਸਟੀਕ ਵਿਦਿਆ ਮਾਰਤੰਡ ਗਿ: ਨਰੈਣ ਸਿੰਘ
੯:- ਜ਼ਫ਼ਰਨਾਮਾਹ ਅਨੁਵਾਦ ਪਿਆਰਾ ਸਿੰਘ ਪਦਮ
੧੦:- ਜ਼ਫ਼ਰਨਾਮਾਹ ਅਨੁਵਾਦ ਨਿਰੰਜਣ ਸਿੰਘ ਨੂਰ
੧੧:-ਦਸਵੇਂ ਪਾਤਸ਼ਾਹ ਦਾ ਗ੍ਰੰਥ (ਸ਼੍ਰੋ:ਗੁ:ਪ੍ਰ: ਕਮੇਟੀ )
੧੨:- ਜ਼ਫ਼ਰਨਾਮਾਹ ਅਨੁਵਾਦ ਭਾਸ਼ਾ ਵਿਭਾਗ
੧੩:- ਜ਼ਫ਼ਰਨਾਮਾਹ ਅਨੁਵਾਦ ਡਾ:ਗੁਰਦੇਵ ਸਿੰਘ ਪੰਦੋਹਲ
੧੪:- ਜ਼ਫ਼ਰਨਾਮਾਹ ਪਾਠ ਤੇ ਪ੍ਰਸੰਗ ਭਗਵੰਤ ਸਿੰਘ ਕੈਲੋਂ
੧੫:- ਜ਼ਫ਼ਰਨਾਮਾਹ ਹਿੰਦੀ ਅਨੁਵਾਦ ਧਰਮਿੰਦਰ ਨਾਥ
੧੬:- ਜ਼ਫ਼ਰਨਾਮਾਹ ਦੀ ਪੜਤਾਲ ਨਿਸ਼ਾਨ ਸਿੰਘ ਜੌਹਲ
੧੭:- ਜ਼ਫ਼ਰਨਾਮਾਹ ਗੁਰਬਚਨ ਸਿੰਘ ਮਸਕੀਨ
੧੮:- ਜ਼ਫ਼ਰਨਾਮਾਹ ਜਿੱਤ ਦਾ ਪ੍ਰਚੰਡ ਰੂਪ - ਤਾਰਿਕ ਕਿਫਾਇਤਉਲਾ
੧੯:- ਜ਼ਫ਼ਰਨਾਮਾਹ ਸਟੀਕ -ਸਿੱਖ ਮਿਸ਼ਨਰੀ ਕਾਲਜ
੨੦:-ਮਹਾਨ ਕੋਸ਼-ਭਾਈ ਕਾਹਨ ਸਿੰਘ ਨਾਭਾ

ਇਸ ਸਾਰੇ ਵਿਸ਼ੇ ਦੀ ਘੋਖਵੀਂ ਪੜਤਾਲ ਉਪਰੰਤ ਮੇਰੀ ਰਾਏ ਹੈ ਕਿ ਡਾ: ਸਰਤਾਜ ਵਲੋਂ ਗਾਇਨ ਕੀਤਾ ਗਿਆ ਜ਼ਫ਼ਰਨਾਮਾਹ ਗਾਇਨ ਅਤੇ ਲੇਖਣੀ ਪੱਖ ਤੋਂ ਮੂਲ ਖਰੜਿਆਂ ਅਤੇ ਪ੍ਰਵਾਨਿਤ ਟੀਕਿਆਂ, ਸਟੀਕਾਂ ਅਤੇ ਅਨੁਵਾਦਾਂ ਦੇ ਬਹੁਤ ਕਰੀਬ ਹੈ। ਜੇ ਹੋ ਸਕੇ ਤਾਂ ਇਸ ਨੂੰ ਹੋਰ ਡੂੰਘੇਰੀ ਸੋਧ ਉਪਰੰਤ ਪ੍ਰਕਾਸ਼ਿਤ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਹੋਣੇ ਚਾਹੀਦੇ ਹਨ ਤਾਂ ਜੋ ਅਗਲੇਰੀ ਪੀੜੀ ਇਸ ਤੋਂ ਲਾਹਾ ਲੈ ਸਕੇ।

ਸੋ ਆਪ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਂਚ ਪੜਤਾਲ ਦੌਰਾਨ ਮੈਨੂੰ ਕੋਈ ਤਰੁੱਟੀ ਨਜ਼ਰ ਨਹੀਂ ਆਈ ਅਤੇ ਸ਼ਿਕਾਇਤ ਕਰਤਾਵਾਂ ਦੀ ਸ਼ਿਕਾਇਤ ਦਾ ਕੋਈ ਆਧਾਰ ਨਹੀਂ।

ਇਸ ਸੰਬੰਧੀ ਡਾ: ਸਤਿੰਦਰ ਸਿੰਘ ਸਰਤਾਜ ਵਲੋਂ ਭੇਜੀ ਆਪਣੀ ਪੱਤਰਕਾ ਵੀ ਨਾਲ ਹੈ ਜੀ।

**ਗੁਰੂ ਪੰਥ ਦਾ ਦਾਸ**

## ਚੇਤਿਆਂ ਚ ਵਸਿਆ ਮੰਟੋ

ਗਿਆ ਹ ਤੇ 'ਉਹ' ਹੁਣ ਪਾਕਿਸਤਾਨ ਵਿੱਚ ਹੈ ਤਾਂ ਉਹ ਸਭ ਵੱਲ ਬੜੀ ਹੈਰਾਨੀ ਦੇਖਦਾ ਆਖਦਾ ਹੈ, "ਪਾਕਿਸਤਾਨ ? ਯੇ ਮੁਲਕ ਹੈ ਕੋਈ ਖੇਤ ਕਾ ਟੁਕੜਾ ਨਹੀਂ ਜੋ ਕਭੀ ਭੀ ਬਟ ਜਾਏਗਾ।"

ਕਹਾਣੀ ਟੋਬਾ ਟੇਕ ਸਿੰਘ ਦੇ ਪਾਤਰਾਂ ਦੇ ਮਨਾਂ ਵਿੱਚ ਵੀ ਇਹ ਮਗਦਾ ਸਵਾਲ ਹੈ। ਉਨਾਂ ਨੂੰ ਵੀ ਇਹ ਪਤਾ ਨਹੀਂ ਲੱਗ ਰਿਹਾ ਕਿ ਉਹ ਕਿਸ ਦੇਸ ਦੇ ਵਾਸੀ ਹਨ। ਕਹਾਣੀ ਚ ਇਹ ਪ੍ਰਸਨ ਵਾਰ-ਵਾਰ ਉੱਠਦਾ ਹੈ ਕਿ ਜੋ ਇਲਾਕਾ ਹਿੰਦੋਸਤਾਨ ਦਾ ਹਿੱਸਾ ਸੀ ਅੱਜ ਰਾਤੋ ਰਾਤ ਪਾਕਿਸਤਾਨ ਚ ਕਿਵੇਂ ਚਲਾ ਗਿਆ ? ਪਾਠਕਾਂ ਦੇ ਮਨਾਂ ਵਿੱਚ 'ਪਾਗਲ ਕੌਣ' ਦਾ ਵਿਚਾਰ ਉਪਜਦਾ ਹੈ।

ਫਿਲਮ ਵਿੱਚ ਨਾਇਕ ਸੰਨੀ ਦਿਓਲ ਦੇ ਮੁੱਖੋਂ 'ਹਿੰਦੋਸਤਾਨ ਜ਼ਿੰਦਾਬਾਦ' ਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਸੁਣਾਈ ਦਿੰਦੇ ਹਨ। ਇਹ ਡਾਇਲਾਗ ਇੰਨੇ ਜਿਆਦਾ ਮਕਬੂਲ ਹੋਏ ਕਿ ਵਿਆਹ ਸ਼ਾਦੀ ਦੇ ਮੌਕੇ ਮੈਰਿਜ਼ ਪੈਲਿਸਾਂ ਚ ਆਰਕੈਸਟਰਾ ਵਾਲੇ ਕਿਸੇ ਗੀਤ ਦੀ ਕੋਰੀਓਗ੍ਰਾਫੀ ਕਰਨ ਤੋਂ ਪਹਿਲਾਂ ਸਟੇਜ ਬੋਲਦੇ ਸਨ। ਭਾਵੇਂ ਇਹ ਨਾਅਰੇ ਮੰਟੋ ਦੀ ਕਹਾਣੀ ਦਾ ਸਿੱਧਾ ਪ੍ਰਭਾਵ ਨਹੀ ਪ੍ਰਗਟ ਕਰਦ ਪਰੇ 'ਸ਼ਬਦੀ' ਤੌਰ ਤੇ ਦੇਖੀਏ ਤਾਂ ਕਹਾਣੀ 'ਚ ਇੱਕ ਪਾਤਰ 'ਪਾਕਿਸਤਾਨ ਜ਼ਿੰਦਾਬਾਦ' ਨਾਅਰਾ ਲਾਕੇ ਬੇਹੋਸ਼ ਹੋ ਜਾਂਦਾ ਹੈ। ਸਾਅਦਤ ਹਸਨ ਮੰਟੋ ਨੇ ਸਾਹਿਤ ਦੇ ਖੇਤਰ 'ਚ ਅਜਿਹੀਆਂ ਡੂੰਗੀਆਂ ਪੈੜਾਂ ਕੀਤੀਆਂ ਹਨ ਜੋ ਵਾਰ-ਵਾਰ ਸਾਡੇ ਅਫਸਾਨਾਨਿਗਾਰਾਂ ਨੂੰ ਸਮੇਂ ਦੀਆਂ ਚੁਣੌਤੀਆਂ ਨੂੰ ਕਬੂਲ ਕਰਨ ਲਈ ਪ੍ਰੇਰਦੀਆਂ ਰਹਿਣਗੀਆਂ ਤੇ ਵਾਰ-ਵਾਰ ਸਮੇਂ ਦੇ ਸੱਚ ਨੂੰ ਲੋਕਾਂ ਅੱਗੇ ਰੱਖਣ ਲਈ ਉਕਸਾਉਂਦੀਆਂ ਰਹਿਣਗੀਆਂ।

## ਕੈਪਟਨ ਸਰਕਾਰ ਮਨੁੱਖੀ...

10-10 ਸਾਲ ਸਜ਼ਾ ਤਾ ਹੋਈ, ਮਨ ਨੂੰ ਥੋੜਾ ਸ਼ਕੂਨ ਹੋਇਆ, ਇਸੇ ਸਮੇਂ ਦੌਰਾਨ ਪੁਲੀਸ ਨੇ ਸਾਡੇ ਪਰਿਵਾਰ ਉੱਤੇ ਝੂਠਾ ਕਤਲ ਦਾ ਕੇਸ ਵੀ ਦਰਜ ਕਰਵਾ ਦਿੱਤਾ ਸੀ, ਤਾਂ ਕਿ ਅਸੀਂ ਪੁਲਿਸ ਨਾਲ ਫੈਸਲਾ ਕਰ ਲਈਏ,ਪਰ ਮੌਕੇ ਦੀ ਅਦਾਲਤ ਨੇ ਸਾਨੂੰ ਇਨਸਾਫ ਦਿੱਤਾ ਕਿਉਂਕਿ ਕੇਸ ਝੂਠਾ ਸੀ ਉਹ ਬਰੀ ਹੋ ਗਿਆ। ਸਾਰੇ ਮੁਜਰਮ ਸਜਾ ਕੱਟ ਰਹੇ ਸਨ, ਪਰ ਕੈਪਟਨ ਸਰਕਾਰ ਨੇ ਗੁਰੂ ਨਾਨਕ ਸਾਹਿਬ ਜੀ ਦੇ 550 ਵੇ ਪੂਰਬ ਤੇ ਪੁਲਸ ਦੀ ਸਜ਼ਾ ਮੁਆਫੀ ਲਈ ਗਵਰਨਰ ਨੂੰ ਪੱਤਰ ਲਿਖੀਆ ਸੀ ਜੋ ਰੋਲ ਘਚੋਲੇ ਵਿੱਚ ਪਾ ਦਿੱਤਾ ਸੀ ਹੁਣ ਜਦੋਂ ਸਜਾ ਮੁਆਫੀ ਦੀ ਵਾਇਰਲ ਚਿੱਠੀ ਮੈਨੂੰ ਮਿਲੀ ਤਾਂ ਮੈਂ ਝੱਟ ਸੁਪਰਡੈਂਟ ਪਟਿਆਲਾ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਸਾਡੇ ਪਾਸ ਕੋਈ ਅਜਿਹੀ ਜਾਣਕਾਰੀ ਨਹੀਂ ਹੈ। ਜਗਰੂਪ ਸਿੰਘ ਨੇ ਸਰਕਾਰ ਦੇ ਦੂਹਰੇ ਮਾਪਦੰਡ ਦੀ ਗੱਲ ਕਰਦਿਆਂ ਕਿਹਾ ਕਿ ਸਜ਼ਾ ਮੁਆਫੀ ਦੇ ਸਬੰਧ ਵਿੱਚ ਗਵਰਨਰ ਸਾਹਿਬ ਸੁਪਰੀਮ ਕੋਰਟ ਦੀਆ ਹਿਦਾਇਤਾਂ ਦਾ ਪਾਲਣ ਕਰਦੇ ਹੋਏ ਸਾਨੂੰ ਵੀ ਸ਼ਾਮਿਲ ਕਰਨਾ ਸੀ ਸਜ਼ਾ ਮੁਆਫੀ ਵੇਲੇ, ਸਾਨੂੰ ਕਿਉ ਕੋਈ ਜਾਣਕਾਰੀ ਨਹੀਂ ਦਿੱਤੀ ਗਈ, ਕਿਉਂਕਿ ਸਰਕਾਰ ਨੇ ਗੁਪਤ ਤਰੀਕੇ ਨਾਲ ਹੀ ਪੁਲਸ ਨੂੰ ਬਾਹਰ ਕੱਢਣ ਦਾ ਸੋਚ ਰੱਖਿਆ ਸੀ। ਉਨਾ ਕਿਹਾ ਕਿ ਸਾਰੇ ਸੰਸਾਰ ਵਿੱਚ ਫੈਲੀ ਮਾਹਵਾਰੀ ਕਾਰਨ ਲਾਕਡਾਊਨ ਕੀਤਾ ਹੋਇਆ ਹੈ ਜਿਸ ਕਾਰਨ ਅਸੀਂ ਘਰੋਂ ਤੋਂ ਬਾਹਰ ਨਹੀਂ ਜਾ ਸਕਦੇ ਫਿਰ ਪੁਲਿਸ ਨੂੰ ਕਿਵੇ ਖੁੱਲ ਹੈ ਕਿ ਉਹ ਸਜਾ ਮੁਆਫੀ ਦਾ ਸਾਰਾ ਪ੍ਰਸੀਜਰ ਫਿਰ ਕੇ ਗਵਰਨਰ ਤੱਕ ਚੁੱਪ ਚੁਪੀਤੇ ਸਜਾ ਮੁਆਫ ਕਰਵਾ ਲਈ। ਉਨਾਂ ਕੈਪਟਨ ਅਮਰਿੰਦਰ ਸਿੰਘ ਤੇ ਪੂਰਾ ਗਿਲਾ ਕਰਦਿਆਂ ਕਰਦਿਆਂ ਕਿਹਾ ਕਿ ਮੇਰਾ ਭਰਾ ਸਿਰਫ ਇੱਕ ਲੱਖ ਰੁਪਏ ਪਿੱਛੇ ਮਾਰ ਦਿੱਤਾ ਜਿਸਦੇ ਛੋਟੇ ਛੋਟੇ ਤਿੰਨ ਬੱਚੇ ਹਨ, ਤੁਸੀਂ ਇਹਨਾ ਬੁੱਚੜਾ ਲਈ ਮੁਆਫੀ ਦੀ ਸਿਫਾਰਸ਼ ਕਿਸ ਆਧਾਰ ਉੱਪਰ ਕੀਤੀ ਜ਼ਰੂਰ ਦੱਸਣਾ। ਉਨਾਂ ਕਿਹਾ ਕਿ ਅਸੀਂ ਇਨਸਾਫ ਸੀਬੀਆਈ, ਵਿਜੀਲੈਂਸ, ਹਾਈਕੋਰਟ ਆਦਿਕ ਤੋਂ ਦਹਾਕਿਆਂ ਬੱਧੀ ਸਰੀਰਕ, ਮਾਨਸਿਕ ਤਸੀਹੇ ਝੱਲ ਕੇ ਲਿਆ ਸੀ ਜਿਹੜਾ ਤੁਸੀਂ 550 ਸਾਲਾਂ ਦੀ ਆੜ ਵਿੱਚ ਗਲਤ ਸਿਫਾਰਸ਼ ਕਰਕੇ ਸਾਡੀਆਂ ਆਸਾ 'ਤੇ ਪਾਣੀ ਫੇਰਿਆ ਹੈ। ਉਨਾਂ ਕਿਹਾ ਕਿ ਬੀਤੇ ਦਿਨੀਂ ਪੁਲਸ ਦਾ ਹੱਥ ਵੱਢਿਆ ਜਾਂਦਾ ਹੈ ਅਫਸੋਸ ਵਾਲੀ ਗੱਲ ਹੈ, ਪਰ ਤੁਸੀਂ ਘੰਟਿਆਂ ਵਿੱਚ ਦੋਸ਼ੀ ਫੜ ਕੇਸ ਹੀ ਨਹੀਂ ਪਾਏ ਸਗੋਂ ਮੁਆਵਜ਼ਾ ਰਾਸ਼ੀ ਵੱਖਰੀ ਦਿੱਤੀ ਹੈ। ਇੱਧਰ 25-30 ਸਾਲਾਂ ਵਿੱਚ ਮਰ ਮਰ ਕੇ ਮਿਲਿਆ ਇਨਸਾਫ ਵੀ ਖੋਹ ਲਿਆ ਹੈ। ਇਹ ਕਿੱਥੋਂ ਦਾ ਕਾਨੂੰਨ ਹੈ। ਅਖੀਰ ਉਨਾਂ ਕਿਹਾ ਕਿ ਅਸੀਂ ਜਲਦ ਹੀ ਅੱਗੇ ਸੁਪਰੀਮ ਕੋਰਟ ਜਾਵਾਂਗੇ। ਉਨਾ ਕਿਹਾ ਕਿ ਸਾਨੂੰ ਪੁਲੀਸ ਧੱਕੇ ਨਾਲ ਕਰੋਨਾ ਪੀੜਤ ਵੀ ਬਣਾ ਸਕਦੀ ਹੈ। ਸੋ ਸਰਕਾਰ ਦੀ ਏਸ ਧੱਕੇਸ਼ਾਹੀ ਬਾਰੇ ਦੇਸ ਵਿਦੇਸ਼ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਸ਼ੰਘਰਸਸੀਲ ਜੱਥੇਬੰਦੀਆਂ ਨੂੰ ਇਸ ਗੱਲ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ,ਕਿਉਂਕਿ ਸਰਕਾਰ ਇੱਕ ਪਾਸੇ ਸਿੱਖਾਂ ਦੇ ਕਾਤਲਾਂ ਦੀ ਸਜ਼ਾ ਮੁਆਫ ਕਰ ਰਹੀ ਹੈ, ਦੂਜੇ ਪਾਸੇ ਆਪਣੀਆ ਸਜਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਸਿੱਖ ਕੈਦੀ 25-30 ਸਾਲਾਂ ਤੋਂ ਜੇਲਾਂ ਵਿੱਚ ਸੜ ਰਹੇ ਹਨ ਇਹ ਸਾਰਾ ਵਿਸ਼ਾ ਕੌਮੀ ਧਿਆਨ ਦੀ ਮੰਗ ਕਰਦਾ ਹੈ। ਜਿਕਰਯੋਗ ਹੈ ਕਿ ਉਕਤ ਤੋਂ ਬਿਨਾ ਵੀ ਵਿਰਕ ਸਮੇਤ ਪੰਜ ਮੁਲਾਜਮਾ ਉੱਤੇ ਬੰਗਾਲ ਵਿੱਚ ਬਸੀਰ ਮੁਹੰਮਦ ਭੰਮੇ ਕਲਾਂ ਦੀ ਪਤਨੀ ਅਤੇ ਛੋਟੇ ਬੱਚੇ ਦੇ ਝੂਠੇ ਪੁਲਿਸ ਮੁਕਾਬਲੇ ਦਾ ਕੇਸ ਦਰਜ ਹੋਇਆ ਸੀ, ਉਸ ਵਕਤ ਜੋਤੀ ਬਾਸੂ ਦੀ ਸਰਕਾਰ ਸੀ ਤਾਂ ਇਹਨਾ ਪੰਜਾ ਨੂੰ ਉੱਥੇ ਹੀ ਅਰੈਸਟ ਕਰ ਲਿਆ ਸੀ ਉਸ ਕੇਸ ਵਿੱਚ ਵੀ ਸਜ਼ਾ ਹੋਈ ਸੀ ਬਾਅਦ ਵਿੱਚ ਰਾਸ਼ਟਰਪਤੀ ਦੁਆਰਾ ਉਸ ਕੇਸ ਦੀ ਸਜਾ ਵੀ ਮੁਆਫ ਕਰਵਾ ਲਈ ਗਈ ਸੀ। ਸੋ ਅਜਿਹੇ ਹੋਰ ਬਹੁਤ ਪੁਲਿਸ ਅਫ਼ਸਰ ਹਨ ਜਿੰਨਾਂ ਨੇ ਸਿੱਖ ਨੌਜਵਾਨੀ ਦਾ ਰੱਜ ਕੇ ਘਾਣ ਕੀਤਾ ਹੈ।

## ਪੰਜਾਬ ਦੇ ਸਿਆਸਤਦਾਨੋ...

ਪਰ ਹੁਣ ਜਿਸ ਤਰਾਂ ਹਜ਼ੂਰ ਸਾਹਿਬ ਵਿਚ ਫਸੇ ਯਾਤਰੀਆਂ ਨੂੰ ਲਿਆਂਦਾ ਗਿਆ ਅਤੇ ਜਿਸ ਤਰਾਂ ਉਨਾਂ ਨੂੰ ਵੱਖ-ਵੱਖ ਥਾਵਾਂ 'ਤੇ ਸਕੂਲਾਂ, ਕਾਲਜਾਂ ਅਤੇ ਇਕ ਡੇਰੇ ਨਾਲ ਸਬੰਧਿਤ ਧਾਰਮਿਕ ਸਥਾਨਾਂ 'ਤੇ ਰੱਖਿਆ ਗਿਆ ਅਤੇ ਜਿਸ ਤਰਾਂ ਉਨਾਂ ਸਭ ਥਾਵਾਂ ਤੋਂ ਰਹਿਣ-ਸਹਿਣ ਦੀਆਂ ਬੁਨਿਆਦੀ ਸਹੂਲਤਾਂ ਦੀ ਘਾਟ ਦੀਆਂ ਖ਼ਬਰਾਂ ਸਾਹਮਣੇ ਆਈਆਂ ਅਤੇ ਜਿਸ ਤਰਾਂ ਇਨਾਂ ਵਿਅਕਤੀਆਂ ਦੇ ਟੈਸਟਾਂ ਦੀਆਂ ਬੇਹੱਦ ਦੇਰੀ ਨਾਲ ਰਿਪੋਰਟਾਂ ਆਈਆਂ, ਉਸ ਨੇ ਇਹ ਸਪੱਸ਼ਟ ਰੂਪ ਵਿਚ ਸਾਹਮਣੇ ਲਿਆਂਦਾ ਹੈ ਕਿ ਕੋਰੋਨਾ ਵਾਇਰਸ ਦੇ ਖਿਲਾਫ਼ ਲੜਨ ਲਈ ਪੰਜਾਬ ਸਰਕਾਰ ਅਤੇ ਇਸ ਦੇ ਸਿਹਤ ਅਮਲੇ ਕੋਲ ਅਜੇ ਵੀ ਢੁਕਵੀਂ ਸਮਝ ਤੇ ਰਣਨੀਤੀ ਦੀ ਕਮੀ ਹੈ। ਦੁਆਬੇ ਵਿਚ ਅਜੇ ਤੱਕ ਵੀ ਟੈਸਟਿੰਗ ਲੈਬਾਰਟੀ ਨਹੀਂ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਉਜਾਗਰ ਹੋਈ ਹੈ ਕਿ ਰਾਜ ਦੀਆਂ ਵਿਰੋਧੀ ਪਾਰਟੀਆਂ ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਆਦਿ ਵੀ ਸਰਕਾਰ ਦੀ ਉਸਾਰੂ ਆਲੋਚਨਾ ਕਰਨ ਅਤੇ ਉਸ ਨੂੰ ਸਾਰਥਿਕ ਸੁਝਾਅ ਦੇਣ ਦੀ ਥਾਂ ਆਪਣੀ ਵੋਟ ਰਾਜਨੀਤੀ ਨੂੰ ਹੀ ਅੱਗੇ ਵਧਾਉਂਦੀਆਂ ਨਜ਼ਰ ਆ ਰਹੀਆਂ ਹਨ। ਅਸੀਂ ਸਮਝਦੇ ਹਾਂ ਕਿ ਹਜ਼ੂਰ ਸਾਹਿਬ ਵਿਚ ਫਸੇ ਹੋਏ ਯਾਤਰੀਆਂ ਨੂੰ ਵਾਪਸ ਲਿਆਉਣਾ ਤਾਂ ਕੋਈ ਗ਼ਲਤ ਗੱਲ ਨਹੀਂ ਸੀ ਪਰ ਜਿਸ ਤਰਾਂ ਉਨਾਂ ਨੂੰ ਵਾਪਸ ਲਿਆਉਣ ਸਬੰਧੀ ਕਾਂਗਰਸ ਤੇ ਅਕਾਲੀ ਦਲ ਨੇ ਬਿਆਨਬਾਜ਼ੀ ਕਰ ਕੇ ਹੋਛੀ ਕਿਸਮ ਦੀ ਰਾਜਨੀਤੀ ਦਾ ਪ੍ਰਗਟਾਵਾ ਕੀਤਾ ਅਤੇ ਜਿਸ ਤਰਾਂ ਇਕ-ਦੂਜੇ ਨੂੰ ਪਿੱਛੇ ਛੱਡਣ ਲਈ ਕਾਹਲੀ-ਕਾਹਲੀ ਵਿਚ ਯਾਤਰੀਆਂ ਨੂੰ ਵਾਪਸ ਲਿਆ ਕੇ ਆਪਣੇ ਸਿਰ ਸਿਹਰਾ ਬੰਨਣ ਦੀਆਂ ਕੋਸ਼ਿਸ਼ਾਂ ਹੋਈਆਂ, ਉਸ ਨੇ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਪਿਛਲੇ ਇਕ ਮਹੀਨੇ ਤੋਂ ਕੀਤੀਆਂ ਗਈਆਂ ਸਾਰੀਆਂ ਪੇਸ਼ਬੰਦੀਆਂ ਦੀਆਂ ਧੱਜੀਆਂ ਉਡਾ ਦਿੱਤੀਆਂ। ਲੋੜ ਇਸ ਗੱਲ ਦੀ ਸੀ ਕਿ ਪੰਜਾਬ ਸਰਕਾਰ ਨੇ ਜਦੋਂ ਯਾਤਰੀਆਂ ਨੂੰ ਲਿਆਉਣ ਲਈ 80 ਬੱਸਾਂ ਭੇਜੀਆਂ ਸਨ ਤਾਂ ਇਨਾਂ ਬੱਸਾਂ ਦੇ ਨਾਲ ਹੀ ਪੰਜਾਬ ਦੇ ਘੱਟੋ-ਘੱਟ 4-5 ਸੀਨੀਅਰ ਸਿਹਤ ਮਾਹਿਰ ਅਤੇ ਅਧਿਕਾਰੀ ਉਥੇ ਜਾਂਦੇ ਅਤੇ ਸਾਰੇ ਸ਼ਰਧਾਲੂਆਂ ਦੇ ਟੈਸਟ ਕਰਵਾਏ ਜਾਂਦੇ ਅਤੇ ਟੈਸਟ ਕਰਵਾ ਕੇ ਜਿਨਾਂ ਸ਼ਰਧਾਲੂਆਂ ਦੀਆਂ ਰਿਪੋਰਟਾਂ ਨੈਗੇਟਿਵ ਆਉਂਦੀਆਂ, ਉਨਾਂ ਨੂੰ ਵੱਖਰੀਆਂ ਬੱਸਾਂ ਵਿਚ ਬਿਠਾਇਆ ਜਾਂਦਾ ਅਤੇ ਜਿਨਾਂ ਸ਼ਰਧਾਲੂਆਂ ਦੀਆਂ ਰਿਪੋਰਟਾਂ ਪਾਜ਼ੀਟਿਵ ਆਉਂਦੀਆਂ, ਉਨਾਂ ਦਾ ਉਥੇ ਇਲਾਜ ਕਰਵਾਇਆ ਜਾਂਦਾ ਅਤੇ ਉਨਾਂ ਨੂੰ ਬਾਅਦ ਵਿਚ ਲਿਆਉਣ ਦੇ ਪ੍ਰਬੰਧ ਕੀਤੇ ਜਾਂਦੇ ਜਾਂ ਜੇਕਰ ਅਜਿਹੇ ਪਾਜ਼ੀਟਿਵ ਕੇਸਾਂ ਵਾਲੇ ਮਰੀਜ਼ਾਂ ਨੂੰ ਵੀ ਲਿਆਉਣਾ ਸੀ ਤਾਂ ਉਨਾਂ ਲਈ ਵੱਖਰੇ ਵਾਹਨਾਂ ਦਾ ਪ੍ਰਬੰਧ ਕਰ ਕੇ ਉਨਾਂ ਨੂੰ ਮਰੀਜ਼ਾਂ ਵਾਲੇ ਪ੍ਰੋਟੋਕੋਲ ਦੇ ਮੁਤਾਬਿਕ ਵਾਪਸ ਲਿਆਉਣਾ ਚਾਹੀਦਾ ਸੀ। ਇਸ ਦੇ ਨਾਲ ਹੀ ਮਹਾਰਾਸ਼ਟਰ ਤੇ ਗੁਜਰਾਤ ਦੀਆਂ ਕੱਪੜਾ ਮਿੱਲਾਂ ਵਿਚ ਕੰਮ ਕਰਦੇ ਅਤੇ ਕੰਬਾਈਨਾਂ ਨਾਲ ਗਏ ਪੰਜਾਬੀ ਮਜ਼ਦੂਰਾਂ ਦੇ ਹਜ਼ੂਰ ਸਾਹਿਬ ਦੇ ਯਾਤਰੂਆਂ ਵਿਚ ਹੀ ਰਲ ਕੇ ਬਿਨਾਂ ਜਾਂਚ-ਪੜਤਾਲ ਤੋਂ ਪੰਜਾਬ ਆਉਣ ਨੇ ਮਾਮਲੇ ਨੂੰ ਹੋਰ ਵੀ ਉਲਝਾ ਦਿੱਤਾ ਹੈ। ਇਸ ਸਬੰਧੀ ਵੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ। ਇਹ ਵੀ ਇਕ ਵੱਡੀ ਅਣਗਹਿਲੀ ਹੋਈ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com